# ਚਿਰਾਗ

ਅਕਤੂਬਰ-ਦਸੰਬਰ 2007

**October -December 2007**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਇਰਾਕ ਵਿੱਚ ਅਮਰੀਕੀ ਸੈਨਿਕ

ਮੁੱਲ : 15 ਰੁਪਏ

62

ਅਕਤੂਬਰ ਦਸੰਬਰ -2007

# ਚਿਰਾ.ਗ ਤਿਮਾਹੀ

ਜੁਲਾਈ-ਸਤੰਬਰ 2007

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ,ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ


| | |
|---|---|
| ✦ ਸੰਪਾਦਕੀ ਟਿੱਪਣੀ | ਸਾਹਿਤ ਤੇ ਰਾਜਨੀਤੀ |
| ✦ ਇਸ ਵਾਰ ਦਾ ਕਵੀ | ਨਵਤੇਜ ਗੜ੍ਹਦੀਵਾਲਾ ਦੀਆਂ ਚਾਰ ਕਵਿਤਾਵਾਂ |
| ✦ ਨਜ਼ਮਾਂ | ਗੁਰਦਿਆਲ ਪੱਲ੍ਹਾ, ਹਰਮੀਤ ਵਿਦਿਆਰਥੀ (ਦੋ ਨਜ਼ਮਾਂ) |
| ✦ ਵਾਹਗਿਓਂ ਪਾਰ | ਸੂਹੇ ਦੀ ਕਹਾਣੀ (ਪੰਜਾਬੀ ਕਹਾਣੀ), ਮੀਰ ਤਨਹਾ ਯੂਸ.ਫੀ, ਗੁਲਾਮ ਮੁਸਤ.ਫਾ ਬਿਸਮਿਲ (ਦੋ .ਗਜ਼ਲਾਂ) ਏਕ ਥਾ ਬਾਦਸ਼ਾਹ (ਅੱਬਾਸ ਅਤਹਾਰ) |
| ✦ ਪੰਜਾਬੀ .ਗਜ਼ਲਾਂ | ਜਗਤਾਰ ਸਾਲਮ, ਦਾਦਰ ਪੰਡੋਰਵੀ (ਪ੍ਰਫੁੱਲ ਕੁਮਾਰ ਪ੍ਰਵੇਜ਼) ਹਿੰਦੀ .ਗਜ਼ਲ |
| ✦ ਰੇਖਾ ਚਿੱਤਰ | ਦਰਦ ਦੀ ਦਾਸਤਾਨ - ਫਰੀਦਾ ਕਾਹਲੋਂ (ਹਰਭਜਨ ਸਿੰਘ ਹੁੰਦਲ) |
| ✦ ਵਿਸ਼ਵ ਕਵਿਤਾ | ਇਰਾਕੀ ਕਵਿੱਤਰੀ - ਦੂਨੀਆ ਮੀਖਾਇਲ ਦੀਆਂ ਤਿੰਨ ਕਵਿਤਾਵਾਂ, ਕਿਊਬਾ ਦੀ ਕਵਿਤਾ (ਨਿਕੋਲਸ ਗੁਈਲੇਨ) |
| ✦ ਵਿਸ਼ੇਸ਼ ਲੇਖ | ਪੰਜਾਬ ਦੀ ਧਰਤੀ (ਅ.ਫਜ਼ਲ ਤੌਸੀ.ਫ) |
| ✦ ਲੰਬੀ ਚੀਨੀ ਕਹਾਣੀ | ਘਰ ਗ੍ਰਹਿਣੀ (ਵਾਂਗ ਰੁਨਚੀ) |
| ✦ ਮੁਲਾਂਕਣ | ਆਖਾਂ ਜੀਵਾਂ (ਡਾ. ਬਲਜਿੰਦਰ ਪਾਲ) |
| ✦ ਸੰਪਾਦਕੀ ਟਿੱਪਣੀ ਦਾ ਅਸਰ | ●●● |
| ✦ ਪੰਜਾਬ ਦੀ ਅੰਗ੍ਰੇਜ਼ੀ ਕਵਿਤਾ | ਸ੍ਰੀਮਤੀ ਅਚਲਾ ਭਾਟੀਆ |
| ✦ ਚਿਤਰਕਲਾ | ਭਾਰਤ ਦੀ ਕਲਾ ਦੇ ਝੁਕਾਅ (ਅੰਮ੍ਰਿਤਾ ਸ਼ੇਰਗਿੱਲ) |
| ✦ ਪੁਸਤਕ ਪੜਚੋਲ | ਵੰਡ ਦੇ ਅੱਲੇ ਜ਼ਖ਼ਮ (ਹ. ਸ. ਹ.) ਜਦ ਜ਼ਖ਼ਮ ਦਵਾਤ ਬਣੇ (ਸੁਲੱਖਣ ਸਰਹੱਦੀ) |
| ✦ ਪੁਸਤਕ ਪ੍ਰਾਪਤੀ | ●●● |


Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188

| ਚੰਦਿਆਂ ਦਾ ਵੇਰਵਾ | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਅਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾ.ਗ ਦੇ ਨਾਂ ਭੇਜੇ ਜਾਣ।

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਅਕਤੂਬਰ 2007



## ਸਾਹਿਤ ਤੇ ਰਾਜਨੀਤੀ

ਇੰਨਾ ਕਹਿਣਾ ਹੀ ਕਾ.ਫੀ ਨਹੀਂ ਕਿ ਸਾਹਿਤ ਸ਼ਬਦਾਂ ਦੀ ਕਲਾ ਹੈ, ਜਾਂ ਇਹ ਸੁਹਜਮਈ ਕਲਾ ਹੈ। ਸਾਹਿਤ ਵਰਗਾਂ ਦੀ ਵਿਚਾਰਧਾਰਾ ਲੈ ਕੇ ਵੀ ਆਉਂਦਾ ਹੈ। ਵਰਗਾਂ ਦੀ ਆਪਣੀ ਰਾਜਨੀਤੀ ਹੁੰਦੀ ਹੈ। ਵਰਗ ਸੱਤਾਧਾਰੀ ਵੀ ਹੋ ਸਕਦਾ ਹੈ ਤੇ ਸੱਤਾ ਵਿਰੋਧੀ ਵੀ। ਇਉਂ ਸਾਹਿਤ ਤੇ ਰਾਜਨੀਤੀ ਇੱਕ ਦੂਜੇ ਵਿਚ ਇਕਮਿਕ ਹੁੰਦੇ ਹਨ। ਕਿੱਥੇ ਸਾਹਿਤ ਰਾਜਨੀਤਿਕ ਨਹੀਂ ਹੁੰਦਾ ਇਸਦੀ ਕੋਈ ਸੀਮਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਆਲੋਚਕ ਨੂੰ ਸਮਝ ਹੋਣੀ ਚਾਹੀਦੀ ਹੈ ਕਿ ਉੱਤਰ ਆਧੁਨਿਕ ਸਥਿਤੀ ਮਲਟੀਨੈਸ਼ਨਲ ਪੂੰਜੀਵਾਦ ਦੀ ਸਥਿਤੀ ਹੈ ਅਤੇ ਉੱਤਰਆਧੁਨਿਕਤਾਵਾਦ ਇਸੇ ਸਥਿਤੀ ਦੀ ਪੈਦਾਵਾਰ ਹੈ। ਇਉਂ ਉੱਤਰਆਧੁਨਿਕਤਾਵਾਦ ਮਲਟੀ ਨੈਸ਼ਨਲ ਪੂੰਜੀਵਾਦ ਦੀ ਰਾਜਨੀਤੀ ਦਾ ਹਿੱਸਾ ਹੈ। ਇਸ ਲਈ ਇਹ ਕਹਿਣਾ ਕਿ ਉੱਤਰਆਧੁਨਿਕ ਕਵੀ 'ਅਸਿਆਸੀ' ਹੈ ਮੂਰਖਤਾ ਵਾਲੀ ਗੱਲ ਹੋਵੇਗੀ। ਅਸਲ ਵਿਚ ਸਾਨੂੰ ਇਹ ਸਮਝ ਨਹੀਂ ਹੁੰਦੀ ਕਿ ਅਸੀਂ ਕਿਸੇ ਦੇ ਹੱਕ 'ਚ ਬੋਲ ਰਹੇ ਹਾਂ ਕਿ ਵਿਰੋਧ ਵਿਚ, ਜਾਂ ਕਹੋ ਕਿ ਕਈ ਵਾਰ ਸਾਨੂੰ ਦੋਸਤ ਦੁਸ਼ਮਣ ਦੀ ਪਛਾਣ ਨਹੀਂ ਹੁੰਦੀ। ਇਸੇ ਲਈ ਸਾਨੂੰ ਵਿਸ਼ਵੀਕਰਣ ਦੇ ਬੁਲਾਰਿਆਂ ਵਾਂਗ 'ਵਿਸ਼ਵੀਕਰਣ ਸਰਬਸ਼ਕਤੀਮਾਨ ਪ੍ਰਕਿਰਿਆ' ਨਜ਼ਰ ਆਉਣ ਲੱਗਦੀ ਹੈ, ਜਦ ਕਿ ਡਾਇਆਲੈਕਟਿਕਸ ਦਾ ਨਿਯਮ ਹੈ ਕਿ ਵਿਸ਼ਵੀਕਰਣ ਦਾ ਵਿਰੋਧ ਇਸ ਵਿਚੋਂ ਪੈਦਾ ਹੋਣਾ ਹੈ ਤੇ ਇਸ ਦੀਆਂ ਆਪਣੀਆਂ ਅੰਤਰ ਵਿਰੋਧਤਾਈਆਂ ਨੇ ਵੀ ਇਸਨੂੰ ਨੁਕਸਾਨ ਪਹੁੰਚਾਉਣੇ ਹਨ। ਇਉਂ ਨਵੇਂ ਸਮਾਜ ਨੇ ਰੂਪ ਧਾਰਣ ਕਰਨਾ ਹੈ। ਵਿਸ਼ਵੀਕਰਣ ਨੇ ਹਰ ਚੀਜ਼ ਨੂੰ ਖੰਡਿਤ ਕਰਨਾ ਹੈ, ਮਹਾਂ ਬਿਰਤਾਂਤ ਨੂੰ ਵੀ। ਪਰ ਇਸਦਾ ਮਹਾਂਬਿਰਤਾਂਤ ਇਸਦੇ ਵਿਰੋਧੀਆਂ ਨੇ ਲਿਖਣਾ ਹੈ। ਨਾ ਦਰਸ਼ਨ ਦਾ ਅੰਤ ਹੋਣਾ ਹੈ ਤੇ ਨਾ ਇਤਿਹਾਸ ਦਾ। ਹਾਂ ਨਵ-ਸਾਮਰਾਜਵਾਦ ਤੇ ਉੱਤਰਆਧੁਨਿਕਤਾ ਦਾ ਅੰਤ ਵੀ ਪਹਿਲੇ ਪੜਾਵਾਂ ਵਾਂਗ ਨਿਸ਼ਚਿਤ ਹੈ। ਲੋਕਾਂ ਨੂੰ 'ਅਸਿਆਸੀ' ਬਣਾਉਣਾ ਨਵਸਾਮਰਾਜਵਾਦ ਦੀ ਸਿਆਸਤ ਹੈ, ਜਿਸਨੂੰ ਸਾਹਿਤਕਾਰ ਨਹੀਂ ਸਮਝੇਗਾ ਤਾਂ ਉਹ ਵੀ ਨਵਸਾਮਰਾਜਵਾਦ ਦੇ ਹੱਕ ਵਿਚ ਭੁਗਤਣ ਦੀ ਜਾਣੇ ਅਣਜਾਣੇ ਗਲਤੀ ਕਰੇਗਾ।

ਕਈ ਵਾਰੀ ਅਸੀਂ ਸਿਆਸਤ ਨੂੰ ਵੀ ਇਕ ਸਮੇਂ ਨਾਲ ਬੰਨ੍ਹ ਦਿੰਦੇ ਹਾਂ ਜਿਵੇਂ ਇਹ ਮੰਨਣਾ ਕਿ ਆਧੁਨਿਕਤਾ ਦੇ ਸਮੇਂ ਹੀ ਆਮ ਆਦਮੀ ਸਿਆਸਤ ਨਾਲ ਜੁੜਦਾ ਹੈ। ਕੀ ਕਬੀਲਾਈ ਸਮਾਜ ਦੀ ਕੋਈ ਸਿਆਸਤ ਨਹੀਂ ਸੀ? ਕੀ ਜਾਗੀਰਦਾਰੀ ਯੁੱਗ ਵਿਚ ਆਮ ਆਦਮੀ ਅਚੇਤ ਤੌਰ ਤੇ ਸਿਆਸਤ ਦਾ ਮੋਹਰਾ ਨਹੀਂ ਬਣਦਾ ਰਿਹਾ? ਜੇ ਹਾਂ ਤਾਂ ਪਹਿਲੀ ਧਾਰਣਾ ਗਲਤ ਸਿੱਧ ਹੋ ਜਾਂਦੀ ਹੈ। ਵਿਦਵਾਨ ਕਈ ਵਾਰੀ ਬੜੀ ਬਚਕਾਨਾ ਧਾਰਨਾਵਾਂ ਲੈ ਕੇ ਸਾਹਮਣੇ ਆਉਂਦੇ ਹਨ ਜਿਵੇਂ ਆਧੁਨਿਕ ਬੰਦਾ ਤਬਦੀਲ ਹੋਣ ਤੇ ਕਰਨ ਦੀ ਪ੍ਰਕਿਰਿਆ ਨੂੰ ਤਿਲਾਂਜਲੀ ਦੇ ਰਿਹਾ ਹੈ? ਸੱਚਮੁੱਚ ਹੀ? ਫਿਰ ਤਾਂ ਕੁਝ ਵੀ ਬਦਲਣਾ ਨਹੀਂ ਚਾਹੀਦਾ। ਪਰ ਫਿਰ ਵੀ ਗਿਣਾਤਮਕ ਪਰਿਵਰਤਨ ਹੋ ਰਹੇ ਹਨ, ਗੁਣਾਤਮਕ ਪਰਿਵਰਤਨ

ਇਨ੍ਹਾਂ ਵਿਚੋਂ ਹੀ ਸਾਹਮਣੇ ਆਉਣੇ ਹਨ।

ਅਜਿਹੇ ਇਹਨਾਂ ਟੁੱਟੇ ਹੋਏ, ਅੱਧੇ ਆਪਣੇ ਅੱਧੇ ਦੁਸ਼ਮਣ ਦੇ, ਵਿਚਾਰਧਾਰਕ ਸੰਦਾਂ ਨਾਲ ਸੋਚਣ ਦੇ ਤਰੀਕੇ ਹੀ ਬਦਲ ਜਾਂਦੇ ਹਨ। ਤੁਹਾਨੂੰ ਸਮਾਜਵਾਦ, ਪੂੰਜੀਪਤੀਆਂ ਤੋਂ ਬਗੈਰ ਪੂੰਜੀਵਾਦ ਲੱਗਣ ਲੱਗ ਪੈਂਦਾ ਹੈ। ਤੁਹਾਨੂੰ ਇਹ ਦਿਸਣੋਂ ਹੱਟ ਜਾਂਦਾ ਹੈ ਕਿ ਪੰਜਾਬੀ ਕੀ ਸੰਪ੍ਰਦਾਇਕਤਾ ਦੇ ਖਿਲਾਫ਼ ਲੜ ਵੀ ਰਹੇ ਹਨ ਕਿ ਨਹੀਂ? ਇਹ ਸੱਚ ਹੈ ਕਿ ਨਿਜੀ ਅਨੁਭਵ ਦੀ ਕਵਿਤਾ ਦੀ ਪ੍ਰਕਿਰਿਆ ਹੋਰ ਹੋਵੇਗੀ ਅਤੇ ਦੂਰੋਂ ਦੇਖੇ/ ਸੁਣੇ ਦਾ ਸੱਚ ਸਿਧਾਂਤਕ ਵਧੇਰੇ ਹੋਵੇਗਾ, ਪਰ ਪੰਜਾਬੀ ਕਵੀ ਸੰਪ੍ਰਦਾਇਕਤਾ ਨੂੰ ਪਹਿਚਾਣਦਾ ਨਹੀਂ, ਇਸਦੇ ਇਹ ਅਰਥ ਭੁਲੇਖਾ ਪਾਉਣ ਵਾਲੇ ਹਨ। ਕੋਈ ਕਵੀ ਲਾਊਡ ਹੋ ਸਕਦਾ ਹੈ, ਕੋਈ ਧੀਮਾ, ਕੋਈ ਕਵੀ ਹੋਵੇਗਾ, ਆਲੋਚਨਾਤਮਕ ਤੇ ਕੋਈ ਹੋਵੇਗਾ ਸੋਟਾ ਮਾਰ। ਪਰ ਸਾਰੇ ਕਈ ਇੱਕ ਸੱਚ ਨੂੰ ਪਛਾਨਣ ਦੇ ਆਹਰ ਵਿਚ ਹਨ। ਕਲਾਤਮਕ ਪਹਿਚਾਣ ਦੂਰ ਤੱਕ ਜਾਂਦੀ ਹੈ। ਕਈ ਵਾਰੀ ਪ੍ਰਗਤੀਵਾਦੀ ਕਵੀ ਨੂੰ ਪਾਰਟੀ ਦਾ ਪ੍ਰਤੀਨਿਧ ਸਮਝ ਲਿਆ ਜਾਂਦਾ ਹੈ। ਅਸਲ ਵਿਚ ਪ੍ਰਗਤੀਵਾਦੀ ਸਾਹਿਤਕਾਰ ਵਿਚਾਰਧਾਰਾ ਨਾਲ ਪ੍ਰਤਿਬੱਧ ਹੁੰਦਾ ਹੈ। ਪਾਰਟੀ ਦੀਆਂ ਰਣਨੀਤੀਆਂ ਬਦਲਦੀਆਂ ਰਹਿੰਦੀਆਂ ਹਨ ਪਰ ਕਵੀ / ਸਾਹਿਤਕਾਰ ਦਾ ਵਾਸਤਾ ਲੋਕਾਂ ਦੀ ਵਿਚਾਰਧਾਰਾ ਨਾਲ ਹੈ। ਇਸੇ ਦ੍ਰਿਸ਼ਟੀ ਤੋਂ ਸਮਾਜ ਨੂੰ ਦੇਖਣ ਪਰਖਣ ਦੇ ਨਵੇਂ ਪਾਸਾਰ ਸਾਹਮਣੇ ਆਉਂਦੇ ਰਹਿੰਦੇ ਹਨ। ਸਾਹਿਤਕਾਰ ਮੌਲਿਕ ਬਣਿਆ ਰਹਿੰਦਾ ਹੈ। ਮਕੈਨੀਕਲ ਸਾਹਿਤ ਸ਼ਾਇਦ ਬਹੁਤੀ ਦੂਰ ਨਹੀਂ ਨਿਭਦਾ। ਕਈ ਵਾਰੀ ਅਸੀਂ ਸਾਹਿਤਕਾਰ ਦੇ ਪਾਰਟੀ ਤੋਂ ਮੋਹ ਭੰਗ ਹੋਣ ਤੋਂ ਬਾਅਦ ਦੇ ਵਿਚਾਰਾਂ ਨੂੰ ਵਧੇਰੇ ਮਾਨਤਾ ਦਿੰਦੇ ਹਾਂ। ਪੰਜਾਬੀ ਵਿਚ ਪ੍ਰਗਤੀਵਾਦੀ ਵਿਰੋਧੀਆਂ ਨੇ ਅਜਿਹਾ ਹੀ ਕੀਤਾ ਹੈ ਜਦਕਿ ਸਾਹਿਤਕਾਰ ਮਨੁੱਖ ਵੀ ਹੈ। ਉਸ ਵਿਚ ਪਰਿਵਰਤਨ ਆਉਣੇ ਸੰਭਵ ਹਨ, ਸਾਹਿਤਕਾਰ ਨੂੰ ਸਮੁੱਚਤਾ ਵਿਚ ਦੇਖਣਾ ਜ਼ਰੂਰੀ ਹੈ, ਜਿਵੇਂ ਅੰਗਰੇਜ਼ੀ ਸਾਹਿਤਕਾਰਾਂ ਨੂੰ ਵਿਚਾਰਿਆ ਜਾਂਦਾ ਹੈ। ਮੋਹਭੰਗ ਹੋਣਾ ਰਾਜਨੀਤੀ ਦਾ ਤਿਆਗ ਨਹੀਂ ਹੁੰਦਾ ਅਤੇ ਭਵਨਾਂ ਦੀ ਉਸਾਰੀ ਸੱਤਾ ਵੱਲ ਸਦਾ ਭਾਈਵਾਲੀ ਨਹੀਂ ਹੁੰਦੀ। ਕਮਿਊਨਿਸਟ ਪਾਰਟੀ 'ਬਸਤੀਵਾਦ ਦਾ ਉਸਾਰ' ਨਹੀਂ ਹੁੰਦੀ, ਉਸਦਾ ਨੈਗੇਸ਼ਨ ਹੁੰਦੀ ਹੈ। ਜੇ ਇਹ ਨਹੀਂ ਸਮਝਿਆ ਜਾਂਦਾ ਤਾਂ ਭਗਤ ਸਿੰਘ ਦੀਆਂ ਲਿਖਤਾਂ ਵਿਚ ਵੀ ਖੋਟ ਦਿਖਾਈ ਦੇਣ ਲੱਗਦੇ ਹਨ ਅਤੇ ਸੱਤਾ ਦੀ ਵਿਚਾਰਧਾਰਾ ਨਾਲ ਗਲਵਕੜੀ ਪਾਉਣ ਨੂੰ ਆਦਰਸ਼ਿਆ ਕੇ ਪੇਸ਼ ਕੀਤਾ ਜਾ ਸਕਦਾ ਹੈ।

ਸੰਖੇਪ ਵਿਚ ਕਹੀਏ ਕਿ ਪ੍ਰਗਤੀਵਾਦੀ ਆਲੋਚਨਾ ਦੀ ਜ਼ਿੰਮੇਦਾਰੀ ਬੜੀ ਮਹੱਤਵਪੂਰਨ ਹੈ। ਉਨ੍ਹਾਂ ਨੂੰ ਵਿਚਾਰਧਾਰਾ ਦੀ ਸਮਝ ਚਾਹੀਦੀ ਹੈ। ਉਨ੍ਹਾਂ ਵਿਚ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਸਮਾਜ ਸਭਿਆਚਾਰ ਨੂੰ ਪਛਾਣ ਕਰਨ ਦੀ ਯੋਜਨਾ ਹੋਣੀ ਜ਼ਰੂਰੀ ਹੈ ਅਤੇ ਸੰਕੀਰਨ ਸੋਚ ਤੋਂ ਉੱਪਰ ਉੱਠਣ ਦੀ ਲੋੜ ਹੈ। ਨਹੀਂ ਤਾਂ ਦੁਸ਼ਮਣਾਂ ਦੇ ਹੱਥਾਂ ਵਿਚ ਖੇਡਣਾ, ਪ੍ਰਗਤੀਵਾਦੀ ਤਲਵਾਰ ਨਾਲ ਆਪਣਾ ਗਲਾ ਵੱਢਣਾ ਹੋਵੇਗਾ। ਸਮਕਾਲੀ ਸਾਹਿਤ ਦੀ ਪਛਾਣ ਕਰਨ ਲਈ ਸਾਡੀ ਆਲੋਚਨਾ ਦੇ ਸੰਦ ਹੋਰ ਵੀ ਤਿੱਖੇ ਹੋਣੇ ਜ਼ਰੂਰੀ ਹਨ ਤਾਂ ਹੀ ਅਸੀਂ ਰਾਜਨੀਤੀ ਅਤੇ ਸਾਹਿਤ ਬਾਰੇ ਅਤੇ ਇਨ੍ਹਾਂ ਦੇ ਰਿਸ਼ਤਿਆਂ ਬਾਰੇ ਕੁਝ ਸਾਰਥਕ ਅਤੇ ਮੌਲਿਕ ਕਹਿਣ ਦੇ ਯੋਗ ਹੋਵਾਂਗੇ।•

ਸੰਪਾਦਕੀ ਮੰਡਲ ਚਿਰਾਗ



<u>ਇਸ ਵਾਰ ਦਾ ਕਵੀ</u>

ਨਵਤੇਜ ਗੜ੍ਹਦੀਵਾਲਾ

## 1. ਮਾਂ ਦਾ ਕਿਹਾ

ਐਤਕੀਂ ਜੇਠ-ਹਾੜ੍ਹ
ਇਸ ਤਰ੍ਹਾਂ ਤਪੇ
ਜਿਵੇਂ ਕਿਸੇ ਬਾਲੀ ਹੋਵੇ ਅੱਗ
ਲੋਹ ਨੂੰ ਤਪਾਉਣ ਲਈ
ਚੌਂਕੜੀ ਮਾਰ ਬਿਠਾਉਣ ਲਈ
ਕਿਸੇ ਅਰਸ਼ੀ ਸਿਰ ਨੂੰ ਚੁੱਪ ਕਰਾਉਣ ਲਈ
ਸੱਚ ਦੀ ਵਾਰਤਾ ਦਾ ਭੋਗ ਪਾਉਣ ਲਈ।

ਨਿਮਾਣੀ 'ਧਰਤ ਮਹੱਤ'
ਸੂਰਜ ਦੀ ਵਾਧੂ ਅੱਗ ਨੂੰ
ਕਿਸਦੀ ਝੋਲੀ ਪਾਏ
ਤਪੀ ਜਾਏ ਤਪੀ ਜਾਏ
ਇਸ ਦੀ ਕੌਣ ਸੁਣਦਾ
ਇਹ ਆਪੇ ਖਪੀ ਜਾਏ
ਬਾਹਰ ਬੰਦੇ ਨੇ ਵੀ ਭੜਾਂਬੇ ਲਾਏ
ਬਸ ਉਹ ਤਾਂ ਚਾਹੇ ਆਪਣੀਆਂ
ਪੀੜ੍ਹੀਆਂ ਦੇ ਸਿਰ 'ਤੇ
ਮਾਇਆ ਦਾ ਸੰਘਣਾ
ਬਿਰਖ ਤਣ ਜਾਏ
ਉਸ ਦਾ ਆਪਣਾ ਸਿਰ ਭਾਵੇਂ
ਖਿੰਘਰ ਬਣ ਜਾਏ।
ਧਰਤੀ ਉੱਬਲ ਰਹੀ ਹੈ
ਬਰਫ਼ ਢਲ ਰਹੀ ਹੈ
ਬਾਹਰ ਨਿਕਲਣ ਨੂੰ
ਜੀ ਨਾ ਕਰਦਾ
ਅੰਦਰ ਵੀ
ਤਨ ਨਾ ਠਰਦਾ
ਇਉਂ ਜਾਪੇ
ਧਰਤੀ ਸੂਰਜ ਵਿਚਾਲੇ
ਅੰਤਰ ਘਟਦਾ ਜਾਏ
ਮਾਂ ਦਾ ਕਿਹਾ ਚੇਤੇ ਆਏ
ਕਿ ਪਾਪੀ ਦੌਰ ਵਿਚ
ਕੁੜੀਆਂ ਮੁੰਡੇ ਬਣਨਗੀਆਂ
ਬੰਦੇ ਦੀ ਛਾਤੀ ਵਿਚ ਦੁੱਧ ਉਤਰੇਗਾ।

ਧਰਤੀ ਤਪ ਕੇ
ਤਾਂਬੇ ਰੰਗੀ ਹੋ ਜਾਏਗੀ
ਸੂਰਜ ਦੀ ਗੋਦ ਵਿਚ ਸਮਾਏਗੀ
ਜ਼ਿੰਦਗੀ ਨਜ਼ਰ ਨਾ ਆਏਗੀ।

ਕਹਿੰਦੇ ਨੇ
ਮਾਂ ਵਾਕ ਸਿੱਧ ਸੀ
ਉਸਦਾ ਹਰ ਵਾਕ ਅਮੋੜ ਹੁੰਦਾ
ਮੈਨੂੰ ਤਾਂ ਬਸ ਏਹੋ ਡਰ ਖਾਏ
ਮਾਂ ਦਾ ਕਿਹਾ ਸੱਚ ਨਾ ਹੋ ਜਾਏ।

## 2. ਤੋਤੇ ਦਾ ਬੱਚਾ

ਤੁਸੀਂ ਤੋਤੇ ਦੀ ਬੇਰੀ 'ਤੇ
ਕਬਜ਼ਾ ਕਰ ਲਿਆ
ਅਣਖੀ ਤੋਤੇ ਨੇ ਆਪਣਾ ਸਿਰ
ਤਲੀ 'ਤੇ ਧਰ ਲਿਆ।

ਉਹ ਜਦੋਂ ਬੇਰੀ ਵੱਲ ਉੱਡਿਆ
ਤੁਸੀਂ ਉਸ ਦੇ ਪਰ ਮਰੋੜ ਦਿੱਤੇ
ਉਹ ਡਿਗਦਾ ਢਹਿੰਦਾ ਤੁਰਿਆ
ਤੁਸੀਂ ਉਸ ਦੇ ਪੈਰ ਤੋੜ ਦਿੱਤੇ
ਉਸ ਨੇ ਟੈਂ-ਟੈਂ ਕੀਤੀ ਜਦੋਂ
ਤੁਸੀਂ ਉਸਦੀ ਚੁੰਝ ਸੀਤੀ ਉਦੋਂ
ਉਸ ਦੀਆਂ ਅੱਖਾਂ ਨੇ ਕੁਝ
ਆਪਣੇ ਨਿੱਕੇ ਜਿਹੇ ਸਿਰ ਨੂੰ ਕਿਹਾ
ਤੁਸੀਂ ਅੱਖਾਂ ਵਿਚ ਮਿਰਚਾਂ ਭੁੱਕ ਦਿੱਤੀਆਂ
ਸਿਰ ਵਿਚ ਲੰਬੀ ਮੇਖ ਠੋਕ ਦਿੱਤੀ
ਉਸ ਦੀ ਹਰ ਹਿਲਜੁਲ ਰੋਕ ਦਿੱਤੀ।

ਤੁਸੀਂ ਤੋਤੇ ਨੂੰ ਬਾਗ਼ੀ ਕਿਹਾ
ਵਕਤ ਨੇ ਤੁਸਾਂ ਨੂੰ ਦਾਗ਼ੀ ਕਿਹਾ
ਹੁਣ ਤੁਸੀਂ ਤੋਤੇ ਦੇ ਬੱਚੇ ਨੂੰ
ਥਾਪੜ-ਥਾਪੜ ਗਿਰੀਆਂ ਖੁਆ
ਪਿੰਜਰੇ ਪਾ ਦਿੱਤਾ ਹੈ
ਮਨਮਰਜ਼ੀ ਦਾ ਹਰ ਬੋਲ
ਉਸ ਨੂੰ ਭੁਲਾ ਦਿੱਤਾ ਹੈ।

ਹੁਣ ਉਹ ਉੱਡਣਾ ਨਹੀਂ ਲੋਚਦਾ
ਉਸ ਦਾ ਸਿਰ ਕੁਝ ਨਹੀਂ ਸੋਚਦਾ
ਉਹ ਇੱਕ ਅੱਖ ਵੀ ਨਹੀਂ ਖੋਲ੍ਹਦਾ
ਵਾਹ! ਹੁਣ ਉਹ ਜ਼ਰਾ ਨਹੀਂ ਡੋਲ੍ਹਦਾ
ਉਹ ਜਾਗਦਾ ਹੈ ਉੱਠਦਾ-ਬਹਿੰਦਾ ਹੈ
ਤੁਹਾਡੇ ਇਸ਼ਾਰੇ ਦੀ
ਉਡੀਕ ਵਿਚ ਰਹਿੰਦਾ ਹੈ
ਉਹ ਖੋਖਲੇ ਸ਼ਰਧਾਲੂ ਵਾਂਗ
ਤੁਹਾਡੇ ਹਰ ਬਚਨ ਨੂੰ
ਸਿਰ ਹਿਲਾ-ਹਿਲਾ ਕੇ
'ਸਤਿ ਬਚਨ' 'ਸਤਿ ਬਚਨ' ਕਹਿੰਦਾ ਹੈ
ਹਰ ਵੇਲੇ ਮਾਲਕ ਦਾ ਨਾਮ ਲੈਂਦਾ ਹੈ।

ਹੁਣ ਤੋਤੇ ਦਾ ਬੱਚਾ
ਸੌ ਧੀਆਂ ਵਰਗਾ ਪੁੱਤ ਹੈ
ਸਿਰ ਝੁਕਾ ਕੇ ਰੱਖਦਾ ਹੈ
ਬਾਪੂ ਵਾਂਗ ਬਾਗ਼ੀ ਨਹੀਂ
ਹੁਣ ਤੁਸੀਂ ਵੀ ਦਾਗ਼ੀ ਨਹੀਂ।

## 3. ਘੁੱਗੀ ਨੇ ਸੋਚਿਆ

ਘੁੱਗੀ ਨੇ ਸੋਚਿਆ
ਜਿਊਣ ਲਈ
ਕਿਤੋਂ ਬਾਜ ਦਾ ਚਿਹਰਾ ਮਿਲ ਜਾਵੇ
ਉਸ ਨੂੰ ਆਪਣੇ ਚਿਹਰੇ 'ਤੇ ਚਿਪਕਾਏ
ਹਾਏ!
ਇਹ ਕਿਹੜੇ ਦਿਨ ਆਏ।

## 4. ਬੋਰਡ ਮਸ਼ਹੂਰੀਆਂ ਦੇ

ਸੜਕ 'ਤੇ ਆਉਣਾ
ਚੱਕਾ ਜਾਮ ਕਰਨਾ
ਸ਼ਰੇਆਮ ਕਰਨਾ
ਸਾਡਾ ਸ਼ੁਗਲ ਨਹੀਂ ਹੈ
ਅਸੀਂ ਤਾਂ
ਗੁੱਝੇ ਜ਼ਖ਼ਮਾਂ ਨੂੰ
ਤੁਹਾਡੇ ਰੂ-ਬ-ਰੂ ਕਰਨ ਆਏ ਹਾਂ
ਕੁਝ ਲਲਕਾਰਨ ਆਏ ਹਾਂ
ਕੁਝ ਤੁਹਾਡੀ ਸ਼ਰਨ ਆਏ ਹਾਂ।

ਅਸੀਂ ਤਮਾਸ਼ਾ ਕਰਨ ਨਹੀਂ ਆਏ
ਅਸੀਂ ਤਾਂ ਤੁਹਾਡੇ ਸਾਜ਼ਿਸ਼ੀ ਚਿੱਕੜ ਵਿਚ
ਅਜਿਹੇ ਤਿਲਕੇ
ਕਿ ਖ਼ੁਦ ਤਮਾਸ਼ਾ ਬਣ ਗਏ ਹਾਂ
ਅਸੀਂ ਆਪਣੇ ਹਿੱਸੇ ਦੀ
ਧੁੱਪ ਮੰਗਦੇ ਹਾਂ
ਛਾਂ ਮੰਗਦੇ ਹਾਂ
ਜ਼ਿੰਦਗੀ ਦੀ ਗੁਆਚੀ
ਕਹਾਣੀ ਮੰਗਦੇ ਹਾਂ
ਦੋ ਟੁਕੜੇ ਖਾਣ ਲਈ
ਪੀਣ ਲਈ ਪਾਣੀ ਮੰਗਦੇ ਹਾਂ
ਤੁਸੀਂ ਬੜੇ ਤਮਾਸ਼ਬੀਨ ਹੋ
ਸਾਡੇ ਗਲਾਂ 'ਚ ਲਟਕਦੇ ਨੇ
ਗੱਤੇ ਸਾਡੀਆਂ ਮਜਬੂਰੀਆਂ ਦੇ
ਤੁਹਾਡੇ ਹੱਥਾਂ 'ਚ ਨੇ ਬੋਰਡ
ਦੁਕਾਨਾਂ ਦੀਆਂ ਮਸ਼ਹੂਰੀਆਂ ਦੇ। •





## ਨਾਲ -ਨਾਲ

ਗੁਰਦਿਆਲ ਪੱਲ੍ਹਾ

ਮੇਰੀ ਚਾਲ ਦੇ ਨਾਲ ਨਾਲ
ਤੁਰਦੇ ਨੇ ਸੂਰਜ ਚੰਨ ਤੇ ਤਾਰੇ
ਅਤੇ ਮੈਂ
ਆਪਣੀਆਂ ਨਜ਼ਮਾਂ ਦਾ ਪਾਠ ਕਰਦਾ
ਰੂਹ ਦੀ ਆਰਤੀ ਉਤਾਰਦਾ
ਮਨ ਦੀ ਬਾਤ ਪਾਉਂਦਾ
ਹੁੰਗਾਰੇ ਦਾ ਭਰਮ ਪਾਲਦਾ
ਫਰਜ਼ਾਂ ਦੀ ਜ਼ਮੀਨ ਭਾਲਦਾ
ਉੱਡ ਜਾਂਦਾ ਹਾਂ
ਹਨ੍ਹੇਰੀ ਦੇ ਮੌਸਮ ਵਿਚ
ਦੂਰ ਕਿਧਰੇ ਦੂਰ ਦੁਰਾਡੇ
ਤਿੜਕ ਗਏ ਸੁਪਨਿਆਂ ਦੇ ਲਾਗੇ
ਜੰਗਲ ਬੇਲੇ ਵਤਨ ਪਰਾਏ
ਨਾਲ ਰਹੇ ਦਰਦਾਂ ਦੇ ਸਾਏ।
ਵਿਛੋੜੇ ਦੇ ਆਲਮ ਵਿਚ ਨੇ
ਸੁਰਤਾਲ ਨਜ਼ਮਾਂ ਤੇ ਗੀਤ
ਅੰਬਰ ਦੇ ਹਟਕੋਰੇ ਵਿਚੋਂ
ਉੱਠ ਰਹੀ ਵਿਦਾਈ ਚੀਖ਼
ਇੱਕ ਦਰਦ ਹੈ
ਧਰਤੀ ਦੀ ਉਦਾਸੀ ਵਿਚ
ਤੇ ਹਿਲੋਰਾ ਹੈ
ਅੱਖ ਦੀ ਉਬਾਸੀ ਵਿਚ
ਤੇ ਨਾਲ ਨਾਲ ਚੱਲਦਾ ਹੈ
ਇੱਕ ਸਿਲਸਿਲਾ ਇੱਕ ਸੁਪਨਾ
ਭੈਅ ਭੀਤ ਹੋਏ ਚਾਵਾਂ ਦਾ
ਤੇ ਖੰਡਰ ਹੋਏ ਰਾਹਵਾਂ ਦਾ
ਆਪਣੇ ਅੰਦਰ ਪੁੰਗਰ ਰਿਹਾ
ਵਿਸ਼ਵਾਸ ਦਾ ਕਤਰਾ ਕਤਰਾ
ਅਜਬ ਜਿਹੀਆਂ ਖ਼ੈਰਾਂ ਮੰਗਦਾ
ਖ਼ੁਦ-ਬ-ਖ਼ੁਦ ਬਣ ਗਿਆ
ਰੂਹ ਆਪਣੀ ਦੀ ਪਹਿਚਾਣ ਦਾ ਰਿਸ਼ਤਾ
ਜੀਉਣ ਮਰਨ ਦੀ ਲੋਚਾ ਕਰਦਾ
ਅਜੀਬ ਰੰਗਾਂ ਦੀ ਮਹਿਕ ਤਰਦਾ
ਫਿਰ ਹੱਠ ਕਰਕੇ ਬੈਠ ਜਾਂਦਾ ਹੈ
ਭਟਕਣ ਦਾ ਧਰਵਾਸ
ਆਪਣੇ ਵਜੂਦ ਦੀ ਸੀਮਾ ਅੰਦਰ
ਤੇ ਸ਼ਾਂਤ ਹੋ ਜਾਂਦੇ ਹਨ
ਸ਼ਿੱਦਤ ਨਾਲ ਖ਼ੌਰੂ ਪਾਉਂਦੇ
ਜੀਊਂਦੇ ਜਾਗਦੇ ਸੀਤਲ ਸੁਪਨੇ
ਜੋ ਨਾ ਹੋਏ ਕਦੇ ਆਪਣੇ।
ਹਰੀਆਂ ਕਰੂੰਬਲਾਂ ਤੇ
ਕਿਰਨਾਂ ਤੇ ਉੱਗਣ ਦਾ ਜਲੌਅ
ਹਕੀਕਤ ਦੇ ਅਹਿਸਾਸ ਵਾਂਗ
ਦੂਰ ਹੋ ਕੇ ਵੀ
ਬਹੁਤ ਨੇੜੇ ਹੋ ਜਾਂਦਾ ਹੈ।
ਮੇਰੇ ਅੰਦਰ ਦਾ ਬ੍ਰਹਿਮੰਡ
ਦਿਸ-ਹੱਦਿਆਂ ਅੰਦਰ ਸਿਮਟ ਕੇ
ਭੋਗਦਾ ਹੈ
ਤਰੰਗ ਤਰੰਗ ਹੋਣੀ ਦੇ ਰੰਗ
ਆਪਣੀਆਂ ਨਜ਼ਮਾਂ ਦੇ ਅੰਗ ਸੰਗ। •

## ਨਜ਼ਮਾਂ / ਹਰਮੀਤ ਵਿਦਿਆਰਥੀ

1.

ਖੁੱਲ ਗਿਆ ਹੈ ਬੂਹਾ
ਕੰਬਦੇ ਹੱਥ ਹੌਲੀ-ਹੌਲੀ
ਖੋਹਲ ਰਹੇ ਹਨ ਬਾਰੀਆਂ
ਬਾਹਰਲੀ ਹਵਾ ਕਮਰੇ ਅੰਦਰ
ਕਰ ਰਹੀ ਹੈ ਪ੍ਰਵੇਸ਼
ਹੁੰਮਸ ਘਟ ਰਹੀ ਹੈ ਹੌਲੀ-ਹੌਲੀ
ਕਿੰਨਾ ਭੁਲੱਕੜ ਹਾਂ ਮੈਂ
ਸਿੱਧਾ-ਸਾਦਾ ਸਬਕ
ਯਾਦ ਨਹੀਂ ਰਹਿੰਦਾ ਮੈਨੂੰ
ਭਿੜੇ ਦਰਵਾਜ਼ੇ ਬੰਦ ਬਾਰੀਆਂ
ਖੁੱਲ ਜਾਵਣ ਜੇ
ਬਾਹਰੋਂ ਆਵੇ ਤਾਜ਼ਾ ਹਵਾ
ਤਾਂ ਕਮਰੇ 'ਚੋਂ ਹੌਲੀ-ਹੌਲੀ
ਮੁੱਕ ਜਾਂਦੀ ਹੈ ਹੁੰਮਸ

ਮੈਂ ਕਹਿਰੀ ਧੁੱਪ ਵੱਲ
ਜਦ ਵੀ ਵੇਖਦਾ ਹਾਂ
ਤੇਜ਼ਧਾਰ ਮੀਂਹ ਦੇ ਛਰਾਟੇ ਮੇਰੇ ਤੱਕ
ਪੁੱਜਣ ਲੱਗਦੇ ਨੇ ਜਦੋਂ
ਮੈਂ ਕਮਰੇ ਨੂੰ ਚੁਫੇਰਿਓਂ ਬੰਦ ਕਰ
ਖ਼ੁਦ ਨੂੰ ਮਹਿਫ਼ੂਜ਼ ਸਮਝਣ ਲੱਗਦਾ ਹਾਂ
ਜ਼ਿਹਨ ਦੇ ਦਰਵਾਜ਼ੇ ਰਤਾ ਵੀ ਬੰਦ ਹੋਏ
ਹੁੰਮਸ ਸਿਰ ਚੁੱਕ ਬਹਿੰਦੀ ਹੈ
ਮੈਂ ਬਾਹਰੀ ਮੌਸਮਾਂ ਨੂੰ ਕੋਸਦਾ
ਅੰਦਰਲੇ ਖ਼ੌਫ਼ ਤੋਂ ਤ੍ਰਹਿੰਦਾ
ਖ਼ੁਦ ਨੂੰ ਹੋਰ ਮਹਿਫ਼ੂਜ਼
ਕਰਨ ਵਿਚ ਰੁੱਝ ਜਾਂਦਾ ਹਾਂ।

ਖ਼ੁਦ ਤੋਂ ਉਕਤਾ ਜਾਂਦਾ ਹਾਂ ਜਦੋਂ
ਜਦੋਂ ਹੁੰਮਸ ਭਰ ਜਾਂਦੀ ਹੈ
ਮੇਰੀ ਰਗ-ਰਗ ਦੇ ਅੰਦਰ
ਤ੍ਰਭਕਦਾ ਹਾਂ ਤਾਂ
ਖੋਹਲ ਦਿੰਦਾ ਹਾਂ ਬੂਹੇ ਬਾਰੀਆਂ
ਤਾਜ਼ਾ ਹਵਾ ਆਉਣ ਲੱਗਦੀ ਹੈ
ਤਾਂ ਹੁੰਮਸ ਜਿਵੇਂ
ਆਪਣੀ ਮੌਤ ਆਪ ਹੀ ਮਰ ਜਾਂਦੀ ਹੈ
ਕੇਡਾ ਅਨਪੜ੍ਹ ਹਾਂ ਭੁੱਲ ਹੀ ਜਾਂਦਾ ਹਾਂ
ਕਿ ਅੰਦਰਲੇ ਦਾ ਬਾਹਰਲੇ ਨਾਲ
ਬਣਿਆ ਰਹੇ ਜੇ ਰਿਸ਼ਤਾ
ਹੁੰਮਸ ਆ ਹੀ ਨਹੀਂ ਸਕਦੀ
ਮੇਰੇ ਦੁਆਲੇ ਮੇਰੇ ਅੰਦਰ
ਖੁੱਲ ਗਿਆ ਹੈ ਬੂਹਾ
ਕੰਬਦੇ ਹੱਥ ਖੋਹਲ ਰਹੇ ਹਨ ਬਾਰੀਆਂ
ਹੁੰਮਸ ਘਟ ਰਹੀ ਹੈ ਹੌਲੀ ਹੌਲੀ
ਹੁੰਮਸ ਮਰ ਰਹੀ ਹੈ ਹੌਲੀ ਹੌਲੀ

2.

ਮੈਂ ਇੱਕ ਰਾਤ ਠੀਕ-ਠਾਕ ਸੁੱਤਾ ਸਾਂ
ਸਵੇਰੇ ਜਾਗਿਆ ਤਾਂ
ਚਿਹਰਾ ਓਪਰਾ ਲੱਗਾ ਸੀ
ਮੈਂ ਸ਼ੀਸ਼ਾ ਵੇਖਿਆ
ਤਾਂ ਡਰ ਗਿਆ ਸਾਂ
ਕੌਣ ਹੈ ਇਹ ਅਣਜਾਣੀ ਜਿਹੀ ਸੂਰਤ
ਮੈਂ ਤਾਂ ਸ਼ਾਇਦ ਰਾਤੀਂ ਮਰ ਗਿਆ ਸਾਂ
ਮੇਰੀ ਸੋਹਲ ਕਾਇਆ
ਰੁੱਖੀ ਚਮੜੀ ਵਿਚ ਤਬਦੀਲ ਹੋ ਗਈ
ਲਰਜ਼ਦੀ ਅੱਖ ਮੇਰੀ ਸੁੱਕੀ ਝੀਲ ਹੋ ਗਈ

ਮੈਂ ਗੱਭਰੂ ਅਲਬੇਲਾ
ਨਾਨਕਸ਼ਾਹੀ ਇੱਟ ਦਾ ਹਾਣੀ ਹੋ ਗਿਆ
ਜਿਉਂਦਾ ਜਾਗਦਾ ਫ਼ਰਦ ਸਾਂ
ਪਲ ਵਿਚ ਕਹਾਣੀ ਹੋ ਗਿਆ
ਕੌਣ ਹੈ ਇਹ ਜੋ ਮੇਰੇ ਅੰਦਰ ਆਣ ਬੈਠਾ ਹੈ
ਕਿਸੇ ਇਤਬਾਰ ਨਹੀਂ ਕਰਨਾ
ਇਹ ਅਜਬ ਕਿੱਸਾ ਹੈ
ਮੈਂ ਇੱਕ ਰਾਤੀਂ ਠੀਕ ਠਾਕ ਸੁੱਤਾ ਸਾਂ। •

43, ਸਤਲੁਜ ਇਨਕਲੇਵ, ਇੱਛੇਵਾਲਾ ਰੋਡ,
ਫਿਰੋਜ਼ਪੁਰ ਸ਼ਹਿਰ



ਵਾਹਗਿਓਂ ਪਾਰ

(ਪੰਜਾਬੀ ਕਹਾਣੀ)

# ਸੂਹੇ ਦੀ ਕਹਾਣੀ

ਮੀਰ ਤਨਹਾ ਯੂਸਫ਼ੀ

"ਜਾਪਾਨੀ ਖੌਰੇ ਕਿਹੜੀ ਮਿੱਟੀ ਦੇ ਬਣੇ ਹੋਏ ਨੇ, ਚੂੰਢੀ ਵਿਚ ਵਾਲ ਫੜ ਕੇ ਧਾਰ ਲੱਗਿਆ ਚਾਕੂ ਫੜ ਲੈਣਗੇ ਤੇ ਛਿੱਲਣ ਡਹਿ ਪੈਣਗੇ। ਅਖੇ ਇਹ ਵਾਲ ਮਰਦਾਨਾ ਏ ਜਾਂ ਜ਼ਨਾਨਾ? ਜੇ ਮਰਦਾਨਾ ਏ ਤੇ ਫੇਰ ਜਵਾਨ ਦਾ ਏ ਜਾਂ ਕਿਸੇ ਇਞਾਣੇ ਦਾ? ਜੇ ਜਵਾਨ ਦਾ ਏ ਤਾਂ ਫੇਰ ਇਹ ਜਵਾਨ ਹਲ ਵਾਹੁੰਦਾ ਏ, ਮਿਸਤਰੀ ਏ, ਸਿਪਾਹੀ ਏ ਜਾਂ ......" ਹੈਦਰ ਸਾਰਾ ਦਿਨ ਜਾਪਾਨੀਆਂ ਨਾਲ ਮਗਜ਼ ਮਾਰੀ ਕਰ-ਕਰ ਹਫਿਆ ਹੋਇਆ, ਹੁਣੇ ਹੁਣੇ ਈ ਘਰ ਅੱਪੜਿਆ ਸੀ। ਉਹ ਸੋਚ ਰਿਹਾ ਸੀ "ਖੈਰ ਜੋ ਵੀ ਏ, ਇਹਨਾਂ ਫੀਨਿਆਂ ਨਾਲ ਕੰਮ ਕਰਨ ਦਾ ਮਜ਼ਾ ਆ ਜਾਂਦਾ ਏ। ਜਦੋਂ ਤਾਈਂ ਗੱਲ ਦੀ ਥਾਹ ਤਾਈਂ ਨਾ ਅਪੜਣ, ਗੱਲ ਦਾ ਖਹਿੜਾ ਨਹੀਂ ਛੱਡਦੇ।

ਹੈਦਰ ਉਹਨਾਂ ਦਿਨਾਂ ਵਿਚ ਜਿਹਨਾਂ ਜਾਪਾਨੀਆਂ ਨਾਲ ਕੰਮ ਕਰ ਰਿਹਾ ਸੀ, ਉਹਨਾਂ ਵਿਚ ਇੱਕ ਬੁੱਢਾ ਵੀ ਸੀ। ਗਾਟੇ ਉੱਤੋਂ ਲਮਕੇ ਹੋਏ ਮਾਸ ਵਾਲੇ ਉਸ ਬਾਬੇ ਨੂੰ ਸਾਰੇ 'ਕਾਟੋ ਸਾਹਿਬ' ਕਹਿੰਦੇ ਸਨ। ਕਾਟੋ ਸਾਹਿਬ ਦਾ ਪੂਰਾ ਨਾਂ ਚੰਗਾ ਲੰਮਾ ਤੇ ਚੋਖਾ ਔਖਾ ਸੀ। ਜਿਹਦੇ ਵਿਚ ਕਿਧਰੇ ਕਾਟੋ ਵੀ ਆਉਂਦਾ ਸੀ। ਲੋਕਾਂ ਨੂੰ ਇਹ ਟੋਟਾ ਸਮਝ ਤੇ ਪਸੰਦ ਆ ਗਿਆ। ਕਾਟੋ ਸਾਹਿਬ ਦੀ ਇਕ ਗੱਲ, ਜਿਹੜੀ ਹੈਦਰ ਨੂੰ ਪਹਿਲਾਂ ਤੋਂ ਵੀ ਪਤਾ ਸੀ ਕਿਉਂ ਜੇ ਕਿਤਾਬਾਂ ਲਿਖਣ ਵਾਲੇ ਪਾਗਲਾਂ ਨੇ ਏਸ ਗੱਲ ਦਾ ਬਥੇਰਾ ਰੋਣਾ ਰੋਇਆ ਹੋਇਆ ਸੀ, ਹੈਦਰ ਦੇ ਜਿਵੇਂ ਦਿਲ ਵਿਚ ਈ ਖੁੱਭ ਗਈ ਸੀ, ਉਹਨੇ ਆਖਿਆ ਸੀ "ਐਦਰ" ਉਹ ਹੈਦਰ 'ਐਦਰ' ਕਹਿ ਕੇ ਈ ਬੁਲਾਂਦਾ ਸੀ। ਤੈਨੂੰ ਪਤਾ ਏ ਕਿ ਜਾਪਾਨ ਦੀ ਜ਼ਮੀਨ ਝਾੜੀਆਂ, ਰੁੱਖਾਂ ਤੇ ਫਸਲਾਂ ਤੋਂ ਵੱਧ ਕੋਈ ਸ਼ੈ ਸਾਡੇ ਪੱਲੇ ਨਹੀਂ ਪਾਂਦੀ। ਨਾ ਉਥੋਂ ਲੋਹਾ ਨਿਕਲਦਾ ਏ, ਨਾ ਕੋਇਲਾ, ਨਾ ਸੋਨਾ, ਨਾ ਚਾਂਦੀ, ਨਾ ਤੇਲ, ਨਾ ਗੈਸ। ਚਾਰ-ਚੁਫੇਰੇ ਸਮੁੰਦਰ, ਵਿਚ ਅਣਗਿਣਤ ਜਜ਼ੀਰੇ। ਸਾਨੂੰ ਜਦੋਂ ਆਪਣੇ ਹੱਥਲ ਹੋਵਣ ਦੀ ਸਮਝ ਚੰਗੀ ਤਰ੍ਹਾਂ ਆ ਗਈ ਤਾਂ ਅਸਾਂ ਉਹ ਕੰਮ ਕੀਤਾ ਜਿਹਦੇ ਪਾਰੋਂ ਅੱਜ "ਜਾਪਾਨ ਜਾਪਾਨ" ਹੋ ਰਹੀ ਏ। ਅਸੀਂ ਰੱਬ ਵਲੋਂ ਬੰਦੇ ਨੂੰ ਦਿੱਤੀ ਸਭ ਤੋਂ ਵੱਡੀ ਦੌਲਤ ........... ਇਨਸਾਨੀ ਦਿਮਾਗ ........... ਖਰਚ ਕਰਨ ਡਹਿ ਪਏ। ਤੂੰ ਸੁਣਿਆ ਈ ਹੋਣਾ ਏ ਅਖੇ, "ਦੌਲਤ ਤਜੋਰੀ ਵਿਚ ਹੁੰਦੀ ਏ, ਦਿਮਾਗ ਵਰਤੋ, ਦੌਲਤ ਕੱਢ ਲਓ।" ਬਸ ਅਸੀਂ ਇਹੋ ਕੀਤਾ ਏ। ਹੁਣ ਸਾਰੀ ਦੁਨੀਆ ਦਾ ਲੋਹਾ, ਤੇਲ, ਤਾਂਬਾ, ਕਪਾਹ, ਰੇਸ਼ਮ, ਜਹਾਜ਼ਾਂ ਦੇ ਜਹਾਜ਼ ਉਥੇ ਅੱਪੜਦੇ ਨੇ, ਅਸੀਂ ਉਹਦੀਆਂ ਗੱਡੀਆਂ, ਟੀ. ਵੀ., ਫਰਿੱਜ, ਕੱਪੜਾ ........... ਮਤਲਬ ਏ ਤੂੰ ਏਥੇ ਆਪਣੇ ਬਾਜ਼ਾਰ ਵਿਚ ਟੁਰ ਜਾਂਦਾ ਹਾਂ। ਜਪਾਨੀ ਚੀਜ਼ਾਂ ਨਾਲ ਗੋਦਾਮ ਭਰੇ ਪਏ ਨੇ। ਤੁਸੀਂ ਖੌਰੇ ਕੀ ਕਰਦੇ ਫਿਰਦੇ ਓ? ਇਹੋ ਜਿਹਾ ਮੁਲਕ ਕਿਧਰੇ

ਸਾਡਾ ਹੁੰਦਾ ਤਾਂ ਦੁਨੀਆ ਵਿਚ ਕਿਹਦੀ ਮਜਾਲ ਸੀ ਕਿ ਸਾਡੇ ਤੋਂ ਅੱਗੇ ਨਿਕਲ ਜਾਂਦਾ।"

ਹੈਦਰ ਨੂੰ ਕਦੀ-ਕਦੀ ਇੰਞ ਲੱਗਦਾ ਕਿ ਪਈ ਕਾਟੋ ਸਾਹਿਬ ਸਰਕਾਰੀ ਦੌਰੇ ਉੱਤੇ ਨਹੀਂ, ਕਿਸੇ ਇਨਕਲਾਬੀ ਪਾਰਟੀ ਦੇ ਪਰਾਪੇਗੰਡੇ ਲਈ ਏਥੇ ਆਇਆ ਹੋਇਆ ਸੀ। ਗੱਡੀ ਗੈਰਜ ਵਿਚ ਰੋਕ ਕੇ, ਅੱਜ ਦੀ ਵਗਾਤਕ ਲੰਘ ਜਾਵਣ ਵਾਲੀ ਦਿਹਾੜ ਬਾਰੇ ਸੋਚਦਾ, ਭਲਕ ਬਾਰੇ ਗਹੁ ਕਰਦਾ ਉਹ ਬਾਹਰ ਨਿਕਲਿਆ ਤੇ ਚਾਬੀਆਂ ਦਾ ਗੁੱਛਾ ਬੋਝੇ ਵਿਚ ਪਾ ਕੇ ਝੱਟ ਖਲੋ ਗਿਆ। ਫੇਰ ਉਹਨੇ ਇਕ ਚੰਗੀ ਭਰਵੀਂ ਅੰਗ-ਅੰਗ ਵਿਚ ਨਸ਼ਾ ਭਰਨ ਵਾਲੀ ਆਕੜ ਲਈ, ਪਲ ਦਾ ਪਲ ਉੱਥੇ ਈ, ਬਾਹਵਾਂ ਹਵਾ ਵਿਚ ਚੁੱਕ ਕੇ ਖਲੋਤਾ ਰਿਹਾ। ਸਾਰੇ ਦਿਨ ਦਾ ਥਕੇਵਾਂ ਉਹਦੀ ਰਗ-ਰਗ, ਜੋੜ-ਜੋੜ ਵਿਚ ਰਚਿਆ ਹੋਇਆ ਸੀ?

ਆਕੜ ਦਾ ਚੰਗਾ ਰੱਜਵਾਂ ਸਵਾਦ ਲੈ ਕੇ ਉਹਨੇ ਬਾਹਵਾਂ ਛੰਡੀਆਂ, ਦੋ ਪੌੜੀਆਂ ਚੜ੍ਹਿਆ ਤੇ ਬੂਹਾ ਖੋਲ੍ਹ ਕੇ ਘਰ ਦੇ ਟੀ. ਵੀ. ਲਾਉਂਜ ਵਿਚ ਆ ਗਿਆ। ਖੱਬੇ ਹੱਥ, ਘਰ ਦੀ ਉਤਲੀ ਮੰਜ਼ਿਲ ਵੱਲ ਜਾਣ ਵਾਲੀਆਂ ਪੌੜੀਆਂ ਸਨ, ਉਹਨੇ ਜ਼ੋਰ ਦੀ ਸਲਾਮ ਕਰਕੇ ਜਿਵੇਂ ਆਪਣੇ ਆਉਣ ਦਾ ਐਲਾਨ ਕੀਤਾ, ਬਾਵਰਚੀਖਾਨੇ ਵਿਚੋਂ ਮਾਂ ਦੀ ਆਵਾਜ਼ ਆਈ, "ਬਿਸਮਿੱਲਾ! ਆ ਗਿਆ ਏਂ.....?"

"ਜੀ ਆ........" ਕਹਿ ਕੇ ਹੈਦਰ ਨੇ ਉਤਲੀ ਮੰਜ਼ਿਲ ਦੇ ਆਪਣੇ ਕਮਰੇ ਵੱਲ ਜਾਣ ਲਈ ਪਹਿਲੀ ਪੌੜੀ ਉੱਤੇ ਪੈਰ ਧਰਿਆ ਈ ਸੀ ਕਿ ਬੈਠਕ ਵਿਚੋਂ ਆਵਾਜ਼ ਆਈ, "ਹੈਦਰ ਆ ਗਿਆ ਏ, ਮੈਂ ਉਹਨੂੰ ਏਥੇ ਈ ਬੁਲਾਨਾ, ਤੁਸੀਂ ਆਪ ਈ ਗੱਲ ਕਰ ਲਓ....."

ਹੈਦਰ ਖਲੋ ਗਿਆ। ਬੈਠਕ ਦੇ ਬੂਹੇ ਥਾਣੀ ਉਹਦੇ ਪਿਉ ਨੇ ਬਾਹਰ ਆ ਕੇ ਉਹਨੂੰ ਹੱਥ ਨਾਲ ਈ ਇਸ਼ਾਰਾ ਕਰਕੇ ਬੈਠਕ ਵੱਲ ਬੁਲਾਇਆ।

ਹੈਦਰ ਨੂੰ ਸਮਝ ਆ ਗਈ ਪਈ ਪਿੰਡੋਂ ਫੇਰ ਕੋਈ ਬੰਦਾ ਆਇਆ ਹੋਇਆ ਏ ਤੇ ਉਹਦੇ ਪਿਉ ਨੂੰ ਇੱਕ ਵਾਰ ਫੇਰ ਆਪਣੇ ਕਿਸੇ ਯਾਰ ਬੇਲੀ ਦੇ ਕੰਮ ਲਈ ਉਸਦੀ ਲੋੜ ਪੈ ਗਈ ਏ।

ਇਹ ਤਮਾਸ਼ਾ ਮਹੀਨੇ ਡੇਢ ਮਹੀਨੇ ਪਿੱਛੋਂ ਲੱਗਾ ਹੀ ਰਹਿੰਦਾ ਸੀ। ਹੈਦਰ ਰਾਣਾ ਹੈਦਰ ਈਸ਼ਾਨ, ਜਿਹੜੇ ਮਹਿਕਮੇ ਵਿਚ ਸੀ ਉਹਦਾ ਵਾਹ ਚੋਰਾਂ, ਡਾਕੂਆਂ ਨਾਲ ਪੈਂਦਾ ਰਹਿੰਦਾ ਸੀ। ਵਰਦੀ ਵਿਚ ਨਾ ਹੁੰਦਿਆਂ ਹੋਇਆ ਵੀ ਹੈਦਰ ਨੂੰ ਵੱਡੇ-ਵੱਡੇ, ਵਰਦੀਆਂ ਵਾਲੇ ਸਲਾਮ ਕਰਨ ਆਉਂਦੇ ਸਨ। ਪਿੰਡ ਵਾਲਿਆਂ ਨੂੰ ਜਦ ਕੋਈ ਉਚ-ਨੀਚ ਨਿਬੇੜਨੀ ਪੈਂਦੀ, ਉਹ ਸ਼ਹਿਰ ਆ ਕੇ ਹੈਦਰ ਦੇ ਪਿਉ, ਰਾਣਾ ਈਸ਼ਾਨ ਅਲੀ ਸੂਹਾ ਨੂੰ ਆ ਫੜਦੇ।

ਮੁਕਾਬਲੇ ਦਾ ਇਮਤਿਹਾਨ ਪਾਸ ਕਰਕੇ ਰਾਣਾ ਹੈਦਰ ਈਸ਼ਾਨ ਸੂਹਾ ਜਦੋਂ ਅਫਸਰ ਲੱਗਾ, ਉਹਦੇ ਪਿਉ ਨੇ ਸਾਰੇ ਮੁਹੱਲੇ ਨੂੰ ਦੇਸੀ ਕਣਕ ਦੀ ਸੂਜੀ ਦਾ, ਬਦਾਮਾਂ ਪਿਸਤਿਆਂ ਵਾਲਾ ਹਲਵਾ ਪਕਵਾ ਕੇ, ਤੇ ਸਾਰੇ ਬਾਜ਼ਾਰ ਨੂੰ ਬੂੰਦੀ ਦੇ ਚਾਂਦੀ ਦੇ ਵਰਕ ਵਾਲੇ ਲੱਡੂ ਸਾਈ ਉੱਤੇ ਬਣਵਾ ਕੇ ਵੰਡੇ ਸਨ। ਹੁਣ ਹੈਦਰ ਤੋਂ ਨਿੱਕੇ ਨੇ ਵੀ ਇਮਤਿਹਾਨ ਦਿੱਤਾ



ਹੋਇਆ ਸੀ ਤੇ ਕੁਝ ਦਿਨਾਂ ਵਿਚ ਉਹ ਵੀ ਸਾਹਿਬ ਬਹਾਦਰ ਲੱਗਣ ਵਾਲਾ ਸੀ। ਹੈਦਰ ਦੀ ਇੱਕ ਭੈਣ ਡਾਕਟਰ ਬਣ ਕੇ, ਵਿਆਹ ਕਰਕੇ ਆਪਣੇ ਘਰ ਵਾਲੀ ਹੋ ਗਈ। ਪਿੰਡ ਦੇ ਉਹ ਬੰਦੇ ਜਿਹਨਾਂ ਨੂੰ ਹਸਪਤਾਲਾਂ ਵਿਚ ਧੱਕੇ ਖਾਂਦਿਆਂ ਵਾਰ ਨਹੀਂ ਸੀ ਆਉਂਦੀ, ਹਿਰ ਫਿਰ ਕੇ ਉਸ ਵਿਚਾਰੀ 'ਡਾਕਟਰਨੀ ਧੀ' ਦੇ ਬੂਹੇ ਜਾ ਅੱਪੜਦੇ ਸਨ। ਸਭ ਤੋਂ ਨਿੱਕੀ ਤੇ ਸਭ ਤੋਂ ਲਾਡਲੀ ਆਰਕੀਟੈਕਚਰ ਇੰਜੀਨੀਅਰਿੰਗ ਕਰ ਰਹੀ ਸੀ।

ਆਪਣੇ ਪਿੰਡੋਂ ਨਿਕਲਣ ਤੋਂ ਲੈ ਕੇ ਆਪਣੇ ਇਵਾਣਿਆਂ ਨੂੰ ਏਸ ਮੰਜ਼ਲ ਤਾਈਂ ਅਪੜਾਣ ਲਈ ਰਾਣਾ ਈਸ਼ਾਨ ਅਲੀ ਸੂਹਾ ਨੇ ਆਪਣੀ ਹਯਾਤੀ ਇੰਝ ਭੋਗੀ ਸੀ ਜਿਵੇਂ ਜੰਗ ਦੇ ਮੈਦਾਨ ਵਿਚ ਸਿਪਾਹੀ ਆਪਣੀ ਜ਼ਿੰਦਗੀ ਲਈ ਲੜਦਾ ਏ।

ਅੱਜ ਵੀ ਉਸ ਰਾਤ ਨੂੰ ਯਾਦ ਕਰਕੇ ਰਾਣਾ ਈਸ਼ਾਨ ਅਲੀ ਦੀਆਂ ਅੱਖਾਂ ਭਿੱਜ ਜਾਂਦੀਆਂ ਸਨ ਜਦੋਂ ਵੱਡੀ ਸਰਘੀ ਵੇਲੇ, ਦੁੱਖ-ਸੁੱਖ ਵਿਚ ਸਾਥ ਦੇਣ ਦੀ ਕਸਮ ਖਾਣ ਵਾਲੀ, ਹੈਦਰ ਦੀ ਮਾਂ ਦੇ ਨਾਲ ਉਹਨੇ ਪਿੰਡ ਛੱਡਿਆ ਸੀ। ਉਸ ਵੇਲੇ ਉਹਦੇ ਬੋਝੇ ਵਿਚ ਤਿੰਨ ਰੁਪਏ, ਗਲ ਨਾਲ ਲਮਕੀ ਜੁੱਤੀਆਂ ਗੰਢਣ ਵਾਲੇ ਰੱਛਾਂ ਦੀ ਰਛਾਣੀ ਤੇ ਸੱਜੇ ਹੱਥ ਵਿਚ ਲੋਹੇ ਦਾ ਨਿੱਕਾ ਜਿਹਾ ਚਿੱਬਾ ਖੜੱਬਾ ਸੰਦੂਕ ਸੀ। ਏਸ ਸੰਦੂਕ ਦੇ ਅੰਦਰ ਉਹਦਾ ਇੱਕ ਜੋੜਾ, ਘਰ ਵਾਲੀ ਦੇ ਦੋ ਜੋੜੇ ਤੇ ਹੈਦਰ ਦੇ ਪੋਤੜਿਆਂ ਦੀ ਇੱਕ ਮੁੱਠ ਵੀ ਸੀ।

ਉਦੋਂ ਹੈਦਰ ਅਜੇ ਦਸਾਂ ਦਿਨਾਂ ਦਾ ਸੀ ਤੇ ਉਦੋਂ ਸਾਰਾ ਪਿੰਡ ਉਹਨੂੰ ਈਸ਼ਾਨ ਮੋਚੀ ਆਖਦਾ ਸੀ।

ਪਿੰਡੋਂ ਨਿਕਲਣ ਦਾ ਹੁਕਮ ਦੇਣ ਤੋਂ ਪਹਿਲਾਂ ਪਿੰਡ ਦੇ ਵੱਡੇ ਖਾਨ ਨੇ ਭਰੀ ਪਰ੍ਹਾ ਵਿਚ ਈਸ਼ਾਨ ਮੋਚੀ ਨੂੰ ਉਹੋ ਜਿਹੀਆਂ ਸਾਰੀਆਂ ਗਾਲ੍ਹਾਂ ਕੱਢੀਆਂ ਸਨ ਜਿਹਨਾਂ ਵਿਚੋਂ ਇੱਕ ਵੀ ਪਰਤਾਈ ਜਾਂਦੀ, ਤਾਂ ਜਵਾਬ ਵਿਚ ਖਾਨ ਹੋਰੀਂ ਗੋਲੀ ਮਾਰ ਦਿੰਦੇ। ਫੇਰ ਉਹਨਾਂ ਜੁੱਤੀ ਲਾਹ ਲਈ, ਈਸ਼ਾਨ ਮੋਚੀ ਦੇ ਸਿਰ ਉੱਤੋਂ ਪਾਟਾ, ਪੁਰਾਣਾ ਤਰੋਪੇ ਲੱਗਿਆ, ਬਦਰੰਗਾ ਪਰਨਾ ਖਿੱਚਿਆ ਤੇ ਛਤਰੋਲ ਕਰਨ ਡਹਿ ਪਏ, ਜਦੋਂ ਮਾਰ-ਮਾਰ ਕੇ ਹਫਣ ਹੱਥੋਂ, ਜਾ ਕੁਰਸੀ ਉੱਤੇ ਬਹਿ ਗਏ ਤਾਂ ਕਿਸੇ ਆਖਿਆ, "ਖਾਨ ਜੀ ਬਥੇਰੀ ਹੋ ਗਈ ਏ ਏਸ ..... ਨਾਲ ਬਸ ਕਰੋ।" "ਓਏ ਇਹਨੂੰ ਮਾਰ ਕੇ ਤਾਂ ਮੇਰੀ ਜੁੱਤੀ ਪਲੀਤ ਹੋ ਗਈ ਏ।"

"ਸੱਚ ਏ ਖਾਨ ਜੀ! ........... ਪਰ ਜਾਣ ਦਿਓ।" ਕੋਈ ਹੋਰ ਬੋਲਿਆ।

ਖਾਨ ਹੁਰਾਂ ਈਸ਼ਾਨ ਮੋਚੀ ਨੂੰ ਜਾਣ ਦਿੱਤਾ।

ਕਸੂਰ ਰਾਣਾ ਈਸ਼ਾਨ ਅਲੀ ਸੂਹਾ ਉਰਫ਼ ਈਸ਼ਾਨ ਮੋਚੀ ਦਾ ਨਹੀਂ ਸੀ। ਕਸੂਰ ਉਸ ਮਰਾਸੀ ਦਾਦੇ ਦਾ ਸੀ ਜਿਹਨੇ ਹੈਦਰ ਦੇ ਜੰਮਣ ਦੀ ਵਧਾਈ ਦੇਂਦਿਆਂ ਉੱਚੀ-ਉੱਚੀ ਆਖਿਆ ਸੀ, "ਬਾਦਸ਼ਾਹਾਂ ਦੇ ਘਰ ਸ਼ਹਿਜ਼ਾਦਾ ਜੰਮਿਆ ਏ...........। ਦਿਓ ਸ਼ਹਿਜ਼ਾਦੇ ਦੇ ਨਾਂ ਦਾ ਸਿਰ ਸਦਕਾ...........।"

ਖਾਨ ਜੀ ਉਸ ਵੇਲੇ, ਘੋੜੇ ਉੱਤੇ ਚੜ੍ਹੇ, ਗਲੀ ਵਿਚੋਂ ਲੰਘ ਕੇ ਮੁਰੱਬਿਆਂ ਵੱਲ ਜਾ ਰਹੇ ਸਨ। ਉਹਨਾਂ ਵਾਗਾਂ ਖਿੱਚ ਲਈਆਂ ਤੇ ਥੱਲੇ ਲਹਿ ਗਏ। "ਓਏ ਮੋਚੀਆਂ ਨੂੰ ਬਾਦਸ਼ਾਹ ਕਿੰਞ ਆਖਿਆ ਏ ਤੂੰ .......।" ਉਹ ਦਾਦੇ ਵੱਲ ਵੇਖ ਕੇ ਘੁਰਕੇ।

"ਖਾਨ ਜੀ! ਸਦਾ ਵਸੋ! ਕਰਮਾਂ ਵਾਲਿਓ ਗੁਲਾਮ ਨੂੰ ਗੁਲਾਮ ਤੇ ਬਾਦਸ਼ਾਹ ਨੂੰ ਬਾਦਸ਼ਾਹ ਈ ਆਖੀਦਾ ਏ। ਅਸਾਂ ਕਮਜਾਤਾਂ ਨੇ ਤਾਂ ਇਹ ਹੀ ਸਿੱਖਿਆ ਏ। ਏਸੇ ਗੱਲ ਦੀ ਰੋਟੀ ਖਾਨੇ ਆ।" ਦਾਦਾ ਇੰਜੇ ਹੀ ਅਣਝੱਕ ਹੋ ਕੇ ਬੋਲਿਆ।

"ਓਏ! ਤੇਰੀ ਮੱਤ ਤਾਂ ਨਹੀਂ ਮਾਰੀ ਗਈ ਮੂਰਖਾ! ਅੰਨਾ ਤਾ ਨਹੀਂ ਹੋ ਗਿਆ ਤੂੰ! ਇਹ ਮੋਚੀ ਦੀ ਕੁੱਲੀ ਦਾ ਬੂਹਾ ਏ ਜਿਹਦੇ ਵਿਚ ਭਿੱਤਾਂ ਦੀ ਥਾਂ ਬੋਰੀ ਦਾ ਪਰਦਾ ਲੱਗਾ ਏ। ਬਾਦਸ਼ਾਹਾਂ ਦਾ ਘਰ ਇੰਜ ਦੇ ਹੁੰਦੇ ਨੇ........?" ਖਾਨ ਜੀ ਖੌਰੇ ਉੱਕਾ ਈ ਵਿਹਲੇ ਸਨ ਜਾਂ ਉਹਨਾਂ ਨੂੰ ਮੁਰੱਬਿਆਂ ਵੱਲ ਜਾਣ ਦੀ ਕੋਈ ਕਾਹਲ ਨਹੀਂ ਸੀ, ਜਿਰਹਾ ਈ ਕਰਨ ਲੱਗ ਪਏ।

"ਸੱਚ ਏ ਖਾਨ ਜੀ! ........ ਪਰ ਤੁਹਾਨੂੰ ਵੀ ਪਤਾ ਏ ਤੇ ਦੁਨੀਆ ਵੀ ਜਾਣਦੀ ਏ ਪਈ ਸਾਡੇ ਜਿੰਮੇ ਲੋਕਾਂ ਦੀਆਂ ਪੁਸ਼ਤਾਂ ਦੀ ਪੱਤਰੀ ਲਿਖਣੀ ਵੀ ਲੱਗੀ ਹੋਈ ਏ........ ਆਨੇ ਬਹਾਨੇ ਉਹਨੂੰ ਚਿਤਾਰਦੇ ਵੀ ਰਹਿਨੇ ਆਂ........ ਤੁਹਾਡੇ ਭਾਣੇ ਇਹ ਈਸ਼ਾਨ ਮੋਚੀ ਏ ਪਰ ਸਾਡੀ ਪੱਤਰੀ ਵਿਚ ਇਹਦੇ ਵੱਡੇ ਕਦੀ ਬਾਦਸ਼ਾਹ ਹੁੰਦੇ ਸਨ। ਵੱਡੇ ਰਾਜੇ! ਰਾਜਪੂਤ ਰਾਣੇ! ਖਾਨ ਜੀ! ਇੱਕ ਬੇਗੈਰਤਾਂ ਨੂੰ ਛੱਡ ਕੇ ਸਾਰੇ ਜੱਗ ਕੌਣ ਏ, ਜਿਹਨੂੰ ਆਪਣਾ ਪਿਉ ਬਦਲਣ ਦਾ ਸ਼ੌਕ ਹੋਵੇ। ਜੱਟ ਜੱਟ ਹੁੰਦਾ ਏ, ਰਾਜਪੂਤ ਰਾਜਪੂਤ ਤੇ ਮੇਰੇ ਵਰਗਾ ਮਰਾਸੀ ਜੱਦੀ ਪੁਸ਼ਤੀ ਮਰਾਸੀ ਈ ਰਹਿੰਦਾ ਏ ........ ਅੱਲਾ ਉਮਰ ਲੰਮੀ ਕਰੇ ਜੇ! ਸ਼ਮਲਾ ਉੱਚਾ ਹੋਵੇ ਸ਼ਾਲਾ ........!" ਦਾਦੇ ਨੇ ਜਵਾਬ ਵਿਚ ਪੂਰਾ ਬਿਆਨ ਦਾਖ਼ਲ ਦਫਤਰ ਕੀਤਾ।

"ਚੁੱਪ ਕਰ ਉਏ! ਬਹੁਤੀ ਬਕਵਾਸ ਨਾ ਕਰ........ ਜੋ ਮੂੰਹ ਵਿਚ ਆਉਂਦਾ ਏ ਬਕੀ ਜਾਨਾ ਏ ........" ਖਾਨ ਹੁਰਾਂ ਨੂੰ ਏਸ ਤੋਂ ਵੱਧ ਕੁਝ ਨਾ ਸੁੱਝਿਆ। ਝੱਟ ਕੁ ਸੋਚ ਕੇ ਬੋਝੇ ਵਿਚ ਹੱਥ ਪਾਇਆ, ਅਠਾਨੀ ਦਾ ਸਿੱਕਾ ਕੱਢ ਕੇ ਦਾਦੇ ਦੀ ਤਲੀ ਉੱਤੇ ਧਰਿਆ ਤੇ ਬੋਲੇ "ਚੱਲ ਦਫਾ ਹੋ ਜਾ ਏਥੇ! ਏਥੇ ਕੀ ਲੱਭਣਾ ਏ ਤੈਨੂੰ........? ਚਲ ਖਿਸਕਦਾ ਹੋ, ਤੇਰੇ ਬਾਦਸ਼ਾਹ ਨਾਲ ਮੈਂ ਆਪ ਨਿਬੜ ਲਵਾਂਗਾ।"

ਉਸ ਵੇਲੇ ਟਾਟ ਦੇ ਪਰਦੇ ਪਿੱਛੇ ਖਲੋਤੇ ਈਸ਼ਾਨ ਮੋਚੀ ਦੀਆਂ ਲੱਤਾਂ ਕੰਬਣ ਲੱਗ ਪਈਆਂ ਸਨ।

ਪਿੰਡ ਛੱਡਣ ਵਾਲੀ ਉਸ ਰਾਤ ਵਿਚ ਸੂਤਕ ਦੀ ਮਾਰੀ, ਹੈਦਰ ਦੀ ਮਾਂ ਇੱਕੋ ਗੱਲ ਕਰਦੀ ਰੋਂਦੀ ਸੀ, "ਹੈਦਰ ਦੇ ਪਿਉ! ਅਸੀਂ ਸ਼ਹਿਰ ਜਾ ਕੇ ਕੀ ਕਰਾਂਗੇ? ਕਿੱਥੋਂ ਖਾਵਾਂਗੇ? ਏਥੇ ਤਨ ਢੱਕਣ ਨੂੰ ਲੋਕਾਂ ਦੀ ਉਤਰਨ, ਖਾਣ ਨੂੰ ਲੋਕਾਂ ਦਾ ਜੂਠਾ ਤਾਂ ਲੱਭ ਜਾਂਦਾ ਏ। ਉਥੇ ਕਿਹਦੇ ਕੋਲੋਂ ਮੰਗਾਂਗੇ? ਕੌਣ ਦੇਵੇਗਾ?"

"ਉਹ ਜਿਹੜਾ ਉੱਤੇ ਬੈਠਾ ਏ ਨਾ! ਜਿਹਨੇ ਸਾਹ ਦਿੱਤੇ ਨੇ ਤੇ ਮਰਨ ਦਾ ਅਖ਼ਤਿਆਰ ਆਪਣੇ ਹੱਥ ਵਿਚ ਰੱਖਿਆ ਏ, ਰੋਟੀ ਟੁੱਕਰ ਦਾ ਬੰਦੋਬਸਤ ਵੀ ਉਸੇ ਨੇ ਆਪਣੇ ਹੱਥ ਵਿਚ ਰੱਖਿਆ ਹੋਇਆ ਏ, ਫੇਰ ਵੱਡੇ ਕਹਿ ਗਏ ਨੇ ਅਖੇ ਹੱਥ ਨਾਲ ਕੰਮ ਕਰਨ ਵਾਲਾ ਕਦੀ ਭੁੱਖਾ ਨਹੀਂ ਮਰਦਾ........" ਈਸ਼ਾਨ ਮੋਚੀ ਦੀ ਏਸ ਦਲੀਲ ਦੇ ਅੱਗੇ ਹੈਦਰ ਦੀ ਮਾਂ ਨੇ ਹਥਿਆਰ ਸੁੱਟ ਦਿੱਤੇ ਸਨ।



ਸ਼ਹਿਰ ਆ ਕੇ ਈਸ਼ਾਨ ਮੋਚੀ ਨੇ ਪਹਿਲਾਂ ਟੱਪਰੀਵਾਸਾਂ ਨਾਲ ਯਾਰੀ ਲਾਈ, ਫੇਰ ਸੜਕ ਕੰਢੇ ਬਹਿ ਕੇ ਆਪਣੇ ਜੱਦੀ-ਪੁਸ਼ਤੀ ਕੰਮ ਵਿਚ ਜੁੱਟ ਗਿਆ।

ਉਸ ਤੋਂ ਮਗਰੋਂ ਉਹਨੇ ਕਦੀ ਮੁੜ ਕੇ ਪਿੰਡ ਵੱਲ ਮੂੰਹ ਨਾ ਕੀਤਾ।

ਇੱਕ ਦਿਨ ਦਾਦਾ, ਉਹਨੂੰ ਲੱਭਦਾ-ਲੱਭਦਾ ਆ ਵੜਿਆ।

ਉਸ ਦਿਨ ਤੋਂ ਪਹਿਲਾਂ, ਪਿੰਡ ਵਿਚ ਰਹਿੰਦੇ ਹੋਇਆ ਵੀ, ਇੰਝ ਕਦੀ ਨਹੀਂ ਸੀ ਹੋਇਆ ਪਈ ਦਾਦਾ, ਈਸ਼ਾਨ ਦੇ ਘਰ ਰਾਤ ਰਿਹਾ ਹੋਵੇ। ਪਰ ਉਸ ਰਾਤ ਉਹ ਈਸ਼ਾਨ ਮੋਚੀ ਦੇ ਘਰ ਰਹਿ ਪਿਆ।

ਹੁੱਕੇ ਦੇ ਸੂਟੇ ਲਾਂਦਾ ਦਾਦਾ, ਈਸ਼ਾਨ ਮੋਚੀ ਨੂੰ ਗੱਲੀਂ ਲਾ ਕੇ ਵੱਡੇ-ਵੱਡੇ ਬਾਦਸ਼ਾਹਾਂ ਦੇ ਸੀਨਾ ਬੀ ਸੀਨਾ ਚਲੇ ਆ ਰਹੇ ਕਿੱਸੇ ਸੁਣਾਂਦਾ ਰਿਹਾ। ਇਹ ਕਿੱਸੇ ਵੀ ਉਹਨੇ ਨਿਰੇ ਸੁਣੇ ਈ ਸਨ, ਕਦੀਂ ਪੜ੍ਹੇ ਨਹੀਂ ਸੀ ਕਿਉਂ ਜੋ ਪੜ੍ਹਨਾ ਲਿਖਣਾ ਉਹ ਆਪਣੀ ਸ਼ਾਨ ਦੇ ਖਿਲਾਫ਼ ਸਮਝਦਾ ਸੀ। ਵਿਚ-ਵਿਚ, ਥਾਂ ਕੁ ਥਾਂ ਮਿਰਚ ਮਸਾਲਾ ਲਾ ਕੇ ਨਾਲ-ਨਾਲ ਹਸਾਈ ਜਾਵੇ, ਨਾਲ-ਨਾਲ ਗੱਲ ਕਰੀ ਜਾਵੇ, ਪਈ ਕਿੰਝ ਬਾਹਰ ਬਾਦਸ਼ਾਹ ਮੁੜ-ਮੁੜ ਮਾਰ ਖਾ ਕੇ ਵਾਪਸ ਜਾਂਦਾ ਰਿਹਾ ਤੇ ਕੱਲਰ ਕਹਾਰ ਦੇ ਇੱਕ ਵੱਡੇ ਸਾਰੇ ਰੜੇ ਤੇ ਪੱਧਰੇ ਪੱਥਰ 'ਤੇ ਬਹਿ ਕੇ ਜੋੜ ਤੋੜ ਕਰਦਾ ਰਿਹਾ। ਹੁਣ ਲੋਕੀਂ ਉਸ ਪੱਥਰ ਨੂੰ 'ਤਖ਼ਤ ਬਾਬਰੀ' ਆਖਦੇ ਹਨ। ਦਾਦਾ ਕਹਿ ਰਿਹਾ ਸੀ, "ਵੇਖਿਆ ਈ ਰਾਣਾ! ਉਸ ਪੱਥਰ ਦੇ ਦੁਆਲੇ ਦੂਜੇ ਪੱਥਰ ਵੀ ਉਂਝ ਦੇ ਈ ਨੇ, ਪਰ ਤਖਤ ਉਹ ਪੱਥਰ ਅਖਵਾਇਆ ਜਿਹਦੇ ਉੱਤੇ ਬਾਦਸ਼ਾਹ ਬੈਠਾ! ਮਤਲਬ ........ ਮਤਲਬ ਇਹ ਪਈ ਬਾਦਸ਼ਾਹ ਜਿੱਥੇ ਵੀ ਬਹਿ ਗਿਆ ਤਖਤ ਹੋ ਗਿਆ।"

ਉਹ ਇਹ ਜਿਹੀਆਂ ਪੰਜ ਸੱਤ ਕਹਾਣੀਆਂ ਸੁਣਾ ਕੇ ਝੱਟ ਸੋਚਦਾ ਰਿਹਾ, ਫੇਰ ਬੋਲਿਆ, "ਮੈਂ ਤੈਨੂੰ ਅੱਜ ਦੀ ਆਖਰੀ ਕਹਾਣੀ ਸੁਣਾਉਂਦਾ ਆਂ। ਇਹ ਵੀ ਸੁਣ ਈ ਲੈ। ਫੇਰ ਸੌਂਦੇ ਹਾਂ। ਕੋਈ ਵੇਲਾ ਸੀ ਤੇ ਕੋਈ ਥਾਂ ਸੀ, ਉਸ ਵੇਲੇ ਤੇ ਉਸ ਥਾਂ ਵਿਚ ਇੱਕ ਸੀ ਰਾਜਾ, ਰਾਣਾ ਬਲਦੇਵ ਸਿੰਘ। ਸਿੰਘ, ਆਪਣੇ ਸਿੱਖਾਂ ਵਾਲਾ ਨਹੀਂ। ਰਾਜਪੂਤਾਂ ਵਾਲਾ ਸਿੰਘ ਮਤਲਬ ਸ਼ੇਰ। ਸਿੱਖ ਸਰਦਾਰਾਂ ਨੇ ਇਹ ਲਫ਼ਜ਼ ਉਥੋਂ ਹੀ ਚੁੱਕਿਆ ਏ ਜਦਕਿ ਸਿੱਖਾਂ ਵਿਚੋਂ ਬਹੁਤੇ ਰਾਜਪੂਤ ਨਹੀਂ ਜੱਟ ਨੇ। ਸੂਰਜ ਸਿੰਘ ਤੇ ਚੰਦਰ ਸਿੰਘ ਰਾਜਾ ਬਲਦੇਵ ਦੇ ਪੁੱਤਰ ਸਨ। ਰਾਣਾ ਬਲਦੇਵ ਸਿੰਘ ਸੁਹਾਪੁਰ ਦੇ ਰਾਜਵਾੜੇ ਦਾ ਰਾਜਾ ਸੀ। ਇਹ ਉਦੋਂ ਦੀ ਗੱਲ ਏ ਜਦੋਂ ਅੰਗਰੇਜ਼ਾਂ ਦੀ ਕੰਪਨੀ ਨੇ ਏਥੇ ਫਤੂਰ ਪਾਉਣ ਦਾ ਕੰਮ ਨਵਾਂ-ਨਵਾਂ ਆਰੰਭਿਆ ਸੀ ਤੇ ਲਾਲ ਕਿਲੇ ਦੇ ਸ਼ਹਿਜ਼ਾਦੇ ਤੀਰ, ਤਲਵਾਰ ਛੱਡ ਕੇ, ਕੰਜਰੀਆਂ ਦੇ ਕੋਠੇ ਆ, ਉਹਨਾਂ ਦਾ ਕੰਮ ਸਿੱਖਣ ਲੱਗ ਪਏ ਸਨ। ਤਬਲੇ, ਸਾਰੰਗੀਆਂ, ਘੁੰਗਰੂ, ਤਵਾਇਫਾਂ, ਹਰਮ, ਨਰਮ, ਗਰਮ। ਹਰ ਕੋਈ ਜਿਹੜਾ ਕਿਹੜਾ ਵੀ ਜ਼ਰਾ ਤਕੜਾ ਸੀ, ਉਹ ਆਪ ਹੁਦਰਾ ਰਾਜਾ ਸੀ। ਇੱਕ ਦਿਨ ਰਾਜਾ ਮਰ ਗਿਆ, ਸਾਰਿਆਂ ਮਰਨਾ ਏ। ਇਹੋ ਸੱਚ ਏ। ਪਿਉ ਦੇ ਮਰਨ ਉੱਤੇ ਚੰਦਰ ਸਿੰਘ ਨੇ ਵੱਡੇ ਭਰਾ ਤੇ ਖਿਲਾਫ਼ ਬਗਾਵਤ ਕਰ ਦਿੱਤੀ। ਇੱਕ ਦਿਨ ਅਜਿਹਾ ਆ ਢੁੱਕਿਆ ਪਈ ਚੰਦਰ ਸਿੰਘ ਸੁਹਾਪੁਰ ਦਾ ਰਾਜਾ ਬਣ

ਗਿਆ।

ਰਾਣਾ ਈਸ਼ਾਨ ਅਲੀ ਸੁਣੀ ਨੂੰ ਘੱਟ ਤੇ ਅਣਸੁਣੀ ਨੂੰ ਬਹੁਤਾ ਪਿਆ ਸਮਝਦਾ ਸੀ। ਚੁੱਪ ਕਰਕੇ ਦਾਦੇ ਵੱਲ ਵੇਖਦਾ ਰਿਹਾ। ਦਾਦਾ ਕਹਿ ਰਿਹਾ ਸੀ, "ਸੂਰਜ ਸਿੰਘ ਅਜੇ ਜਵਾਨ ਈ ਸੀ, ਬਥੇਰਾ ਨੱਸਿਆ ਭੱਜਿਆ, ਰਾਜਪੂਤਾਂ ਤੇ ਜੱਟਾਂ ਕੋਲ ਗਿਆ, ਮੁਗਲਾਂ ਦੇ ਤਰਲੇ ਕੀਤੇ ਪਰ ਕਿਸੇ ਉਹਦੀ ਵਾਤ ਨਾ ਲਈ। ਜਾਨ ਬਚਾਉਂਦਾ, ਧੱਕੇ ਠੇਡੇ ਖਾਂਦਾ, ਉਹ ਝੰਗ ਅੱਪੜ ਗਿਆ। ਦੁਨੀਆ ਦੇ ਧੱਕੇ ਰਾਣਾ! ਬੜੇ ਈ ਔਂਤਰੇ ਹੁੰਦੇ ਨੇ। ਸੂਰਜ ਸਿੰਘ ਜਵਾਨ ਸੀ ਪਰ ਐਨੇ ਧੱਕੇ ਖਾ-ਖਾ ਕੇ ਉਹ ਵੀ ਅੰਦਰੋਂ ਮੁੱਕ ਗਿਆ ਸੀ। ਅਖ਼ੀਰ ਉਹ ਉਂਝ ਦੇ ਇੱਕ ਬਾਬੇ ਕੋਲ ਅੱਪੜ ਗਿਆ, ਜਿਹਨਾਂ ਦੇ ਅਸੀਂ ਉਰਸ ਮਨਾਨੇ ਆਂ। ਰਾਣਾ! ਇੱਕ ਗੱਲ ਹੈ ........ ਇਹਨਾਂ ਬਾਬਿਆਂ ਕੋਲੋਂ ਹੋਰ ਕੁਝ ਲੱਭੇ ਨਾ ਲੱਭੇ, ਬੰਦੇ ਦਾ ਦਿਲ ਜ਼ਰੂਰ ਸ਼ਾਂਤ ਹੋ ਜਾਂਦਾ ਏ ਇੱਕ ਵਾਰੀ। ਬੰਦਾ ਜ਼ਰਾ ਮੁੜ ਕਾਇਮ ਹੋ ਜਾਂਦਾ ਏ........ ਕੀ ਖ਼ਿਆਲ ਏ?"

"ਮਰਨ ਤੋਂ ਪਹਿਲਾਂ ਰਾਣਾ ਸੂਰਜ ਸਿੰਘ ਆਪਣੀ ਤੀਵੀਂ ਦੀ ਝੋਲੀ ਵਿਚ ਰਾਣਾ ਫੂਲ ਸਿੰਘ ਛੱਡ ਗਿਆ। ਮੇਰੇ ਦਾਦੇ ਦੇ ਦਾਦੇ ਨੇ ਮੇਰੇ ਦਾਦੇ ਨੂੰ ਦੱਸਿਆ ਸੀ ਪਈ ਰਾਣਾ ਸੂਰਜ ਸਿੰਘ ਨੂੰ, ਰਾਣਾ ਚੰਦਰ ਸਿੰਘ ਦੇ ਬੰਦਿਆਂ ਨੇ, ਜਿਹੜੇ ਉਹਦੀ ਸੂਹ ਲੈਂਦੇ-ਲੈਂਦੇ ਝੰਗ ਅੱਪੜ ਗਏ ਸਨ, ਉਹਨੂੰ ਇਕੱਲੇ ਵੇਖ ਕੇ ਵਾਰ ਕਰ ਦਿੱਤਾ। ਇਹੋ ਹੁੰਦਾ ਸੀ ਉਹਨਾਂ ਦਿਨਾਂ ਵਿਚ ........ ਆਪਣੀ ਔਲਾਦ ਨੂੰ ਬਾਦਸ਼ਾਹੀ ਦੇਣ ਲਈ ਹਰ ਪੁੱਠਾ ਕੰਮ ਸਿੱਧਾ ਸਮਝਿਆ ਜਾਂਦਾ ਸੀ। ਸਕੇ ਪਿਉ ਨੂੰ ਕੈਦ ਕਰਕੇ ਅੰਨ੍ਹਾ ਕਰ ਦੇਣਾ, ਸਕੇ ਭਰਾ ਜ਼ਹਿਰ ਦੇ ਕੇ, ਫਾਹੇ ਲਾ ਕੇ ਜਾਂ ਉਂਝ ਜੰਗ ਦੇ ਮੈਦਾਨ ਵਿਚ ਮਾਰ ਦੇਣੇ। ਵੈਸੇ ਰਾਣਾ! ਇਹ ਬਾਦਸ਼ਾਹ ਕਿੰਝ ਦੇ ਸਨ? ਤਲਵਾਰ ਕੱਢੀ ਤੇ ਲਾਲ ਕਿਲੇ ਦੀਆਂ ਪੌੜੀਆਂ ਉੱਤੇ ਬਹਿ ਗਏ, ਫੌਜ ਨੇ ਦਿੱਲੀ ਨੂੰ ਗਾਜਰ ਮੂਲੀ ਬਣਾ ਦਿੱਤਾ। ਦਿਲ ਆਇਆ ਤਾਂ ਮਾਸ਼ਕੀ ਨੂੰ ਬਾਦਸ਼ਾਹੀ ਦੇ ਦਿੱਤੀ। ਯਾਰ ਰਾਣਾ! ਤੂੰ ਵੀ ਕੋਈ ਇੰਝ ਦਾ ਕੰਮ ਕਿਉਂ ਨਹੀਂ ਕਰਦਾ? ਤੂੰ ਵੀ ਤਾਂ ਰਾਣਾ ਏ! ਰਾਜਪੂਤ!"

"ਕਰਾਂਗਾ! ਮੈਂ ਵੀ ਇੰਝ ਦਾ ਈ ਕੁਝ ਕਰਾਂਗਾ, ਤੂੰ ਕਹਾਣੀ ਪੂਰੀ ਕਰ।" ਈਸ਼ਾਨ ਮੋਚੀ ਬੇਧਿਆਨੇ ਬੋਲਿਆ। ਉਹਦੀ ਆਵਾਜ਼ ਕੁਝ ਗਵਾਚੀ-ਗਵਾਚੀ ਜਿਹੀ ਸੀ।

'ਹਲਾ ਬੱਸ ਕਹਾਣੀ ਮੁੱਕ ਗਈ ਏ! ਰਾਣਾ ਫੂਲ ਸਿੰਘ, ਬਾਬੇ ਸ਼ਾਹ ਵਲੀ ਦੇ ਦਰਬਾਰ ਵਿਚ ਪਲ ਕੇ ਜਵਾਨ ਹੋਇਆ, ਫੇਰ ਉਹ ਦਿਨ ਆਇਆ ਜਦੋਂ ਰਾਣਾ ਫੂਲ ਸਿੰਘ ਤੋਂ ਉਹ ਰਾਣਾ ਫੂਲ ਸਿੰਘ ਮੁਹੰਮਦ ਸੂਹਾ ਹੋ ਗਿਆ। ਉਸ ਦਿਨ ਬਾਬੇ ਨੇ ਉਹਨੂੰ ਇੱਕੋ ਮੱਤ ਦਿੱਤੀ "ਅਖੇ ਫਰਜ਼ ਪੂਰੇ ਕਰਨੇ ਨੇ, ਪੰਜੇ ਦੇ ਪੰਜੇ। ਪਰ ਬੱਚੜਾ ਇਹ ਸਾਰੀਆਂ ਨਮਾਜ਼ਾਂ, ਰੋਜੇ ਗਰਕ ਹੋ ਜਾਣਗੇ ਜੇ ਹਰਾਮ ਦੀ ਕਮਾਈ ਦਾ ਇੱਕ ਦਾਣਾ ਵੀ ਸੰਘੋਂ ਥੱਲੇ ਲਹਿ ਗਿਆ।"

"ਮਤਲਬ ਇਹ ਪਈ ਮੇਰੇ ਵੱਡੇ ਇੰਝ ਮੋਚੀ ਬਣੇ" ਈਸ਼ਾਨ ਮੋਚੀ ਇੰਝ ਬੋਲਿਆ ਜਿਵੇਂ ਉਸਨੂੰ ਪਹਿਲਾਂ ਤੋਂ ਹੀ ਏਸ ਗੱਲ ਦਾ ਪਤਾ ਸੀ।

"ਹਾਂ! ਜਦੋਂ ਹੋਰ ਕੋਈ ਕੰਮ ਨਾ ਸੁੱਝਿਆ ਤਾਂ ਰਿਜ਼ਕ ਹਲਾਲ ਕਮਾਣ ਲਈ ਰਾਣਾ



ਫੂਲ ਮੁਹੰਮਦ ਸੂਹਾ ਨੇ ਜੁੱਤੀਆਂ ਗੰਢਣ, ਸੀਵਣ ਦਾ ਕੰਮ ਸਿੱਖ ਲਿਆ। ਇੰਝ ਹੀ ਹੁੰਦਾ ਰਿਹਾ ਏ, ਹਰ ਕਬੀਲੇ ਵਿਚ ਕੰਮੀ ਵੀ ਹੁੰਦੇ ਹਨ, ਰਾਜੇ ਵੀ, ਪਰ ਕਬੀਲਾ ਤਾਂ ਇਕੋ ਹੁੰਦਾ ਏ ਨਾ। ਕਬੀਲਾ ਬਣਦਾ ਈ ਤਾਂ ਏ ਜੇ ਉਹਦੇ ਜਵਾਨ ਹਰ ਕੰਮ ਕਰਨਾ ਜਾਣਦੇ ਹੋਣ। ਮੈਂ ਕਈਆਂ ਨੂੰ ਵੇਖਿਆ ਏ ਕਬੀਲਾ ਬੱਟ, ਕੰਮ ਹਲਵਾਈਆਂ ਦਾ, ਕਬੀਲਾ ਜੱਟ ਕੰਮ ਧੋਬੀਆਂ ਦਾ, ਕਬੀਲਾ ਖਾਨ ਕੰਮ ਦਰਜ਼ੀਆਂ ਦਾ। ਅੱਜ ਕੱਲ ਤਾਂ ਉਂਜ ਵੀ ਹਾਹਾਕਾਰ, ਪਈ ਹੋਈ ਏ, ਆਪ ਈ ਵੇਖ ਲੈ ਬੇਰੁਜ਼ਗਾਰੀ ਹੱਥੋਂ ਮੁਸਲਮਾਨ ਮੁੰਡੇ ਕਮੇਟੀ ਵਿਚ ਸਫਾਈ ਦੇ ਕੰਮ ਉੱਤੇ ਲੱਗੇ ਹੋਏ ਨੇ, ਕੋਈ ਖਾਨ ਅਖਵਾਉਂਦਾ ਏ, ਕੋਈ ਮਿਰਜ਼ਾ, ਪਰ ਕੰਮ ਕੀ ਪਿਆ ਕਰਨਾ ਪੈਂਦਾ ਏ? ਤੇ ਰਾਣਾ ਕਿਆ ਉਹ ਸਾਰੇ ਚੂਹੜੇ ਹੋ ਗਏ! ਤੇ ਰਾਣਾ! ਇਹ ਚੂਹੜਾ ਵੀ ਪਤਾ ਈ ਇੱਕ ਕੌਮ ਦਾ ਨਾਂ ਏ। ਏਸ ਇਲਾਕੇ ਦੀ ਅਸਲੀ ਨਸਲੀ ਵਸਨੀਕ ਤੇ ਮਾਲਕ ਕੌਮ, ਜਿਹਨੂੰ ਬਾਹਰੋਂ ਆਵਣ ਵਾਲਿਆਂ ਨੇ ਮਾਰ-ਮਾਰ ਐਨਾ ਅਧਮੋਇਆ ਕਰ ਸੁੱਟਿਆ ਪਈ ਉਹ ਏਸ ਕੰਮ ਨੂੰ ਕਰਨ ਉੱਤੇ ਮਜਬੂਰ ਹੋ ਗਏ। ਫੇਰ ਜਿਹਨੇ ਕਿਹਨੇ ਇਹ ਕੰਮ ਫੜਿਆ, ਲੋਕਾਂ ਜਾਹਲਾਂ ਉਹਨੂੰ ਚੂਹੜਾ ਬਣਾ ਦਿੱਤਾ। ਆਪ ਸੋਚ ਰਾਣਾ! ਸਭ ਸਮਝ ਦਾ ਹੇਰ ਫੇਰ ਏ। ਰੱਬ ਸੱਚੇ ਨੇ ਸਭ ਨੂੰ ਆਦਮਜਾਤ ਬਣਾਇਆ ਸੀ, ਇੱਕੋ ਜਿਹਾ! ਬਰਾਬਰ! ਸਾਵਾਂ! ਫੇਰ ਕੋਈ ਬਾਦਸ਼ਾਹ ਬਣ ਗਿਆ, ਕੋਈ ਫਕੀਰ! ਪਤਾ ਨਹੀਂ ਲੋਕਾਂ ਨੂੰ ਕੀ ਵਗ ਗਈ ਏ! ਜਿਹਨੇ ਰੋਟੀ ਕਮਾਣ ਲਈ ਜੋ ਕੰਮ ਸਿੱਖਿਆ ਉਹ ਈ ਉਹਦੀ ਜਾਤ ਬਣਾ ਦਿੱਤੀ। ਪਰ ਇਹਦੇ ਵਿਚ ਲੋਕਾਂ ਦਾ ਵੀ ਕੀ ਕਸੂਰ ਏ ਰਾਣਾ! ਗੋਰਾਸ਼ਾਹੀ ਵੇਲੇ ਇੱਕ ਗੰਦ ਘੋਲਿਆ ਗਿਆ ਸੀ, ਜਿਹਨੇ ਅਜੇ ਤਾਈਂ ਬੋ ਦੇਣੀ ਨਹੀਂ ਛੱਡੀ। ਹੋਰ ਤੇ ਹੋਰ, ਆਪਣੀਆਂ ਅਦਾਲਤਾਂ ਵਿਚ ਅਜੇ ਤਾਈਂ ਉਹੋ ਕਾਨੂੰਨ ਚੱਲ ਰਿਹਾ ਏ। ਇਹ ਤਾਂ ਉਹੋ ਗੱਲ ਹੋਈ, "ਮੁਲਕ ਖੁਦਾ ਦਾ, ਹਕੂਮਤ ਅਜੇ ਵੀ ਗੋਰੇ ਦੀ, ਹੁਕਮ ਅਜੇ ਵੀ ਗੋਰੀ ਸਰਕਾਰ ਦਾ।" ਖੈਰ ਲੰਮੀਆਂ ਕੀ ਕਰਨੀਆਂ ਨੇ........ ਏਸ ਗੱਲ ਨੂੰ ਯੁੱਗ ਬੀਤ ਗਏ ਨੇ?। ਵਿਚ ਵਿਚ ਕਿਧਰੇ ਨਾਦਰ ਸ਼ਾਹ, ਅਹਿਮਦ ਸ਼ਾਹ, ਰਣਜੀਤ ਸਿੰਘ ਤੇ ਅਖੀਰ ਅੰਗਰੇਜ਼ ਬਾਦਸ਼ਾਹ ਆ ਗਏ। ਜਿਹੜੇ ਅੰਗਰੇਜ਼ਾਂ ਨਾਲ ਜਾ ਰਲੇ, ਉਹਨਾਂ ਦੇ ਰਾਜਵਾੜੇ ਰਿਆਸਤਾਂ, ਬਾਦਸ਼ਾਹੀਆਂ ਬਚ ਗਈਆਂ, ਬਾਕੀ ਰੁਲਣ ਡਹਿ ਪਏ ਤੇ ਅੱਜ ਕੱਲ ਰਾਣਾ ਚੰਦਰ ਸਿੰਘ ਸੂਹਾ ਦੀ ਔਲਾਦ ਉਧਰ ਬਾਡਰੋਂ ਪਾਰ, ਕਿਧਰੇ ਮਜ਼ਦੂਰੀ ਪਈ ਕਰਦੀ ਹੋਣੀ ਏ ਤੇ ਰਾਣਾ ਫੂਲ ਮੁਹੰਮਦ ਸੂਹਾ ਦੇ ਟੱਬਰ ਦਾ ਇੱਕ ਬੰਦਾ ਏਸ ਵੇਲੇ ਮੇਰੇ ਸਾਹਮਣੇ ਬੈਠਾ ਆਪਣੀ ਆਰ ਵੱਲ ਪਿਆ ਵੇਖਦਾ ਏ। ਲੋਕੀਂ ਉਹਨੂੰ ਈਸ਼ਾਨ ਮੋਚੀ ਆਖਦੇ ਨੇ ਪਰ ਮੇਰੇ ਦਾਦੇ ਦੇ ਦਾਦੇ ਨੂੰ ਇਹ ਗੱਲ ਉਹਦੇ ਦਾਦੇ ਨੇ ਸੁਣਾਈ ਸੀ ਤੇ ਰਾਣਾ! ਮੇਰੇ ਵਡਿੱਕੇ ਕਦੀ ਝੂਠ ਨਹੀਂ ਸਨ ਮਾਰਦੇ। ਏਸੇ ਗੱਲੇ ਸਾਰੀ ਦੁਨੀਆ ਸਾਨੂੰ ਦਾਦਾ ਆਖਦੀ ਏ, ਅਸੀਂ ਆਪਣੇ ਦਾਦਿਆਂ ਪੜਦਾਦਿਆਂ ਦਾ ਆਖਿਆ ਚੇਤੇ ਰੱਖਨੇ ਆਂ........ ਮੈਂ ਖਾਨ ਹੁਰਾਂ ਨੂੰ ਵੀ ਆਖਿਆ ਸੀ ਪਈ ਅਸੀਂ ਰਾਜੇ ਨੂੰ ਰਾਜਾ ਈ ਕਹਿਨੇ ਆ ਤੇ ਕਹਿੰਦੇ ਰਹਾਂਗੇ ਕਿਉਂ ਜੇ ਇਹ ਈ ਸਾਡੀ ਰੋਟੀ ਰੋਜ਼ੀ ਏ।"

"ਸੱਚ ਏ ਦਾਦਾ! ਸੱਚ ਏ।" ਈਸ਼ਾਨ ਮੋਚੀ ਨੇ ਉਂਝੇ ਹੀ, ਐਵੇਂ ਈ ਲਕਮਾ ਦਿੱਤਾ

ਸੀ।

ਹੁਣ ਇਹਦੇ ਵਿਚ ਝੂਠ ਕਿੰਨਾ ਕੀ ਸੀ ਤੇ ਸੱਚ ਕਿੰਨਾ, ਇਹ ਤਾਂ ਇਕ ਖ਼ੁਦਾ ਦੀ ਜਾਤ ਈ ਜਾਣਦੀ ਸੀ, ਪਰ ਦਾਦਾ ਕਹਾਣੀਆਂ ਸੁਣਾਉਣ ਤੋਂ ਬਾਜ਼ ਨਹੀਂ ਸੀ ਆਇਆ।

ਇਹ ਕਹਾਣੀਆਂ ਸੁਣ ਕੇ, ਉਸ ਰਾਤ ਤੋਂ ਬਾਅਦ ਹਰ ਰਾਤ, ਈਸ਼ਾਨ ਮੋਚੀ ਹੋਰ ਈ ਤਰ੍ਹਾਂ ਸੋਚਣ ਡਹਿ ਪਿਆ।

ਹੈਦਰ ਦੇ ਜਵਾਨ ਹੁੰਦਿਆਂ-ਹੁੰਦਿਆਂ ਈਸ਼ਾਨ ਮੋਚੀ ਸ਼ਹਿਰ ਦਾ ਜਾਣਿਆ ਪਛਾਣਿਆ ਮੰਨਿਆ-ਪ੍ਰਮੰਨਿਆ ਜੁਫਤ ਸਾਜ਼ ਬਣ ਗਿਆ ਸੀ। ਵੱਡੇ-ਵੱਡੇ ਲੋਕ ਉਹਦੇ ਤੋਂ ਸਾਈ ਉੱਤੇ ਜੁੱਤੀਆਂ ਬਣਾਉਂਦੇ ਸਨ। ਦੂਜਿਆਂ ਦੀ ਬਣਾਈ ਜੁੱਤੀ ਭਾਵੇਂ, ਪਹਿਲੀ ਵਾਰ ਪੈਰੀਂ ਪਾਉਣ ਪਿੱਛੋਂ ਇੱਕ ਵਾਰ ਵੱਢਦੀ ਹੋਵੇ, ਪਰ ਰਾਣਾ ਈਸ਼ਾਨ ਅਲੀ ਜੁਫਤ ਸਾਜ਼ ਦਾ ਦਾਅਵਾ ਸੀ ਪਈ ਉਹਦੇ ਹੱਥ ਦੀ ਬਣਾਈ ਜੁੱਤੀ ਜੇ ਵੱਢ ਜਾਵੇ ਤਾਂ ਉਹ ਭਰੇ ਬਾਜ਼ਾਰ ਵਿਚ ਬਹਿ ਕੇ ਉਸੇ ਜੁੱਤੀ ਦੀ ਮਾਰ ਖਾਣ ਨੂੰ ਤਿਆਰ ਏ।

ਖ਼ੈਰ ਉਹ ਕੀ ਕਰਦਾ ਸੀ ਕਿ ਚਮੜਾ ਉਹਦੇ ਹੱਥ ਵਿਚ ਆ ਕੇ ਜਿਵੇਂ ਰੇਸ਼ਮ ਦਾ ਕੱਪੜਾ ਈ ਬਣ ਜਾਂਦਾ ਸੀ। ਕੂਲਾ-ਕੂਲਾ, ਪੋਲਾ-ਪੋਲਾ ਹਵਾ ਵਰਗਾ, ਜੁੱਤੀ ਪਾ ਕੇ ਬੰਦਾ ਉੱਡਿਆ ਫਿਰਦਾ ਸੀ।

ਦਾਦੇ ਦੀ ਥਾਂ ਹੁਣ ਸਾਲ ਦੇ ਸਾਲ ਦਾਦੇ ਦਾ ਪੁੱਤਰ, ਛੋਟਾ ਦਾਦਾ ਆਉਂਦਾ ਹੁੰਦਾ ਸੀ। ਉਹਦੇ ਹੱਥੋਂ ਪਿੰਡ ਦੇ ਨਿੱਕੇ-ਵੱਡੇ, ਹਰ ਕਿਸੇ ਦੀ ਖ਼ੈਰ ਖ਼ਬਰ ਮਿਲ ਜਾਂਦੀ ਸੀ।

ਹੈਦਰ ਦੇ ਅਫਸਰ ਲੱਗ ਜਾਵਣ ਵਾਲੇ ਦਿਨ, ਮਠਿਆਈ ਵੰਡਣ ਪਿੱਛੋਂ, ਰਾਣਾ ਈਸ਼ਾਨ ਅਲੀ ਸੂਹਾ ਨੇ ਹੱਥ ਨਾਲ ਕੰਮ ਕਰਨਾ ਛੱਡ ਦਿੱਤਾ ਸੀ। ਕਾਰੋਬਾਰ ਹੁਣ ਉਹਦੇ ਸ਼ਾਗਿਰਦ ਚਲਾਉਂਦੇ ਸਨ।

ਹੈਦਰ ਨੂੰ ਆਪਣੇ ਪਿਉ ਨਾਲ ਬੀਤੀ ਤੇ ਦਾਦੇ ਦੀ ਕੀਤੀ ਹਰਫ ਬਾ ਹਰਫ ਯਾਦ ਸੀ।

ਜਦੋਂ ਉਹ ਬੈਠਕ ਦੇ ਬੂਹੇ ਤੋਂ ਅੰਦਰ ਹੋਇਆ, ਰਾਣਾ ਈਸ਼ਾਨ ਅਲੀ ਸੂਹਾ, ਥੱਲੇ ਭੋਏਂ ਉੱਤੇ ਬੈਠਾ, ਸਿਰ ਚੁੱਕ ਕੇ ਉਸ ਬੁੱਢੇ ਜ਼ਈਫ ਬੰਦੇ ਵੱਲ ਦੇਖ ਰਿਹਾ ਸੀ, ਜਿਹੜਾ ਸੋਫੇ ਉੱਤੇ ਬੈਠਾ ਕਹਿ ਰਿਹਾ ਸੀ, "ਤੂੰ ਉੱਤੇ ਕਿਉਂ ਨਹੀਂ ਬਹਿੰਦਾ? ........ ਮੰਨਿਆ ਥੱਲੇ ਕਾਲੀਨ ਏ ਪਰ ........ ਇੰਜ ਨਹੀਂ ਕਰੀਦਾ। ਚੱਲ ਉੱਠ ਨਾਲ ਦੇ ਸੋਫੇ ਉੱਤੇ ਈ ਬਹਿ ਜਾ।"

ਹੈਦਰ ਤਾਂ ਜਿਵੇਂ ਪੈਰੋਂ ਈ ਪੁੱਟਿਆ ਗਿਆ। ਇਹ ਕਿੰਝ ਹੋ ਸਕਦਾ ਏ ਰਾਣਾ ਹੈਦਰ ਈਸ਼ਾਨ ਸੂਹਾ ਦਾ ਪਿਉ ਜ਼ਮੀਨ ਉੱਤੇ ਬੈਠਾ ਹੋਵੇ? ਉਹ ਵੀ ਆਪਣੇ ਘਰ, ਆਪਣੀ ਚਾਰਦੀਵਾਰੀ ਦੇ ਅੰਦਰ........?" ਸੋਚ ਦੀ ਬਿਜਲੀ ਵਰਗੀ ਲਹਿਰ ਸਿਰ ਤੋਂ ਲੈ ਕੇ ਪੈਰਾਂ ਤਾਈਂ ਹੈਦਰ ਨੂੰ ਹਿਲਾ ਗਈ।

"ਅੱਬਾ ਜੀ! ਉੱਠੋ........! ਇਹ ਕੀ ਹੋ ਰਿਹਾ ਏ!" ਹੈਦਰ ਦੀ ਆਵਾਜ਼ ਵੱਟ ਤੇ ਦੁੱਖ ਨਾਲ ਕੰਬ ਗਈ।

"ਬੇਟਾ! ਇਹ ਸਾਡੇ ਪਿੰਡ ਦੇ ਵੱਡੇ ਖਾਨ ਜੀ ਨੇ ........ ਤੂੰ ਨਹੀਂ ਸਿਆਣਦਾ।



ਇਹਨਾਂ ਦਾ ਇੱਕ ਜ਼ਰੂਰੀ ਕੰਮ ਏ। ਤੂੰ ਇਹਨਾਂ ਦੀ ਗੱਲ ਸੁਣ। ਮੈਂ ਕੁਝ ........ ਤੇਰੀ ਮਾਂ ਨੇ ਕੁਝ ਬਣਾਇਆ ਹੋਣਾ ਏ ........ ਖਾਨ ਜੀ! ਮੈਂ ਹੁਣੇ ਆਇਆ।" ਰਾਣਾ ਈਸ਼ਾਨ ਅਲੀ ਉਠ ਕੇ ਫਟਾਫਟ ਬੋਲਿਆ ਤੇ ਬੈਠਕ ਤੋਂ ਬਾਹਰ ਨਿਕਲ ਗਿਆ।

ਹੈਦਰ ਨੇ ਆਪਣੇ ਆਪ ਬੜਾ ਔਖਾ ਸੰਭਾਲਿਆ, ਖਾਨ ਜੀ ਦੀ ਗੱਲ ਸੁਣੀ, ਮਦਦ ਦਾ ਵਾਇਦਾ ਕੀਤਾ।

ਏਸ ਸਾਰੇ ਸਮੇਂ ਵਿਚ ਰਾਣਾ ਈਸ਼ਾਨ ਅਲੀ ਚੁੱਪ ਕਰਕੇ ਬੈਠਾ ਰਿਹਾ।

ਖਾਨ ਜੀ, ਖਾ ਪੀ, ਦੁਆ ਸਲਾਮ ਕਰਕੇ ਵਿਦਿਆ ਹੋ ਗਏ।

ਹੈਦਰ ਅੰਦਰੋ-ਅੰਦਰ ਉਬਲ ਰਿਹਾ ਸੀ।

ਖਾਨ ਜੀ ਘਰੋਂ ਨਿਕਲੇ ਤਾਂ ਹੈਦਰ ਟੀ. ਵੀ. ਲਾਉਜ ਵਿਚ ਆਇਆ।

ਪਿਉ ਪੁੱਤਰ ਆਹਮਣੇ-ਸਾਹਮਣੇ ਬਹਿ ਗਏ।

ਹੈਦਰ ਗੱਲ ਦਾ ਮੁੱਢ ਬੰਨ੍ਹਣ ਲਈ ਅਜੇ ਸੋਚ ਈ ਰਿਹਾ ਸੀ ਕਿ ਰਾਣਾ ਈਸ਼ਾਨ ਅਲੀ ਬੋਲਿਆ, "ਹੈਦਰ! ਇਹ ਉਹ ਖਾਨ ਜੀ ਸਨ ਜਿਹਨਾਂ ਮੇਰੇ ਉੱਤੇ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਅਹਿਸਾਨ ਕੀਤਾ ਏ ਤੇ ਉਹ ਅਹਿਸਾਨ ਐਡਾ ਵੱਡਾ ਏ ਕਿ ਮੈਂ ਕੁਝ ਵੀ ਕਰ ਲਵਾਂ, ਉਹਦਾ ਬਦਲਾ ਨਹੀਂ ਦੇ ਸਕਦਾ।"

"ਇਹ ਉਹ ਈ ਸੀ ਨਾ ਜਿਹਨੇ ਤੁਹਾਨੂੰ ........ ਪਿੰਡੋਂ ਕੱਢਿਆ ਸੀ।" ਹੈਦਰ ਬੋਲਿਆ।

"ਆਹੋ ਬੇਟਾ! ਜੇ ਖਾਨ ਜੀ ਇੰਝ ਨਾ ਕੀਤਾ ਹੁੰਦਾ ਤਾਂ ........ ਤਾਂ ........ ਅੱਜ ਤੂੰ ਵੀ ਉਥੇ ਈ ........ ਉਸੇ ਪਿੰਡ ਦੀ ਕਿਸੀ ਰੂੜੀ ਦੇ ਨਾਲ ਥੜ੍ਹੀ ਉੱਤੇ ਬੈਠਾ, ਪਾਟੀਆਂ ਜੁੱਤੀਆਂ ਨੂੰ ਤਰੋਪੇ ਪਿਆ ਲਾਂਦਾ ਹੋਣਾ ਸੀ.........।" ਰਾਣਾ ਈਸ਼ਾਨ ਅਲੀ ਸੂਹਾ ਨੇ ਆਖਿਆ। •

ਲਿਪੀ ਰੂਪਾਂਤਰਣ - ਪਾਲ ਸਿੰਘ ਵੱਲਾ

## ਰਾਜਾ ਰਸਾਲੂ ਦਾ ਦਿਹਾਂਤ

ਰਾਜਾ ਰਸਾਲਾ ਸਾਰਾ ਜੀਵਨ ਪੱਛਮੀ ਪੰਜਾਬ ਵਿਚ ਪੰਜਾਬੀ ਜ਼ੁਬਾਨ ਦੀ ਪਛਾਣ ਤੇ ਵਿਕਾਸ ਲਈ ਬਹਾਦਰਾਂ ਵਾਂਗ ਜੂਝਦਾ ਰਿਹਾ ਸੀ। ਉਸਦੇ ਜੀਵਨ ਦੀ ਇੱਕੋ-ਇੱਕ ਲਗਨ ਪੰਜਾਬੀ ਬੋਲੀ ਨੂੰ ਮਾਨਤਾ ਦਿਵਾਉਣ ਤੇ ਇਸ ਲਈ ਢੁੱਕਵੇਂ ਸਥਾਨ ਦੀ ਪ੍ਰਾਪਤੀ ਸੀ। ਮਜਲਸ ਸ਼ਾਹ ਹੁਸੈਨ ਦੀ ਸਥਾਪਨਾ ਤੋਂ ਤੁਰ ਕੇ ਪੰਜਾਬੀ ਅਦਬੀ ਬੋਰਡ ਦੀ ਸਥਾਪਨਾ ਤੀਕ ਉਹ ਨਿਰੰਤਰ ਕਈ ਦਹਾਕੇ ਪੰਜਾਬੀ ਜ਼ੁਬਾਨ ਲਈ ਫ਼ਿਕਰਮੰਦ ਰਿਹਾ। ਅਸੀਂ ਉਸਦੇ ਦਿਹਾਂਤ ਉਪਰੰਤ ਪੰਜਾਬੀ ਅਦਬੀ ਭਾਈਚਾਰੇ ਦੇ ਦੁੱਖ ਵਿਚ ਸ਼ਾਮਲ ਹਾਂ। - ਸੰਪਾਦਕੀ ਮੰਡਲ ਚਿਰਾਗ

## ਦੋ ਗ਼ਜ਼ਲਾਂ/ ਜਗਤਾਰ ਸਾਲਮ

### 1.

ਜ਼ਖ਼ਮੀ ਪਰਿੰਦਾ ਆਸਾ-ਪਾਸਾ ਦੇਖਦਾ ਹੈ।
ਚੁੱਪ-ਚਾਪ ਜੰਗਲ ਤਮਾਸ਼ਾ ਦੇਖਦਾ ਹੈ।

ਚੋਰ ਦਾ ਮਨ ਭਰ ਜਾਂਦਾ ਹੈ ਜਦੋਂ ਉਹ,
ਕੁੱਲੀ 'ਚ ਖਾਲੀ ਕਾਸਾ ਦੇਖਦਾ ਹੈ।

ਕਿੰਨਾ ਕੁਝ ਉਛਲਦਾ ਹੈ ਉਸਦੇ ਮਨ ਅੰਦਰ,
ਨਦੀ ਉਛਲਦੀ ਜਦ ਪਿਆਸਾ ਦੇਖਦਾ ਹੈ।

ਇਹ ਕੌਣ ਹੈ ਜੋ ਮੇਰੇ ਅੰਦਰ ਚੀਕਦਾ ਹੈ,
ਸਾਰਾ ਸ਼ਹਿਰ ਤਮਾਸ਼ਾ ਦੇਖਦਾ ਹੈ।

### 2.

ਇਹਨਾਂ ਬੁੱਢੇ ਪੰਛੀਆਂ ਨੂੰ ਕਰ ਦਿਓ ਆਜ਼ਾਦ।
ਮੈਂ ਬਸ ਏਨਾ ਕਿਹਾ ਸੀ ਛਿੜ ਗਿਆ ਵਿਵਾਦ।

ਉਦ੍ਹੇ ਅੰਦਰ ਉਜਾੜ ਹੈ ਕਦੇ ਨਹੀਂ ਜਾਣੀ,
ਤੂੰ ਭਾਵੇਂ ਉਸਨੂੰ ਵਾਰ-ਵਾਰ ਕਰ ਆਬਾਦ।

ਇਹ ਕੌਣ ਹੈ ਜੋ ਮੇਰੇ ਅੰਦਰ ਬਹਿਸਦਾ ਹੈ,
ਆਖਦਾ ਹੈ ਤੂੰ ਮੈਨੂੰ ਕਰਦੇ ਅਨਾਦ।

ਗਿਣਤੀਆਂ ਕਰਦਾ ਮੈਂ ਵੀ ਉਲਝ ਜਾਂਦਾ ਹਾਂ,
ਉਲਝੇ ਪਏ ਨੇ ਅੰਦਰ ਖ਼ਬਰੇ ਕਿੰਨੇ ਵਾਦ।

ਕੁੱਲੀ 'ਚ ਬੈਠਾ ਫ਼ਕੀਰ ਜੇ ਰਾਗ ਛੂਹਵੇ,
ਜੰਗਲ ਨੂੰ ਕਰ ਸਕਦੀ ਹੈ ਇਹ ਬੰਸਰੀ ਆਬਾਦ।

**(ਰੋਜ਼ਾਨਾ ਦੇਸ਼-ਸੇਵਕ, ਚੰਡੀਗੜ੍ਹ)**



## ਦੋ ਗ਼ਜ਼ਲਾਂ/ ਦਾਦਰ ਪੰਡੋਰਵੀ

### 1.

ਮੇਰਾ ਬੇਟਾ, ਹੁਣੇ ਮੇਰੀ ਨਸੀਹਤ ਸਮਝਦਾ ਹੈ।
ਖਿਡਾਉਣੇ ਕੀਮਤੀ, ਬਟੂਏ ਦੀ ਹਾਲਤ ਸਮਝਦਾ ਹੈ!!

ਘਰਾਂ ਵਿਚ ਲੈਂਟਰਾਂ ਨੇ ਆਉਣਾ-ਜਾਣਾ ਰੋਕ ਦਿੱਤਾ,
ਕਮੀ ਚਿੜੀਆਂ ਦੀ ਨੂੰ ਬੰਦਾ ਕੋਈ ਆਫ਼ਤ ਸਮਝਦਾ ਹੈ!!

ਸਿਫ਼ਾਰਸ਼ ਨਾਲ, ਰਿਸ਼ਵਤ ਨਾਲ ਸਭ ਕੁਝ ਮਿਲ ਹੀ ਜਾਂਦਾ,
ਅਸਾਡਾ ਦੇਸ਼ ਇਸਨੂੰ ਵੀ ਸਹੂਲਤ ਸਮਝਦਾ ਹੈ!!

ਕਿਵੇਂ ਪ੍ਰਬੰਧ ਨੇ ਸ਼ੱਕੀ ਬਣਾਈਆਂ ਨੇ ਉਡਾਨਾਂ,
ਪਰਿੰਦਾ ਪਿੰਜਰੇ ਵਿਚ ਹੀ ਹਿਫਾਜ਼ਤ ਸਮਝਦਾ ਹੈ!!

ਹਜ਼ਾਰਾਂ ਵਾਰ ਮਰਦਾ ਹੈ ਰੋਜ਼ਾਨਾ ਆਦਮੀ, ਪਰ
ਇਹ ਫਿਰ ਵੀ ਮੌਤ ਦੇ ਦਿਨ ਨੂੰ ਕਿਆਮਤ ਸਮਝਦਾ ਹੈ!!

ਸਕੂਲੇ ਜਾਣ ਬਦਲੇ ਮੰਗਦਾ ਹੈ ਜੇਬ ਖਰਚਾ
ਕਿਆ ਬਾਤਾਂ ਨੇ, ਬੱਚਾ ਵੀ ਸਿਆਸਤ ਸਮਝਦਾ ਹੈ!!

ਅਗਰ ਖ਼ਾਮੋਸ਼ ਪੱਥਰ ਹੋ ਗਏ ਨੇ ਕੁਝ ਦਿਨਾਂ ਤੋਂ,
ਉਹ ਸ਼ੀਸ਼ੇ ਦੇ ਮਕਾਨਾਂ ਨੂੰ ਸਲਾਮਤ ਸਮਝਦਾ ਹੈ!!

ਅਸੀਂ ਇਨਸਾਨ ਹਾਂ, ਇਹ ਵੀ ਅਸੀਂ ਹੀ ਸਮਝਦੇ ਹਾਂ,
ਮਗਰ ਕੀੜੇ-ਮਕੌੜੇ ਸਾਨੂੰ 'ਭਾਰਤ' ਸਮਝਦਾ ਹੈ!!

ਪਰਿੰਦੇ ਆਲ੍ਹਣੇ ਦੇ ਵਾਸਤੇ ਰੁੱਖ ਮੰਗਦੇ ਨੇ,
ਤੇ ਵੇਖੋ ਸੋਚ ਜੰਗਲ ਦੀ, ਬਗ਼ਾਵਤ ਸਮਝਦਾ ਹੈ!!

## 2.

ਇਸ ਸਦੀ ਦਾ ਇਹ ਭਿਆਨਕ ਤੇ ਵਚਿੱਤਰ ਹਾਦਸਾ ਹੈ।
ਮੋਢਿਆਂ ਤੇ ਸਿਰ ਤਾਂ ਨੇ ਪਰ ਸੋਚ ਸਿਰ ਚੋਂ ਲਾਪਤਾ ਹੈ!!

ਰਸਤਿਆਂ ਦਾ ਬੋਝ ਚੁੱਕੀ ਹੋ ਗਏ ਕੁੱਬੇ ਮੁਸਾਫ਼ਿਰ,
ਮੰਜ਼ਿਲਾਂ - ਪੈਰਾਂ ਵਿਚਾਲੇ ਫਿਰ ਵੀ ਲੰਬਾ ਫ਼ਾਸਲਾ ਹੈ!!

ਮੈਂ ਇਨ੍ਹਾਂ ਅੰਦਰ ਛੁਪੇ ਹੋਏ ਸਮੁੰਦਰ ਵੇਖਦਾ ਹਾਂ,
ਜੋ ਤੁਹਾਡੇ ਵਾਸਤੇ ਬਸ ਤੁਪਕਿਆਂ ਦਾ ਕਾਫ਼ਲਾ ਹੈ!!

ਫਿਰ ਕਿਤੇ ਤੂੰ ਸਾਗਰਾਂ ਦੀ ਭਾਲ ਵਿਚ ਨਾ ਨਿਕਲ ਜਾਵੀਂ,
ਰੇਤ ਦਾ ਕਣ-ਕਣ ਪਿਆਸਾ ਇਕ ਨਦੀ ਨੂੰ ਆਖਦਾ ਹੈ!!

ਆਰ ਵੀ ਤੇ ਪਾਰ ਵੀ ਹੈ ਖੇਡਦੀ ਖੇਡਾਂ ਸਿਆਸਤ,
ਤਰਕ ਵੀ ਦਿੰਦੀ, ਗੁਆਂਢੀ ਦਾ ਬੜਾ ਹੀ ਆਸਰਾ ਹੈ!!

ਸਿਰ 'ਤੇ ਚੁੰਨੀ ਲੈਣ ਨੂੰ ਵੀ ਜਦ ਕਹੇ ਔਰਤ ਅਡੰਬਰ,
ਪਾਰਦਰਸ਼ੀ ਕਪੜਿਆਂ ਦਾ ਦੌਰ ਵਾਜਬ ਜਾਪਦਾ ਹੈ!!

ਰਾਤ ਦੇ ਨੇਰ੍ਹੇ 'ਚ ਕਿੱਧਰ ਪੈਰ ਪੁੱਟਣਗੇ ਮੁਸਾਫ਼ਿਰ,
ਚਾਨਣੀ, ਦੀਵਾ ਨਾ ਕੋਈ ਜੁਗਨੂੰਆਂ ਦਾ ਕਾਫ਼ਲਾ ਹੈ!!

ਝੀਲ ਦੇ ਵਿਚ ਡੁੱਬ ਰਹੇ ਸੂਰਜ ਨੂੰ ਜਾ ਕੇ ਰੋਕ ਲੈ ਤੂੰ,
ਢਲਦਿਆਂ ਪਰਛਾਵਿਆਂ ਦਾ ਵਕਤ ਨੂੰ ਇਹ ਵਾਸਤਾ ਹੈ!!

ਮੇਰੀਆਂ ਵਿਰਲਾਂ ਚੋਂ ਕਿਸਨੇ ਝਾਕਿਆ ਹੈ, ਫੇਰ 'ਦਾਦਰ',
ਨੇਰ੍ਹ ਹੋਈ ਜ਼ਿੰਦਗੀ ਵਿਚ, ਚਾਨਣਾ ਹੀ ਚਾਨਣਾ ਹੈ!!

ਪਿੰਡ+ ਡਾਕ - ਢੱਕ ਪੰਡੋਰੀ, ਤਹਿ ਫਗਵਾੜਾ-144401

### ਨਾਰੀ ਗ਼ਜ਼ਲਕਾਰਾਂ ਦੇ ਧਿਆਨ ਹਿੱਤ

ਸੰਸਾਰ ਭਰ ਦੀਆਂ ਇਸਤਰੀ ਪੰਜਾਬੀ ਗ਼ਜ਼ਲਕਾਰਾਂ ਦੀਆਂ ਗ਼ਜ਼ਲਾਂ ਉੱਤੇ ਅਧਾਰਿਤ ਇੱਕ ਨਿਆਰਾ ਗ਼ਜ਼ਲ ਸੰਗ੍ਰਹਿ ਪ੍ਰਸਿੱਧ ਗ਼ਜ਼ਲ ਉਸਤਾਦ ਸੁਲੱਖਣ ਸਰਹੱਦੀ ਦੁਆਰਾ ਸੰਪਾਦਿਤ ਕੀਤਾ ਜਾ ਰਿਹਾ ਹੈ। ਕੈਨੇਡਾ ਵਾਲੇ ਗ਼ਜ਼ਲਕਾਰ ਸ੍ਰੀ ਗਿੱਲ ਨੂਰਾਂਵਾਲੀ ਵੀ ਇਸਦੇ ਸਹਿਯੋਗੀ ਹਨ। ਇਸਤਰੀ ਗ਼ਜ਼ਲਕਾਰਾਂ ਨੂੰ ਆਪਣੀਆਂ ਦਸ-ਦਸ ਚੋਣਵੀਆਂ ਗ਼ਜ਼ਲਾਂ ਫੋਟੋ ਅਤੇ ਸੰਖੇਪ ਜੀਵਨੀ ਹੇਠ ਲਿਖੇ ਪਤੇ ਤੇ ਜਲਦੀ ਭੇਜ ਦੇਣ।

ਪਤਾ :- ਸੁਲੱਖਣ ਸਰਹੱਦੀ

ਪਿੰਡ ਕੁਹਾਰ, ਡਾਕ. ਤੇ ਅਗੀਵਾਲ, ਦਰੋਗਾ ਜ਼ਿਲ੍ਹਾ ਗੁਰਦਾਸਪੁਰ ਫੋਨ 94171-84337



<u>ਰੇਖਾ ਚਿਤਰ</u>

# ਦਰਦ ਦੀ ਦਾਸਤਾਨ - ਫਰੀਦਾ ਕਾਹਲੋਂ

ਹਰਭਜਨ ਸਿੰਘ ਹੁੰਦਲ

1.

ਫਰੀਦਾ ਕਾਹਲੋਂ ਦਾ ਨਾਂ ਆਪਣਾ-ਆਪਣਾ ਜਿਹਾ ਲੱਗਦਾ ਹੈ। ਉਸਦਾ ਨਾਂ ਲੈਂਦਿਆਂ ਪਹਿਲਾਂ ਤਾਂ ਫਰੀਦਾ ਖਾਨਮ ਦਾ ਨਾਂ ਚੇਤੇ ਆਉਂਦਾ ਹੈ। ਕਾਹਲੋਂ ਗੋਤ ਤੋਂ ਇੰਝ ਲੱਗਦਾ ਹੈ ਕਿ ਜਿਵੇਂ ਇਹ ਕੁੜੀ ਪੰਜਾਬੀਆਂ ਦੀ ਧੀ ਹੋਵੇ। ਪਰ ਨਹੀਂ ਪਿਆਰਿਓ, ਤੁਸੀਂ ਹਰ ਗੱਲ ਪੰਜਾਬ ਨਾਲ ਹੀ ਨਾ ਜੋੜ ਲਿਆ ਕਰੋ। 'ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈ' ਪੰਜਾਬੀਆਂ ਤੋਂ ਬਿਨਾਂ ਵੀ ਇਸ ਪਿਆਰੀ ਧਰਤੀ ਉੱਤੇ ਕਿੰਨੇ ਲੋਕ, ਕਿੰਨੀਆਂ ਕੌਮਾਂ ਵੱਸਦੀਆਂ ਨੇ। ਕਾਹਲੋਂ ਕੁੜੀ ਗੁਰਦਾਸਪੁਰ ਦੇ ਕਿਸੇ ਪਿੰਡ ਦੀ ਨਹੀਂ ਸੀ। ਉਹ ਤਾਂ ਅਮਰੀਕੀ ਮਹਾਂਦੀਪ ਵਿਚਲੇ ਛੋਟੇ ਜਿਹੇ ਦੇਸ਼ ਮੈਕਸੀਕੋ ਦੀ ਜੰਮੀ ਜਾਈ ਸੀ ਜਿਸ ਦੀ ਮਹਿਮਾ ਹੌਲੀ-ਹੌਲੀ ਤੁਰਦੀ-ਤੁਰਦੀ ਪੰਜਾਬ ਤੀਕ ਪਹੁੰਚ ਗਈ ਸੀ।

ਅਦਭੁੱਤ ਸ਼ਖ਼ਸੀਅਤਾਂ ਅਲੋਕਾਰ ਵਿਅਕਤੀਆਂ ਤੇ ਅਦੁੱਤੀ ਪ੍ਰਤਿਭਾ ਵਾਲੇ ਕਲਾਕਾਰਾਂ ਦੀ ਕੀਰਤੀ ਇੰਝ ਹੀ ਦਰਿਆਵਾਂ ਸਮੁੰਦਰਾਂ ਤੇ ਸਰਹੱਦਾਂ ਨੂੰ ਪਾਰ ਕਰਦੀ ਸਾਰੇ ਸੰਸਾਰ ਵਿਚ ਫੈਲ ਜਾਂਦੀ ਹੈ।

ਫਰੀਦਾ ਕਾਹਲੋਂ ਚਿਤਰਕਾਰ ਸੀ ਅਤੇ ਸੰਸਾਰ ਪ੍ਰਸਿੱਧ ਚਿਤਰਕਾਰ ਤੇ ਕੰਧ-ਕਲਾਕਾਰ ਡੀਗੋ ਰਿਵੇਰਾ ਦੀ ਪਤਨੀ ਸੀ। ਠੀਕ ਹੈ ਉਸਦੀ ਮਹਿਮਾ ਤੇ ਪ੍ਰਤਿਭਾ ਰਿਵੇਰਾ ਦੇ ਵੱਡ-ਆਕਾਰੀ ਪ੍ਰਛਾਵੇਂ ਹੇਠ ਦੱਬੀ ਤੇ ਲੁਕੀ ਰਹੀ ਹੈ। ਪਰ ਹੌਲੀ-ਹੌਲੀ ਫਰੀਦਾ ਇਸ ਪ੍ਰਛਾਵੇਂ ਤੋਂ ਮੁਕਤ ਹੋ ਕੇ ਸਵਤੰਤਰ ਹੋਂਦ ਗ੍ਰਹਿਣ ਕਰਨ ਲੱਗੀ ਹੈ। ਉਂਝ ਵੀ ਯੂਰਪ ਖਾਸ ਕਰਕੇ ਫਰਾਂਸ ਵਿਚ ਵਿਚਰਦੇ ਚਿਤਰਕਾਰਾਂ ਦਾ ਨਾਂ ਛੇਤੀ ਹੀ ਕਲਾ-ਪ੍ਰਸ਼ੰਸਕਾਂ ਦੀ ਨਜ਼ਰੇ ਚੜ੍ਹ ਜਾਂਦਾ ਹੈ, ਪਰ ਦੂਜਿਆਂ ਦਾ ਨਹੀਂ।

ਫਰੀਦਾ ਮੈਕਸੀਕੋ ਸ਼ਹਿਰ ਦੇ ਨਾਲ ਲੱਗਦੇ ਇਲਾਕੇ ਕੋਇਆਕਾਨ (Coyoacan) ਵਿਚ 1907 ਵਿਚ ਜੰਮੀ ਸੀ। ਉਸਦੀ ਮਾਂ, ਉਸਦੇ ਪਿਤਾ ਤੋਂ ਅਲੱਗ ਹੋ ਗਈ ਤੇ ਫਰੀਦਾ ਨੂੰ ਮਤਰੇਈ ਮਾਂ ਤੇ ਮਤਰੇਈਆਂ ਭੈਣਾਂ ਦੀ ਈਰਖਾ ਦੀ ਸ਼ਿਕਾਰ ਹੋਣਾ ਪੈਂਦਾ ਰਿਹਾ। ਇੰਝ ਬਚਪਨ ਤੋਂ ਹੀ ਉਸ ਦਾ ਵਾਹ ਐਸੀਆਂ ਜੀਵਨ-ਹਾਲਤਾਂ ਨਾਲ ਪਿਆ ਕਿ ਉਸਦੀ ਪਾਲਣਾ, ਪੜ੍ਹਾਈ ਤੇ ਸਿਖਲਾਈ ਵਿਚ ਪੈਰ-ਪੈਰ ਉੱਤੇ ਰੁਕਾਵਟਾਂ, ਦੁਸ਼ਵਾਰੀਆਂ ਤੇ ਜ਼ਿੱਲਤਾਂ ਨਾਲ ਵਾਸਤਾ ਪੈਂਦਾ ਰਿਹਾ। ਫਰੀਦਾ ਦਾ ਪਿਤਾ ਇੱਕ ਪ੍ਰਸਿੱਧ ਫੋਟੋਗ੍ਰਾਫਰ ਸੀ ਤੇ ਕਲਾ ਪੱਖੋਂ ਆਪਣੀ ਇਸ ਧੀ ਪ੍ਰਤੀ ਸੁਹਿਰਦ ਵੀ ਸੀ। ਪਰ .... ਹਰ ਗੱਲ ਪਿਓ ਦੇ ਵੱਸ ਵਿਚ ਨਹੀਂ ਸੀ ਹੁੰਦੀ।

ਤੇ ਹਾਲਾਤ ਦਾ ਸਿਤਮ ਕਿ ਇਸ ਚੰਚਲ, ਨਟਖਟ ਤੇ ਕੋਮਲ ਹਿਰਦੇ ਵਾਲੀ ਸੁਹਣੀ ਕੁੜੀ ਨੂੰ ਛੇ ਸਾਲ ਦੀ ਉਮਰ ਵਿਚ ਪੋਲੀਓ ਹੋ ਗਿਆ, ਜਿਸ ਦੇ ਸਿੱਟੇ ਵਜੋਂ ਉਸਦੀ ਇੱਕ ਲੱਤ ਪਤਲੀ ਤੇ ਇੱਕ ਪੈਰ ਕੁਝ ਵਿੰਗ ਮਾਰਨ ਲੱਗ ਪਿਆ। ਪੜ੍ਹਾਈ ਦੇ ਨਾਲ-ਨਾਲ ਫਰੀਦਾ ਆਪਣੇ ਪਿਤਾ ਦੇ ਸਟੂਡੀਓ ਵਿਚ ਫੋਟੋਗ੍ਰਾਫੀ ਦੇ ਕੰਮਾਂ ਵਿਚ ਹੱਥ ਵਟਾਉਂਦੀ

ਰਹਿੰਦੀ ਸੀ। ਪਿਤਾ ਭਾਵੇਂ ਕੋਮਲ ਤੇ ਕਲਾਤਮਿਕ ਸੀ, ਪਰ ਉਸ ਨੂੰ ਕਦੇ-ਕਦੇ ਗਸ਼ੀ ਦੇ ਦੌਰੇ ਪੈ ਜਾਂਦੇ ਤੇ ਦੁਕਾਨ ਦਾ ਕੰਮ ਰੁਕ ਜਾਂਦਾ। ਪਿਤਾ ਕਲਾ ਤੇ ਕਿਤਾਬਾਂ ਵਿਚ ਉਸਦੀ ਵਧਦੀ  ਰੁਚੀ ਵੇਖ ਹੌਸਲਾ ਦਿੰਦਾ। ਇੰਝ ਕਲਾ ਨਾਲ ਫਰੀਦਾ ਦਾ ਵਾਹ ਬਚਪਨ ਤੋਂ ਹੀ ਸੀ।

2.

ਸਕੂਲੇ ਪੜ੍ਹਦੀ ਫਰੀਦਾ ਬੇਹੱਦ ਸ਼ਰਾਰਤੀ ਤੇ ਨਟਖਟ ਸੀ। ਲੋਕਾਂ ਨੂੰ ਚਿੜਾ ਕੇ ਖੁਸ਼ ਹੁੰਦੀ। ਉਸਦੀ ਸ਼ਰਾਰਤੀ ਟੋਲੀ ਵਿਚ ਮੁੰਡੇ ਵੀ ਹੁੰਦੇ ਤੇ ਕੁੜੀਆਂ ਵੀ। ਉਹ ਉਹਨਾਂ ਦੀ ਰਿੰਗ-ਲੀਡਰ ਸੀ। ਉਸਦੀ ਟੋਲੀ ਨਾਲਾਇਕ ਪ੍ਰੋਫੈਸਰਾਂ ਦਾ ਮਖੌਲ ਉਡਾਉਂਦੀ ਤੇ ਨਿੱਤ ਨਵੇਂ ਪੰਗੇ ਲੈਂਦੀ। ਘੱਟੋ-ਘੱਟ ਦੋ ਵਾਰ ਸਕੂਲ ਵਿਚ ਪੜ੍ਹਦਿਆਂ ਉਸ ਨੂੰ ਸ਼ਰਾਰਤਾਂ ਕਾਰਨ ਉਸਦੇ ਸਕੂਲ ਵਿਚੋਂ ਜਿਸਦਾ ਨਾਂ ਪਰੀਪਾਰਾਟੋਰੀਆ (Preparatoria) ਸੀ, ਕੱਢਣਾ ਪਿਆ। ਦੂਸਰੀ ਵਾਰ ਸੰਸਥਾ ਦੇ ਡਾਇਰੈਕਟਰ ਦੇ ਹੁਕਮ ਨਾਲ ਉਸਨੂੰ ਸਕੂਲੋਂ ਕੱਢਣਾ ਪਿਆ। ਪਰ ਫਰੀਦਾ ਨੇ ਸਿੱਖਿਆ ਮੰਤਰੀ ਕੋਲ ਜਾ ਅਪੀਲ ਕੀਤੀ। ਫਰੀਦਾ ਦਾ ਵਧੀਆ ਵਿਦਿਅਕ ਰਿਕਾਰਡ ਵੇਖ ਸਿੱਖਿਆ-ਮੰਤਰੀ ਨੇ ਸੰਸਥਾ ਦੇ ਡਾਇਰੈਕਟਰ ਨੂੰ ਉਲਟਾ ਝਾੜ ਪਾਈ ਤੇ ਕਿਹਾ "ਜੇ ਤੂੰ ਇਸ ਨਿੱਕੀ ਕੁੜੀ ਨਾਲ ਨਜਿੱਠ ਨਹੀਂ ਸਕਦਾ ਤਾਂ ਤੂੰ ਇਸ ਸੰਸਥਾ ਦਾ ਡਾਇਰੈਕਟਰ ਬਣਨ ਦੇ ਵੀ ਕਾਬਿਲ ਨਹੀਂ।"

ਫਰੀਦਾ ਇੱਕ ਦਿਨ ਪੌੜੀ ਉੱਤੇ ਚੜ੍ਹ ਕੇ ਕੰਮ ਕਰਦੇ ਡੀਗੋ ਰਿਵੇਰਾ ਨੂੰ ਵੇਖਣ ਆ ਗਈ ਤੇ ਦੂਰੋਂ ਹੀ ਉੱਚੀ ਸਾਰੀ ਕਹਿਣ ਲੱਗੀ, "ਹੁਸ਼ਿਆਰ, ਖਬਰਦਾਰ ਡੀਗੋ, ਨੂਹੀਆ ਆ ਰਹੀ ਹੈ ਤੇ ਏਨਾ ਆਖ ਖਿਸਕ ਗਈ। ਇੱਕ ਦਿਨ ਫਿਰ ਉਸਨੇ ਇੰਝ ਹੀ ਕੀਤਾ ਤੇ ਕਿਹਾ, "ਖਬਰਦਾਰ ਡੀਗੋ, ਲੂਪੇ ਆ ਰਹੀ ਹੈ।" ਬਾਰ-ਬਾਰ ਇੰਝ ਸ਼ਰਾਰਤ ਕਰਨ ਦੇ ਡੀਗੋ ਹੈਰਾਨ ਹੁੰਦਾ ਸੋਚਦਾ, 'ਇਹ ਕੁੜੀ ਕੀ ਬਲਾ ਹੈ? ਪਰ ਫਰੀਦਾ ਬਿਨਾਂ ਝਿਜਕ ਆਖਣ ਲੱਗੀ, "ਕੀ ਤੁਸੀਂ ਨਾਰਾਜ਼ ਤਾਂ ਨਹੀਂ ਹੋਵੋਗੇ, ਜੇ ਮੈਂ ਤੁਹਾਨੂੰ ਕੰਮ ਕਰਦੇ ਵੇਖ ਲਵਾਂ?"

"ਨਹੀਂ ਮੁਟਿਆਰੇ, ਸਗੋਂ ਮੈਨੂੰ ਖੁਸ਼ੀ ਹੋਵੇਗੀ" ਇੰਝ ਉਹਨਾਂ ਵਿਚਕਾਰ ਨੇੜਤਾ ਦਾ ਆਰੰਭ ਹੋ ਗਿਆ।

ਇੱਕ ਦਿਨ ਫਰੀਦਾ ਆਈ ਤੇ ਆ ਕੇ ਕਹਿਣ ਲੱਗੀ, "ਡੀਗੋ ਮਿਹਰਬਾਨੀ ਕਰਕੇ ਹੇਠਾਂ ਆਓ। ਮੈਂ ਤੁਹਾਡੇ ਨਾਲ ਕੁਝ ਜ਼ਰੂਰੀ ਵਿਚਾਰ ਕਰਨੀ ਹੈ।"

ਜਦ ਗੋਅ ਉੱਤੇ ਕੰਧ-ਚਿਤਰ ਦਾ ਕੰਮ ਵਿਚਾਲੇ ਛੱਡ ਡੀਗੋ ਹੇਠਾਂ ਉਤਰਿਆ ਤਾਂ ਫਰੀਦਾ ਆਖਣ ਲੱਗੀ, "ਮੈਂ ਤੁਹਾਨੂੰ ਆਪਣੇ ਕੁਝ ਚਿਤਰ ਦਿਖਾਉਣੇ ਹਨ। ਮੈਂ ਤਿੰਨ ਚਿਤਰ ਨਾਲ ਲੈ ਕੇ ਆਈ ਹਾਂ। ਤੁਸੀਂ ਇਹਨਾਂ ਨੂੰ ਵੇਖ ਕੇ ਸਪੱਸ਼ਟ ਭਾਂਤ ਰਾਏ ਦਿਓ ਕਿ ਕੀ ਮੈਂ ਚੰਗੀ ਕਲਾਕਾਰ ਬਣ ਸਕਦੀ ਹਾਂ ਜਾਂ ਨਹੀਂ।"

ਉਸਦੇ ਇਹਨਾਂ ਮੁੱਢਲੇ ਯਤਨਾਂ ਨੂੰ ਵੇਖ ਕੇ ਡੀਗੋ ਬੜਾ ਪ੍ਰਭਾਵਿਤ ਹੋਇਆ। ਫਰੀਦਾ ਨੇ ਆਖਿਆ ਕਿ ਉਸਨੇ ਕੁਝ ਹੋਰ ਚਿਤਰ ਵੀ ਬਣਾਏ ਹਨ, ਜੋ ਉਸਦੇ ਘਰ ਪਏ ਹਨ। ਜੇ ਉਹ ਉਸਦੇ ਘਰ ਆ ਸਕਦਾ ਹੋਵੇ ਤਾਂ ਉਹ ਸਾਰੇ ਉਸਨੂੰ ਵਿਖਾ ਕੇ ਉਸਦੀ ਰਾਏ ਲੈਣਾ ਚਾਹੇਗੀ। ਡੀਗੋ ਉਸਦੇ ਘਰ ਜਾਣਾ ਮੰਨ ਗਿਆ।

ਦੋਹਾਂ ਦਾ ਆਉਣ ਜਾਣ ਵਧ ਗਿਆ। ਫਰੀਦਾ ਵੀ ਉਸ ਵਕਤ ਉਮਰ 18 ਸਾਲ



ਦੀ ਸੀ ਤੇ ਡੀਗੋ ਦੀ ਉਸ ਤੋਂ ਦੁੱਗਣੀ। ਫਰੀਦਾ ਦੇ ਘਰਦਿਆਂ ਨੂੰ ਇਸ ਮੇਲ-ਮਿਲਾਪ ਦਾ ਪਤਾ ਲੱਗ ਗਿਆ। ਇੱਕ ਦਿਨ ਫਰੀਦਾ ਦਾ ਪਿਤਾ ਡੀਗੋ ਨੂੰ ਮਿਲਿਆ ਤੇ ਕਹਿਣ ਲੱਗਾ, "ਮੈਨੂੰ ਪ੍ਰਤੀਤ ਹੁੰਦਾ ਹੈ ਕਿ ਤੁਸੀਂ ਮੇਰੀ ਲੜਕੀ ਵਿਚ ਦਿਲਚਸਪੀ ਰੱਖਦੇ ਹੋ।"

"ਹਾਂ" ਡੀਗੋ ਨੇ ਉੱਤਰ ਦਿੱਤਾ, "ਨਹੀਂ ਤਾਂ ਮੈਂ ਏਨੀ ਦੂਰ ਇੱਥੇ ਕੀ ਕਰਨ ਆਉਣਾ ਸੀ।"

"ਪਰ ਉਹ ਸ਼ੈਤਾਨ ਦੀ ਟੂਟੀ ਹੈ (Devil)" ਉਸਦੇ  ਪਿਤਾ ਨੇ ਕਿਹਾ।

"ਹਾਂ, ਪਰ ਮੈਨੂੰ ਇਸ ਗੱਲ ਦਾ ਪਤਾ ਹੈ।" ਡੀਗੋ ਦਾ ਉੱਤਰ ਸੀ।

"ਖੈਰ ਮੈਂ ਤੁਹਾਨੂੰ ਖਬਰਦਾਰ ਕਰ ਦਿੱਤਾ ਹੈ।" ਪਿਤਾ ਦਾ ਉੱਤਰ ਸੀ।

3.

ਕਦੇ ਆਪਣੀਆਂ ਸਹੇਲੀਆਂ ਨਾਲ ਗੱਲਾਂ ਕਰਦੀ, ਸੁਪਨੇ ਬੁਣਦੀ ਫਰੀਦਾ ਕਾਹਲੋਂ ਨੇ ਆਖਿਆ ਸੀ, "ਮੈਂ ਤਾਂ ਡੀਗੋ ਨਾਲ ਰਹਿ ਕੇ ਉਸ ਤੋਂ ਪੁੱਤਰ ਦੀ ਦਾਤ ਪ੍ਰਾਪਤ ਕਰਨੀ ਹੈ।" ਡੀਗੋ ਕੱਦ ਦਾ ਲੰਮਾ ਉੱਚਾ ਤੇ ਭਾਰੇ ਸਰੀਰ ਵਾਲਾ ਦੈਂਤ ਵਰਗਾ ਮਨੁੱਖ ਸੀ, ਪਰ ਫਰੀਦਾ ਛੋਟੇ ਕੱਦ ਦੀ ਅੱਲੜ ਜੇਹੀ ਸੁਬਕ ਮੁਟਿਆਰ। ਦੋਸਤ ਕਹਿੰਦੇ, "ਇਹ ਤੇ ਹਾਥੀ ਅਤੇ ਘੁੱਗੀ ਦੀ ਜੋੜੀ ਹੈ।" ਪੰਜਾਬੀ ਹੁੰਦੇ ਤਾਂ ਆਖਦੇ ਇਹ ਤੇ "ਊਠ ਦੇ ਗਲ ਟੱਲੀ ਬੰਨ੍ਹੀ ਹੋਈ ਹੈ।" ਫਰੀਦਾ ਤੇ ਡੀਗੋ ਦੋਵੇਂ ਹੀ ਚਿਤਰਕਾਰ ਸਨ ਤੇ ਕਮਿਊਨਿਸਟ ਪਾਰਟੀ ਦੇ ਹਮਦਰਦ। ਇਹ ਦੋਵੇਂ ਗੱਲਾਂ ਉਹਨਾਂ ਤੇ ਵਿਆਹ ਕਰਨ ਵਿਚ ਸਹਾਇਕ ਸਿੱਧ ਹੋਈਆਂ।

ਵਿਆਹ ਤੋਂ ਪਹਿਲਾਂ ਫਰੀਦਾ ਇੱਕ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਹਾਦਸੇ ਵਿਚ ਫਰੀਦਾ ਦੀ ਬੱਸ ਇੱਕ ਟਰਾਲੀ-ਕਾਰ ਨਾਲ ਟਕਰਾ ਕੇ ਚੂਰ-ਚੂਰ ਹੋ ਗਈ ਸੀ। ਭਰੀ ਬੱਸ ਵਿਚੋਂ ਸਿਰਫ ਪੰਜ ਮੁਸਾਫਰ ਹੀ ਜਿਉਂਦੇ ਬਚੇ ਸਨ। ਹਾਦਸੇ ਵਿਚ ਉਸਦੀ ਰੀੜ੍ਹ ਦੀ ਹੱਡੀ ਨੂੰ ਸੱਟਾਂ ਵੱਜੀਆਂ ਸਨ। ਉਸਦਾ ਪੇਡੂ ਟੁੱਟ ਗਿਆ ਸੀ, ਖੱਬੀ ਬਾਂਹ ਟੁੱਟ ਗਈ ਤੇ ਸੱਜੀ ਲੱਤ ਗਿਆਰਾਂ ਥਾਵਾਂ ਤੋਂ ਟੁੱਟ ਗਈ ਸੀ। ਇੱਕ ਲੋਹੇ ਦੇ ਡੰਡੇ ਨੇ ਉਸਦੇ ਜਿਸਮ ਨੂੰ ਵਿਚਕਾਰੋਂ ਪਾੜ ਸੁੱਟਿਆ ਸੀ ਅਤੇ ਉਸਦੀ ਬੱਚੇਦਾਨੀ ਨੂੰ ਚੀਰ ਸੁੱਟਿਆ ਸੀ। ਅਸਲ ਵਿਚ ਹਾਦਸੇ ਵੇਲੇ ਉਸਦਾ ਸਾਰਾ ਜਿਸਮ ਹੀ ਵਲੂੰਧਰਿਆ ਅਤੇ ਵੱਢਿਆ ਟੁੱਕਿਆ ਗਿਆ ਸੀ। ਖ਼ੁਦ ਸਾਰੇ ਡਾਕਟਰ ਹੈਰਾਨ ਸਨ, ਕਿ ਫਰੀਦਾ ਬਚ ਕਿਵੇਂ ਗਈ। ਲੰਮੇ ਇਲਾਜ ਦੌਰਾਨ ਉਹ ਮੰਜੇ ਨਾਲ ਜੁੜੀ, ਪੀੜ ਨਾਲ ਤੜਪਦੀ ਰਹਿੰਦੀ। ਖਬਰੇ ਉਸਦੀ ਜਾਨ ਕਿੱਥੇ ਅੜੀ ਰਹਿ ਗਈ ਸੀ। ਪਰ ਇਸ ਦੁਰਘਟਨਾ ਨੇ ਇਹ ਪ੍ਰਮਾਣਤ ਕਰ ਦਿੱਤਾ ਕਿ ਉਹ ਕਦੇ ਵੀ ਬੱਚੇ ਨੂੰ ਜਨਮ ਨਹੀਂ ਦੇ ਸਕੇਗੀ। ਚੰਚਲ ਤੇ ਨਟਖਟ ਫਰੀਦਾ ਦੁਖੀ ਹੁੰਦੀ ਤੇ ਬੇਹੱਦ ਉਦਾਸ।

ਫਰੀਦਾ ਨੇ ਚਿਤਰਕਾਰੀ ਦੀ ਕਿਤਿਓਂ ਵੀ ਕੋਈ ਰਸਮੀ ਸਿੱਖਿਆ ਨਹੀਂ ਸੀ ਲਈ। ਹਾਦਸੇ ਤੋਂ ਬਾਅਦ ਉਸਨੇ ਰੰਗ, ਬੁਰਸ਼ ਤੇ ਕੈਨਵੱਸ ਮੰਗਵਾਈਆਂ ਤੇ ਲੰਮੀ ਪਈ ਪਲੱਸਤਰਾਂ ਵਿਚ ਜਕੜੀ, ਉਹ ਚਿਤਰ ਬਣਾਉਣ ਲੱਗ ਜਾਂਦੀ। ਪਤਾ ਨਹੀਂ ਉਸ ਵਿਚ ਏਨੀ ਸਮਰੱਥਾ ਕਿੱਥੋਂ ਪੈਦਾ ਹੋ ਗਈ ਸੀ। ਸ਼ਾਇਦ ਇਸ ਵਿਕਾਸ ਵਿਚ ਮੈਕਸੀਕੋ ਦੇਸ਼ ਦੇ ਵਿਚ ਪ੍ਰਚਲਤ ਕਲਾਤਮਿਕ ਵਾਤਾਵਰਨ ਅਤੇ ਸਿੱਖਿਆ ਦਾ ਵੀ ਕੁਝ ਅਚੇਤ ਪ੍ਰਭਾਵ ਪਿਆ ਹੋਵੇ। ਉਸ ਵੇਲੇ ਦੇ ਆਮ ਮੈਕਸੀਕਨ ਬੱਚਿਆਂ ਵਾਂਗ ਉਸ ਕੋਲ ਕਲਪਨਾ ਸੀ, ਤੇ ਰੰਗਾਂ

ਅਤੇ ਰੂਪ ਦੀ ਸਮਝ-ਸੂਝ। ਭਾਵੇਂ ਉਸਦਾ ਸਾਰਾ ਸਰੀਰ ਹੀ ਫੱਟੀਆਂ ਤੇ ਪਲੱਸਤਰਾਂ ਵਿਚ ਜਕੜਿਆ ਹੋਇਆ ਸੀ, ਪਰ ਉਸ ਦੇ ਦੋਵੇਂ ਹੱਥ ਕਲਪਨਾ ਮੁਕਤ ਸਨ। ਉਹ ਲੰਮੀ ਪਈ ਜਾਂ ਢੋਅ ਲਾਈ ਚਿਤਰ ਉੱਤੇ ਚਿਤਰ ਬਣਾਈ ਜਾਂਦੀ। ਉਸ ਲਈ 'ਦੁੱਖ ਦਾਰੂ, ਸੁੱਖ ਰੋਗ ਭਇਆ' ਵਾਲੀ ਗੱਲ ਸੀ। ਉਸ ਨੂੰ ਵੇਖ ਕੇ ਪੜ੍ਹ ਸੁਣ ਕੇ ਹਰ ਪਾਠਕ ਦੇ ਮਨ ਵਿਚ ਸੁੱਤੇ ਸਿੱਧ ਹੀ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਮਨੁੱਖ ਦੀ ਅਵਿਕਸਤ ਤੇ ਦੱਬੀ ਪ੍ਰਤਿਭਾ ਦੇ ਵਿਕਾਸ ਲਈ ਮੁਸੀਬਤਾਂ ਦਾ ਸਿਰ ਤੇ ਆ ਪੈਣਾ ਕੋਈ ਜ਼ਰੂਰੀ ਸ਼ਰਤ ਹੁੰਦਾ ਹੈ? ਉਸ ਦੀ ਹਾਲਤ ਵੇਖ ਸਾਨੂੰ ਰੂਸੀ ਨਾਵਲਕਾਰ ਤੇ "ਸੂਰਮੇ ਦੀ ਸਿਰਜਣਾ" ਦੇ ਲੇਖਕ ਨਿਕੋਲਾਈ ਆਸਤਰੋਵਸਕੀ ਦਾ ਚੇਤਾ ਆ ਜਾਂਦਾ ਹੈ।

ਜਦੋਂ ਉਹ ਠੀਕ ਹੋ ਕੇ ਤੁਰਨ ਜੋਗੀ ਹੋਈ ਤਾਂ ਉਹ ਆਪਣੇ ਚਿਤਰ ਲੈ ਕੇ, ਰਾਏ ਲੈਣ ਲਈ ਡੀਗੋ ਕੋਲ ਜਾ ਪਹੁੰਚੀ। ਰਾਏ ਲੈਣ ਤੋਂ ਤੁਰ ਕੇ ਵਿਆਹ ਹੋਣ ਤੀਕ ਦੇ ਦਿਲਚਸਪ ਸਫ਼ਰ ਦੀ ਵਾਰਤਾ ਆਪਣੇ ਆਪ ਵਿਚ ਅਸਚਰਜ ਬੀਰ-ਗਾਥਾ ਤੋਂ ਘੱਟ ਨਹੀਂ। ਸਿਰਫ਼ ਮੈਕਸੀਕੋ ਹੀ ਨਹੀਂ, ਦੁਨੀਆ ਦੇ ਸਿਰਕੱਢ ਤੇ ਵਚਨ-ਬੱਧ ਕੰਧ ਪੇਂਟਰ ਡੀਗੋ ਰਿਵੇਰਾ ਤੀਕ ਆਪਣੀ ਮੁਹੱਬਤ ਦੇ ਜਾਲ ਨੂੰ ਫੈਲਾ ਲੈਣ ਵਾਲੀ ਫਰੀਦਾ ਕਾਹਲੋਂ ਦੀ ਕਹਾਣੀ ਆਪਣੇ ਆਪ ਵਿਚ ਵਚਿਤਰ ਲੋਕ ਵਾਰਤਾ ਹੈ।

4.

ਫਰੀਦਾ ਆਪਣੇ ਪਿਆਰ ਵਿਚ, ਡੀਗੋ ਰਿਵੇਰਾ ਪ੍ਰਤੀ ਪੂਰੀ ਤਰ੍ਹਾਂ ਸੁਹਿਰਦ ਤੇ ਸਮਰਪਿਤ ਸੀ, ਪਰ ਦੂਸਰੇ ਪਾਸੇ ਡੀਗੋ ਰਿਵੇਰਾ ਔਰਤਾਂ ਪ੍ਰਤੀ ਅਤਿ ਦਾ ਖੁੱਲ-ਦਿਲਾ ਤੇ ਗੈਰ-ਜ਼ਿੰਮੇਵਾਰ ਸੀ। ਇਕ ਵਾਰ ਉਹ ਦੋਵੇਂ ਮੈਕਸੀਕੋ ਸ਼ਹਿਰ ਦੇ ਆਕਾਪੂਲਕਾ ਰੈਸਟੋਰੈਂਟ ਵਿਚ ਦੁਪਹਿਰ ਦਾ ਖਾਣਾ ਖਾ ਰਹੇ ਸਨ ਕਿ ਪਿਛਾਂਹ ਖਿੱਚੂ ਜਰਨੈਲ ਸਾਤਰਨੀਨੋ ਸੀਡੀਲੋ ਦੇ ਭੇਜੇ ਚਾਰ ਕਾਤਲ, ਜੋ ਭਾੜੇ ਦੇ ਟੱਟੂ ਸਨ, ਡੀਗੋ ਨੂੰ ਕਤਲ ਕਰਨ ਲਈ ਅੰਦਰ ਆ ਵੜੇ। ਗੀਡੀਲੋ ਨੇ ਸਾਬਕਾ ਜਰਨੈਲ ਕਾਰਡੀਨਾਰ ਦੇ ਸਾਰੇ ਪੁਰਾਣੇ ਕ੍ਰਾਂਤੀਕਾਰੀ ਸੈਨਿਕਾਂ ਨੂੰ ਖ਼ਤਮ ਕਰਨ ਦਾ ਹੁਕਮ ਦੇ ਰੱਖਿਆ ਸੀ। ਭਾੜੇ ਦੇ ਕਾਤਲਾਂ ਨੇ ਆਪਣੀਆਂ ਬੰਦੂਕਾਂ ਆਰਾਮ ਨਾਲ ਸਿੱਧੀਆਂ ਕੀਤੀਆਂ ਅਤੇ ਡੀਗੋ ਨੂੰ ਨਿਸ਼ਾਨਾ ਬਣਾਉਣ ਲੱਗੇ। ਡੀਗੋ ਨੇ ਸੋਚਿਆ ਕਿ ਉਸਦਾ ਅੰਤ ਆ ਗਿਆ ਹੈ। ਤੀਰ ਵਾਂਗ ਫੁਰਤੀ ਨਾਲ ਫਰੀਦਾ ਉੱਠ ਕੇ ਡੀਗੋ ਦੇ ਅੱਗੇ ਆਣ ਖਲੋਤੀ ਤੇ ਕਹਿਣ ਲੱਗੀ, "ਜੇ ਜੁਅਰਤ ਹੈ ਤਾਂ ਪਹਿਲਾਂ ਮੇਰੇ ਗੋਲੀ ਮਾਰੋ।" ਉਸਨੇ ਉਹਨਾਂ ਨੂੰ 'ਬੁਜ਼ਦਿਲ' ਕਹਿ ਕੇ ਵੰਗਾਰਿਆ ਤੇ ਰੱਜ ਕੇ ਗਾਲ੍ਹਾਂ ਕੱਢੀਆਂ। ਕੋਮਲ ਦਿਲ ਫਰੀਦਾ ਚੰਡੀ ਦਾ ਰੂਪ ਧਾਰ ਚੁੱਕੀ ਸੀ। ਹਾਲ ਵਿਚ ਰੋਟੀ ਖਾਂਦਾ ਹਰ ਵਿਅਕਤੀ ਉੱਠ ਕੇ ਖਲੋ ਗਿਆ। ਚਾਰੇ ਕਾਤਲ ਘਬਰਾ ਗਏ ਤੇ ਸਥਿਤੀ ਵੇਖ ਚੁੱਪ-ਚਾਪ ਬਾਹਰ ਨਿਕਲ ਗਏ। ਕੁਝ ਦਿਨ ਬਾਅਦ ਇਹ ਚਾਰੇ ਕਾਤਲ ਮੈਕਸੀਕੋ ਦੀ ਸਰਹੱਦ ਪਾਰ ਕਰਕੇ ਅਮਰੀਕਾ ਜਾਣ ਦੀ ਕੋਸ਼ਿਸ਼ ਕਰਦੇ ਮਾਰੇ ਗਏ।

5.

ਫਰੀਦਾ ਕਾਹਲੋਂ ਦਰਦ ਦੀ ਲੰਮੀ ਕਹਾਣੀ ਸੀ। ਬਚਪਨ ਤੇ ਜਵਾਨੀ ਵੇਲੇ ਦੇ ਉਸਦੇ ਰੰਗੀਨ ਸੁਪਨੇ ਹੌਲੀ-ਹੌਲੀ ਅਸਫਲ ਹੁੰਦੇ ਗਏ। ਸਭ ਤੋਂ ਵੱਡਾ ਦੁੱਖ ਉਸਦੇ ਤਿੰਨ ਗਰਭਪਾਤ ਸਨ। ਬੱਚਾ ਜੰਮਣ ਦਾ ਉਸਦਾ ਸੁਪਨਾ ਲਗਾਤਾਰ ਖੇਰੂੰ-ਖੇਰੂੰ ਹੁੰਦਾ ਰਿਹਾ।



ਪਰ ਉਸਨੇ ਇੱਕ ਔਰਤ ਦੇ ਇਸ ਦਰਦ ਨੂੰ ਰੰਗਾਂ ਦੀ ਭਾਸ਼ਾ ਵਿਚ ਪ੍ਰਗਟ ਕਰਨਾ ਆਰੰਭ ਕਰ ਦਿੱਤਾ। ਔਰਤ ਦੇ ਗਰਭ ਠਹਿਰਨ ਤੋਂ ਲੱਗ ਕੇ ਇਸ ਦੇ ਗਰਭਪਾਤ ਤੀਕ ਦੀ ਸਾਰੀ ਸਿਰਜਣਾਤਮਿਕ ਪ੍ਰਕਿਰਿਆ ਅਤੇ ਇਸਦੇ ਦੁਖਾਂਤਕ ਅੰਤ ਨੂੰ ਉਸਨੇ ਆਪਣੇ ਕਈ ਚਿਤਰਾਂ ਦਾ ਵਿਸ਼ਾ ਬਣਾਇਆ। ਇਸ ਸੰਵੇਦਨਸ਼ੀਲ ਵਿਸ਼ੇ ਨੂੰ ਅਜੇ ਤੀਕ ਕਿਸੇ ਮਰਦ ਜਾਂ ਔਰਤ ਚਿਤਰਕਾਰ ਨੇ ਛੋਹਿਆ ਤੱਕ ਨਹੀਂ ਸੀ। ਫਰੀਦਾ ਇਸ ਦੁਖਦਾਈ ਪ੍ਰਕਿਰਿਆ ਵਿਚੋਂ ਤਿੰਨ ਵਾਰ ਲੰਘ ਚੁੱਕੀ ਸੀ। ਉਸਨੇ ਇਹ ਦਰਦ ਹੱਡੀਂ ਹੰਢਾਇਆ ਸੀ। ਸੰਸਾਰ ਦੀ ਚਿਤਰਕਲਾ ਦੇ ਇਤਿਹਾਸ ਵਿਚ ਇਹ ਇੱਕ ਨਵਾਂ ਅਨੁਭਵ ਸੀ। ਅਸਲ ਵਿਚ ਉਹ ਆਪਣੇ ਹਿਰਦੇ ਵੇਧਕ ਦਰਦ ਨੂੰ ਰੰਗਾਂ ਦੀ ਕਵਿਤਾ ਵਿਚ ਪ੍ਰਗਟ ਕਰ ਰਹੀ ਸੀ। ਇੰਝ ਕਰਦੀ ਉਹ ਚਿਤਰਕਲਾ ਦੇ ਸਮੁੱਚੇ ਇਤਿਹਾਸ ਵਿਚ ਇੱਕ ਨਵੇਂ ਕਾਂਡ ਦਾ ਤੇ ਇੱਕ ਇਕੱਲਿਤਰੇ ਅਨੁਭਵ ਦਾ ਪ੍ਰਗਟਾਵਾ ਕਰ ਰਹੀ ਸੀ। ਇਸੇ ਵਿਚ ਫਰੀਦਾ ਦੀ ਵਿਲੱਖਣਤਾ ਸੀ। ਇਹ ਵਿਲੱਖਣਤਾ ਅੱਜ ਤੀਕ ਵੀ ਕਾਇਮ ਹੈ।

6.

ਹੌਲੀ-ਹੌਲੀ ਡੀਗੋ ਰਿਵੇਰਾ ਨੂੰ ਅਮਰੀਕਾ ਵਰਗੇ ਅਮੀਰ ਤੇ ਉੱਨਤ ਦੇਸ਼ ਤੋਂ ਕੰਧ-ਚਿਤਰਾਂ ਦੇ ਸੱਦੇ ਆਉਣ ਲੱਗ ਪਏ। ਉਸਨੂੰ ਕੈਲੇਫੋਰਨੀਆ ਦੇ ਫਾਈਨ ਆਰਟਸ ਸਕੂਲ ਦੀ ਕੰਧ ਉੱਤੇ ਚਿਤਰਨ ਦਾ ਕੰਮ ਮਿਲ ਗਿਆ। ਫਰੀਦਾ ਵੀ ਨਾਲ ਗਈ। ਪਰ ਬੀਮਾਰ ਹੋਣ ਕਾਰਨ ਵਾਪਸ ਮੈਕਸੀਕੋ ਮੁੜ ਆਈ। ਠੀਕ ਹੋਣ ਉੱਤੇ ਉਸਨੂੰ ਨਿਊਯਾਰਕ ਵਿਚ ਇੱਕ-ਪੁਰਖੀ ਪ੍ਰਦਰਸ਼ਨੀ ਦਾ ਸੱਦਾ ਮਿਲਿਆ। ਫਰੀਦਾ ਤਿਆਰੀ ਕਰਨ ਲੱਗੀ। ਉਸਨੇ ਇਸ ਕਾਰਜ ਲਈ ਕੁਝ ਨਵੇਂ ਚਿਤਰ ਵੀ ਬਣਾਏ। ਉਸਦੀ ਪ੍ਰਦਰਸ਼ਨੀ ਸਫਲ ਰਹੀ ਤੇ ਉਸਦੇ ਕੀਤੇ ਕੰਮ ਦਾ ਚੰਗਾ ਸਵਾਗਤ ਹੋਇਆ। ਪ੍ਰੈੱਸ ਵਿਚ ਪ੍ਰਸੰਸਾਜਨਕ ਟਿੱਪਣੀਆਂ ਹੋਈਆਂ। ਫਰੀਦਾ ਖੁਸ਼ ਤੇ ਸੰਤੁਸ਼ਟ ਸੀ।

ਏਥੋਂ ਹੀ ਉਸਨੇ ਡੀਗੋ ਦੀ ਪ੍ਰੇਰਨਾ ਨਾਲ ਚਿਤਰਕਲਾ ਤੇ ਬੁੱਤ-ਕਲਾ ਦੇ ਵਿਸ਼ਵ-ਕੇਂਦਰ ਪੈਰਸ ਜਾਣ ਦਾ ਪ੍ਰੋਗਰਾਮ ਬਣਾ ਲਿਆ। ਡੀਗੋ ਆਪਣੇ ਹਥਲੇ ਕੰਮ ਵਿਚ ਰੁੱਝਾ ਹੋਣ ਕਰਕੇ ਨਾਲ ਨਾ ਜਾ ਸਕਿਆ। ਪੈਰਸ ਵਿਚ ਫਰੀਦਾ ਦੇ ਬਣਾਏ ਚਿਤਰਾਂ ਦੀ ਬੜੀ ਪ੍ਰਸੰਸ਼ਾ ਹੋਈ। ਪੈਰਸ ਵਿਚ ਕਿਸੇ ਬਾਹਰਲੇ ਅਤੇ ਨਵੇਂ ਚਿਤਰਕਾਰ ਲਈ ਪ੍ਰਸ਼ੰਸਾ ਪ੍ਰਾਪਤ ਕਰਨੀ ਸੌਖੀ ਨਹੀਂ ਸੀ। ਖੁਦ ਚਿਤਰਕਲਾ ਦੇ ਵਿਸ਼ਵ-ਹਸਤਾਖਰ ਪਿਕਾਸੋ ਨੇ ਉਸਦੇ ਚਿਤਰਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਉਹ ਫਰੀਦਾ ਦੇ ਪੈਰਸ ਜਾਣ ਤੇ ਉੱਥੋਂ ਵਾਪਸ ਮੈਕਸੀਕੋ ਮੁੜਨ ਤੀਕ ਉਹ ਫਰੀਦਾ ਦੇ ਸੰਪਰਕ ਵਿਚ ਰਿਹਾ ਤੇ ਉਸਦੇ ਕੀਤੇ ਕੰਮ ਦੀ ਰੱਜਵੀਂ ਦਾਦ ਦਿੱਤੀ।

ਪੈਰਿਸ ਵਿਚ ਫਰੀਦਾ ਦੇ ਪਹਿਨੇ ਲਿਬਾਸ ਦੀ ਵੀ ਬੜੀ ਪ੍ਰਸ਼ੰਸਾ ਹੋਈ। ਉਸਨੇ ਮੈਕਸੀਕੋ ਦਾ ਕੌਮੀ ਤੇ ਸਥਾਨਕ ਲਿਬਾਸ ਪਾਈ ਰੱਖਿਆ ਸੀ ਜੋ ਫੈਸ਼ਨ ਦੇ ਮਾਹਿਰ ਵਿਸ਼ੇਸ਼ਗਾਂ ਤੇ ਕਲਾਕਾਰਾਂ ਵਿਚ ਚਰਚਾ ਤੇ ਖਿੱਚ ਦਾ ਕੇਂਦਰ ਬਣਿਆ ਰਿਹਾ ਅਤੇ ਫਰੀਦਾ ਦੀਆਂ ਇਸ ਅਲੋਕਾਰ ਲਿਬਾਸ ਵਾਲੀਆਂ ਤਸਵੀਰਾਂ ਪੈਰਿਸ ਦੀਆਂ ਪੱਤਰਕਾਵਾਂ ਦੇ ਮੁੱਖ ਪੰਨਿਆਂ ਉੱਤੇ ਛਪੀਆਂ। ਪੈਰਿਸ ਰਹਿੰਦਿਆਂ ਉਹ ਅਚਾਨਕ ਬੀਮਾਰ ਹੋ ਗਈ ਤੇ ਕੁਝ

ਠੀਕ ਹੋਣ ਉੱਤੇ ਸਮੁੰਦਰੀ ਜਹਾਜ਼ ਰਾਹੀਂ ਵਾਪਸ ਮੈਕਸੀਕੋ ਪਰਤ ਆਈ।

7.

ਮੈਕਸੀਕੋ ਵਾਪਸ ਪਰਤਣ ਉੱਤੇ ਫਰੀਦਾ ਨੂੰ ਇਹ ਜਾਣ ਕੇ ਦੁੱਖ ਹੋਇਆ ਕਿ ਡੀਗੋ ਨੇ ਫਰੀਦਾ ਦੀ ਭੈਣ ਨਾਲ ਪਿਆਰ-ਸੰਬੰਧ ਕਾਇਮ ਕਰ ਲਏ ਸਨ। ਫਰੀਦਾ ਦੁਖੀ ਹੋਈ। ਟੋਕਣ ਉੱਤੇ ਡੀਗੋ ਨੇ ਫਰੀਦਾ ਕੋਲੋਂ ਤਲਾਕ ਲੈਣ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਇਹ ਸਮਾਂ ਫਰੀਦਾ ਲਈ ਬੜੀ ਮਾਨਸਿਕ ਪ੍ਰੇਸ਼ਾਨੀ ਤੇ ਕਲੇਸ਼ ਦਾ ਸਮਾਂ ਸੀ। ਉਹ ਜਿਸ ਮਰਦ ਨੂੰ ਤਨੋਂ-ਮਨੋਂ ਪਿਆਰ ਕਰਦੀ ਸੀ, ਉਹ ਉਸਨੂੰ ਦੁਰਕਾਰ ਰਿਹਾ ਸੀ। ਫਰੀਦਾ ਲਈ ਇਹ ਅਵਸਥਾ ਡੂੰਘੀ ਮਾਨਸਿਕ ਦਰਦ ਵਾਲੀ ਸੀ। ਅਖ਼ੀਰ ਫਰੀਦਾ ਤਲਾਕ ਲਈ ਮੰਨ ਗਈ। ਫਰੀਦਾ ਦੋ ਸਾਲ ਡੀਗੋ ਤੋਂ ਵੱਖ ਰਹੀ। ਇਸ ਵੱਖਰੇ ਰਹਿਣ ਦੇ ਸਮੇਂ ਵਿਚ ਉਸਨੇ ਆਪਣਾ ਸਾਰਾ ਵਕਤ ਚਿਤਰਕਲਾ ਲਈ ਅਰਪਿਤ ਕਰ ਦਿੱਤਾ।

ਡੀਗੋ ਨੂੰ ਇਹਨਾਂ ਵਰ੍ਹਿਆਂ ਵਿਚ ਅਮਰੀਕਾ ਵਿਚ ਕੰਧ-ਚਿਤਰਾਂ ਦਾ ਕੰਮ ਮਿਲ ਗਿਆ। ਉਥੇ ਰਹਿੰਦਿਆਂ ਉਸ ਨੂੰ ਫਰੀਦਾ ਦੇ ਬੀਮਾਰ ਹੋਣ ਦੀ ਖ਼ਬਰ ਮਿਲੀ। ਉਸਨੇ ਪੂਰੀ ਫ਼ਿਕਰਮੰਦੀ ਅਤੇ ਸਨੇਹ ਪ੍ਰਗਟ ਕਰਦਿਆਂ ਅਮੀਰਕੀ ਡਾਕਟਰਾਂ ਦੀ ਸਲਾਹ ਨਾਲ ਫਰੀਦਾ ਨੂੰ ਕੈਲੇਫੋਰਨੀਆ ਸੱਦ ਲਿਆ। ਫਰੀਦਾ ਉਥੇ ਜਾ ਕੇ ਠੀਕ ਹੋ ਗਈ। ਪਰ ਡੀਗੋ ਨੇ ਅਨੁਭਵ ਕੀਤਾ ਕਿ ਫਰੀਦਾ ਦੀ ਬੀਮਾਰੀ ਏਨੀ ਸਰੀਰਕ ਨਹੀਂ ਸੀ, ਜਿੰਨੀ ਭਾਵੁਕ ਤੇ ਮਾਨਸਿਕ ਅਥਵਾ ਮਨੋ-ਵਿਗਿਆਨਕ ਸੀ। ਸਾਰੀ ਗੱਲ ਨੂੰ ਵਿਚਾਰਨ ਤੋਂ ਬਾਅਦ ਡੀਗੋ ਨੇ, ਦੋ ਸਾਲ ਵੱਖ ਰਹਿਣ ਬਾਅਦ, ਫਰੀਦਾ ਨਾਲ ਦੁਬਾਰਾ ਵਿਆਹ ਕਰਾਉਣ ਦਾ ਫੈਸਲਾ ਕਰ ਲਿਆ ਅਤੇ 54 ਸਾਲ ਦੀ ਉਮਰ ਵਿਚ ਅੱਠ ਦਸੰਬਰ 1940 ਨੂੰ ਦੁਬਾਰਾ ਵਿਆਹ ਕਰ ਲਿਆ।

8.

ਦੁਬਾਰਾ ਵਿਆਹ ਕਰਨ ਨਾਲ ਵੀ ਫਰੀਦਾ ਦੀਆਂ ਪ੍ਰੇਸ਼ਾਨੀਆਂ ਅਤੇ ਦੁਸ਼ਵਾਰੀਆਂ ਮੁੱਕ ਨਹੀਂ ਸੀ ਗਈਆਂ। ਉਸ ਦੀ ਸਿਹਤ ਦਿਨੋ ਦਿਨ ਨਿਘਰਦੀ ਜਾਂਦੀ ਸੀ। ਭਾਵੇਂ ਉਸ ਵਿਚ ਜੀਣ ਦਾ ਚਾਅ ਤੇ ਸਿਰਜਣਾ ਦੀ ਤਾਂਘ ਬਹੁਤ ਤੀਬਰ ਰੂਪ ਵਿਚ ਸੀ, ਪਰ ਉਸਦਾ ਸਰੀਰ ਰੋਗਾਂ ਦੀ ਮਾਰ ਝੱਲਣ ਜੋਗਾ ਨਹੀਂ ਸੀ ਰਿਹਾ।

1953 ਦੇ ਅਪ੍ਰੈਲ ਮਹੀਨੇ ਫਰੀਦਾ ਕਾਹਲੋਂ ਦੇ ਚਿਤਰਾਂ ਦੀ ਇੱਕ -ਪੁਰਖਾ ਪ੍ਰਦਰਸ਼ਨੀ ਦਾ ਪ੍ਰਬੰਧ ਕੀਤਾ ਗਿਆ। ਸਾਰਾ ਪ੍ਰਬੰਧ ਉਸਦੇ ਪ੍ਰਸ਼ੰਸਕਾਂ, ਸ਼ੁਭ-ਚਿੰਤਕਾਂ ਤੇ ਮਿੱਤਰਾਂ ਨੇ ਕੀਤਾ ਸੀ। ਉਸ ਵਕਤ ਫਰੀਦਾ ਬੀਮਾਰ ਹੋ ਕੇ ਬਿਸਤਰੇ ਤੱਕ ਸੀਮਤ ਹੋਈ ਪਈ ਸੀ। ਉਸਨੂੰ ਪ੍ਰਦਰਸ਼ਨੀ ਵਾਲੀ ਥਾਂ ਉੱਤੇ ਐਂਬੂਲੈਂਸ ਵਿਚ ਬਿਠਾ ਕੇ ਲਿਜਾਇਆ ਗਿਆ ਤੇ ਸਟੇਜ ਉੱਤੇ ਪ੍ਰਧਾਨਗੀ ਮੰਡਲ ਵਿਚ ਵੀਲ੍ਹ-ਚੇਅਰ ਵਿਚ ਬਿਠਾਈ ਰੱਖਿਆ। ਪ੍ਰਦਰਸ਼ਨੀ ਦਾ ਚੰਗਾ ਪ੍ਰਭਾਵ ਪਿਆ। ਖ਼ੁਦ ਡੀਗੋ ਵੀ ਉਸ ਦੀਆਂ ਸਮੁੱਚੀਆਂ ਕਲਾ-ਕਿਰਤੀਆਂ ਨੂੰ ਵੇਖ ਫਰੀਦਾ ਦੇ ਹੁਨਰ ਤੋਂ ਪ੍ਰਭਾਵਿਤ ਹੋਇਆ। ਫਰੀਦਾ ਹਾਲ ਕਮਰੇ ਵਿਚ ਚੁੱਪ-ਚਾਪ ਬੈਠੀ ਸਭ ਕੁਝ ਵੇਖਦੀ ਤੇ ਖ਼ੁਸ਼ ਹੁੰਦੀ ਰਹੀ। ਉਸਨੂੰ ਦਰਸ਼ਕਾਂ ਦੀ ਗਿਣਤੀ ਨੇ ਵੀ ਤਸੱਲੀ ਦਿੱਤੀ।

ਚਾਰ ਮਹੀਨੇ ਬਾਅਦ ਅਰਥਾਤ ਅਗਸਤ ਵਿਚ ਉਸਨੂੰ ਫਿਰ ਹਸਪਤਾਲ ਦਾਖਲ



ਹੋਣਾ ਪਿਆ। ਉਸਦੀ ਲੱਤ ਨੂੰ ਗੈਂਗਰੀਨ ਹੋ ਗਿਆ ਸੀ। ਡਾਕਟਰਾਂ ਅਨੁਸਾਰ ਉਸਦੀ ਇੱਕ ਲੱਤ ਕੱਟੀ ਜਾਣੀ ਸੀ। ਉਸਨੇ ਸਹਿਮਤੀ ਦਿੰਦੇ ਆਖਿਆ, ਜੇ ਲੱਤ ਕੱਟਣੀ ਹੈ ਤਾਂ ਵੇਲੇ ਸਿਰ ਕੱਟ ਦਿਓ ਤਾਂ ਕਿ ਰੋਗ ਅੱਗੇ ਨਾ ਫੈਲੇ। ਇਹ ਸੋਲਾਂ ਸਾਲਾਂ ਵਿਚ ਉਸਦਾ ਚੌਧਵਾਂ ਆਪਰੇਸ਼ਨ ਸੀ। ਫਰੀਦਾ ਨੂੰ ਆਪਣਾ ਅੰਤ ਨੇੜੇ ਆਉਂਦਾ ਵੇਖ ਉਦਾਸੀ ਨੇ ਘੇਰ ਲਿਆ। ਹੌਲੀ-ਹੌਲੀ ਉਸ ਵਿਚੋਂ ਜੀਣ ਦੀ ਤਾਂਘ ਮੁੱਕਦੀ ਜਾ ਰਹੀ ਸੀ। ਅਖੀਰ 13 ਜੁਲਾਈ 1954 ਨੂੰ 47 ਸਾਲ ਦੀ ਉਮਰ ਵਿਚ ਉਹ ਰਾਤ ਸੁੱਤੀ-ਸੁੱਤੀ ਸਦੀਵੀ ਸਫ਼ਰ ਉੱਤੇ ਤੁਰ ਗਈ।

ਉਸਦੀ ਅੰਤਮ ਇੱਛਾ ਸੀ ਕਿ ਉਸਦੀ ਦੇਹ ਉੱਤੇ ਪਾਰਟੀ ਦਾ ਲਾਲ ਝੰਡਾ ਪਾ ਕੇ ਤੋਰਿਆ ਜਾਵੇ। ਉਸਦੀ ਦੇਹ ਨੂੰ ਸਤਿਕਾਰ ਵਜੋਂ ਫਾਈਨ ਆਰਟਸ ਇੰਸਟੀਚਿਊਟ ਦੀ ਇਮਾਰਤ ਵਿਚ ਦਰਸ਼ਨਾਂ ਲਈ ਰੱਖਿਆ ਗਿਆ ਤੇ ਦੇਹ ਨੂੰ ਲਾਲ ਝੰਡੇ ਨਾਲ ਲਪੇਟ ਦਿੱਤਾ ਗਿਆ। ਲਾਲ ਝੰਡਾ ਪਾਉਣ ਕਾਰਨ ਵਿਰੋਧੀ ਧਿਰਾਂ ਨੇ ਬੜਾ ਹੰਗਾਮਾ ਖੜਾ ਕੀਤਾ ਤੇ ਇਸ ਹੰਗਾਮੇ ਕਾਰਨ ਸੰਸਥਾ ਦੇ ਡਾਇਰੈਕਟਰ ਨੂੰ ਅਸਤੀਫਾ ਦੇਣਾ ਪਿਆ।

ਜਿੰਦਗੀ ਨੂੰ ਪਿਆਰਨ ਵਾਲੀ ਤੇ ਰੰਗਾਂ ਨਾਲ ਇਸ ਦੇ ਹੁਸਨ ਵਿਚ ਵਾਧਾ ਕਰਨ ਵਾਲੀ ਕਲਾਕਾਰ ਸਰੀਰਕ ਦੁੱਖਾਂ ਤੋਂ ਛੁਟਕਾਰਾ ਪਾ ਵਿਦਾ ਹੋ ਗਈ ਸੀ।

ਫਰੀਦਾ ਕਾਹਲੋਂ ਨੇ ਆਪਣੀ ਇਸ ਛੋਟੀ ਜਿਹੀ ਪਰ ਹੰਗਾਮਿਆਂ ਭਰੀ ਜ਼ਿੰਦਗੀ ਵਿਚ 150 ਦੇ ਕਰੀਬ ਚਿਤਰ ਬਣਾਏ ਜੋ ਪੜ-ਯਥਾਰਥਵਾਦੀ ਸ਼ੈਲੀ ਦੇ ਅਨੁਸਾਰੀ ਸਮਝੇ ਜਾਂਦੇ ਸਨ। ਅੱਜ ਉਸਦੇ ਘਟਨਾਵਾਂ ਭਰਪੂਰ ਜੀਵਨ ਤੇ ਉਸਦੀ ਵਚਿਤਰ ਚਿਤਰਕਲਾ ਬਾਰੇ ਕਈ ਪੁਸਤਕਾਂ ਤੇ ਲੇਖ ਲਿਖੇ ਗਏ ਹਨ ਤੇ ਉਸਦੇ ਜੀਵਨ ਉੱਤੇ ਫ਼ਿਲਮ ਵੀ ਬਣ ਚੁੱਕੀ ਹੈ। ਉਸਦੀ ਦੁੱਖਾਂ ਭਰੀ ਜ਼ਿੰਦਗੀ ਬੀਰ-ਗਾਥਾ ਦਾ ਰੂਪ ਧਾਰ ਚੁੱਕੀ ਹੈ।

ਉਸਦੀ ਚਿਤਰਕਲਾ ਬਾਰੇ ਟਿੱਪਣੀ ਕਰਦਿਆਂ ਡੀਗੋ ਰਿਵੇਰਾ ਨੇ ਲਿਖਿਆ ਸੀ –

"ਫਰੀਦਾ ਦੀ ਕਲਾ ਸਮੂਹਿਕ ਵਿਅਕਤੀਵਾਦ ਹੈ, ਉਸਦਾ ਯਥਾਰਥਵਾਦ ਏਨਾ ਯਾਦਗਾਰੀ ਹੈ ਕਿ ਹਰ ਚੀਜ਼ ਵਿਸ਼ਵ-ਵਿਆਪੀ ਪਾਸਾਰ ਗ੍ਰਹਿਣ ਕਰਦੀ ਹੈ। ਸਿੱਟੇ ਵਜੋਂ ਉਹ ਵਿਸ਼ਵ ਤੇ ਆਪਣੇ ਆਪੇ ਦੇ ਅੰਦਰ, ਬਾਹਰ ਅਤੇ ਧੁਰ ਹੇਠਲੇ ਪਾਸਾਰ ਨੂੰ ਚਿਤਰਦੀ ਹੈ।"

ਫਰੀਦਾ ਕਾਹਲੋਂ ਦਾ ਦੁੱਖਾਂ ਭਰਿਆ ਜੀਵਨ ਇਹ ਗੱਲ ਪ੍ਰਮਾਣਿਤ ਕਰਦਾ ਹੈ ਕਿ ਦੁੱਖਾਂ-ਦਰਦਾਂ ਵਿਚ ਦੀ ਲੰਘਦਿਆਂ ਵੀ ਪ੍ਰਤਿਭਾਸ਼ੀਲ ਮਨੁੱਖ ਤੇ ਕਲਾਕਾਰ ਸੁਹਜ ਦੀ ਸਿਰਜਣਾ ਵਿਚ ਨਵੀਆਂ ਪੈੜਾਂ ਉੱਕਰ ਜਾਂਦੇ ਹਨ ਤੇ ਧਰਤੀ ਦੀ ਸੁੰਦਰਤਾ ਵਿਚ ਆਪਣਾ ਨਿਮਾਣਾ ਬਣਦਾ ਹਿੱਸਾ ਪਾਉਂਦੇ ਹਨ ਜੋ ਸਮੁੱਚੀ ਇਨਸਾਨੀਅਤ ਦੀ ਸਾਂਝੀ ਪੂੰਜੀ ਬਣ ਜਾਂਦਾ ਹੈ। ਅਜਿਹੇ ਕਲਾਕਾਰਾਂ ਦੀ ਦੇਣ ਨੂੰ ਯਾਦ ਕਰਨ ਨਾਲ ਸਾਡਾ ਇਨਸਾਨ ਦੀ ਸਿਰਜਣਾਤਮਿਕ ਸਮਰੱਥਾ ਵਿਚ ਵਿਸ਼ਵਾਸ ਹੋਰ ਪੱਕਾ ਹੁੰਦਾ ਹੈ।

ਫਰੀਦਾ ਕਾਹਲੋਂ ਭਾਵੇਂ ਪੰਜਾਬਣ ਨਹੀਂ, ਮੈਕਸੀਕਨ ਕੁੜੀ ਸੀ ਪਰ ਉਹ ਸਾਨੂੰ ਆਪਣੀ ਹੀ ਧੀ- ਭੈਣ ਪ੍ਰਤੀਤ ਹੁੰਦੀ ਹੈ ਕਿਉਂਕਿ ਉਹ ਸਾਡੀਆਂ ਹੀ ਧੀਆਂ-ਭੈਣਾਂ ਦੇ ਦਰਦ ਨੂੰ ਰੰਗਾਂ ਰਾਹੀਂ ਪ੍ਰਗਟ ਕਰਦੀ ਰਹੀ ਸੀ। •

# ਦੋ ਗ਼ਜ਼ਲਾਂ / ਗ਼ੁਲਾਮ ਮੁਸਤਫ਼ਾ ਬਿਸਮਿਲ

## 1.

ਖਾਹਸ਼ਾਂ ਦਾ ਇੱਕ ਅਜਿਹਾ ਸਿਲਸਿਲਾ ਰਹਿ ਜਾਏਗਾ,
ਤਿਤਲੀਆਂ ਦੇ ਪਿੱਛੇ ਜਾਤਕ ਦੌੜਦਾ ਰਹਿ ਜਾਏਗਾ।

ਜਾਣਦਾ! ਇਹ ਮੇਰੇ ਸੁਖ਼ਨ ਨੂੰ ਮਸਲਹਤ ਅਪਨਾਣਗੇ,
ਦਾਰ ਤੇ ਮੇਰਾ ਈ ਜੁੱਸਾ ਟੰਗਿਆ ਰਹਿ ਜਾਏਗਾ।

ਚੁਣ ਲਿਆ ਤਕਦੀਰ ਦਾ ਮੈਨੂੰ ਜੋ ਤਾਰਾ ਓਸ ਨੇ,
ਰੋਜ਼ ਰਾਤੀਂ ਮੇਰੇ ਵਾਂਗਰ ਜਾਗਦਾ ਰਹਿ ਜਾਏਗਾ।

ਖਾਹਸ਼ਾਂ ਦਾ ਪਾਲ ਕੇ ਐਡਾ ਨਾ ਰੁੱਖ ਉੱਚਾ ਕਰੋ,
ਬਿਜਲੀਆਂ ਦੀ ਜ਼ੱਦ 'ਚ ਖ਼ੁਦ ਤੋਂ ਵਾਂਝਿਆਂ ਰਹਿ ਜਾਏਗਾ।

ਜ਼ਾਤ ਦੀ ਜਿਸ ਵੰਡ ਕੀਤੀ ਫੁੱਲ ਦੀਆਂ ਪੱਤੀਆਂ ਤਰਾਂ,
ਉਮਰ ਭਰ ਉਹ ਖ਼ੁਦ ਨੂੰ ਈ ਫਿਰ ਟੋਲਦਾ ਰਹਿ ਜਾਏਗਾ।

ਵਗਦੇ ਹੋਏ ਪਾਣੀਆਂ 'ਤੇ ਜਦ ਉਸਾਰਾਂਗੇ ਮਕਾਨ,
ਸਾਡਿਆਂ ਉਦਮਾਂ ਨੂੰ ਇਹ ਜੱਗ ਵੇਖਦਾ ਰਹਿ ਜਾਏਗਾ।

ਪਿਛਲੀ ਰਾਤੀਂ ਸੜਦੀ ਬਲਦੀ ਮੋਮ ਵੀ ਮੁੱਕ ਜਾਣਗੇ,
ਖ਼ੂਨ ਥੀਂ ਜਗਿਆ ਜੋ ਦੀਵਾ, ਉਹ ਸਦਾ ਰਹਿ ਜਾਏਗਾ।

## 2.

ਜ਼ੁਲਮਤਾਂ ਫੈਲਿਆ ਏ ਜਾਲ, ਦੀਵੇ ਬਾਲ ਦੇ,
ਪੈ ਗਿਆ ਏ ਰੌਸ਼ਨੀ ਦਾ ਕਾਲ, ਦੀਵੇ ਬਾਲ ਦੇ।

ਜ਼ੁਲਮਤਾਂ ਨੇ ਫੇਰ ਤੇਰੇ ਨਜ਼ਰੀਏ ਨੂੰ ਘੇਰਿਆ,
ਫੇਰ ਉੱਠ ਅੱਜ ਕਬਰ ਚੋਂ ਇਕਬਾਲ, ਦੀਵੇ ਬਾਲ ਦੇ।

ਖੁੰਝ ਨਾ ਜਾਵਣ ਮੰਜ਼ਿਲਾਂ ਤੋਂ ਹੱਕ ਤੇ ਸੱਚ ਦੇ ਕਾਫਲੇ,
ਕਰਬਲਾਂ ਦੀ ਰਾਹ ਚ ਪਾਲੋ ਪਾਲ, ਦੀਵੇ ਬਾਲ ਦੇ।

ਰਹਿਨੁਮਾ ਅਖਵਾਨਾ ਚਾਹਨਾਂ ਏ ਤੇ ਕੋਈ ਆਹਰ ਕਰ,
ਹਰ ਕਦਮ ਤੇ ਆਪਣੀ ਰੱਤ ਦੇ ਨਾਲ, ਦੀਵੇ ਬਾਲ ਦੇ।

ਨੇਰ੍ਹਿਆਂ ਦੇ ਆਸਰੇ ਤੇ ਹੁਣ ਨਾ ਆਪਣੇ ਘਰ ਨੂੰ ਰੱਖ,
ਕੋਈ ਲੁੱਟ ਕੇ ਲੈ ਜਾਵੇ ਮਾਲ, ਦੀਵੇ ਬਾਲ ਦੇ।

ਪੈ ਗਈ ਅੱਖੀਆਂ ਨੂੰ ਆਦਤ ਨੇਰ੍ਹਿਆਂ ਨੂੰ ਟੋਹਣ ਦੀ,
ਐ ਖ਼ੁਦਾ ਹੁਣ ਮਨ ਦੇ ਦੀਵੇ ਬਾਲ, ਦੀਵੇ ਬਾਲ ਦੇ।

ਸਾਡੀ ਤੁਰਬਤ ਤੇ ਸਗੀ ਤੈਥੋਂ ਨਾ, ਚਾਨਣ ਦੀ ਕਿਰਨ,
ਢੇਰੀਆਂ ਤੇ ਲੋਕ ਸਾਰਾ ਸਾਲ, ਦੀਵੇ ਬਾਲਦੇ।





(ਉਰਦੂ ਨਜ਼ਮ)

# ਏਕ ਥਾ ਬਾਦਸ਼ਾਹ

ਅੱਬਾਸ ਅਤਹਰ

ਯੇ ਉਸ ਬਾਦਸ਼ਾਹ ਕੀ ਕਹਾਨੀ ਹੈ,
ਜਿਸ ਕੀ ਹਦਾਇਤ ਪੇ
ਖਿਲਕਤ ਖ਼ੁਦਾ ਕੋ
ਖ਼ੁਦਾ ਮਾਨਤੀ ਥੀ
ਔਰ ਉਸ ਪਰ ਸਿਤਾਰੇ ਬਹੁਤ ਮਿਹਰਬਾਂ ਥੇ
ਉਸੀ ਬਾਦਸ਼ਾਹ ਕੇ ਜ਼ਮਾਨੇ ਮੇਂ ਦੇਖਾ ਗਇਆ
ਜੋ ਖ਼ੁਦਾ ਸੇ ਨਾ ਡਰਤੇ ਥੇ
ਇੱਕ ਉਸ ਕੀ ਆਵਾਜ਼ ਪੇ
ਅਗਲੇ ਹੀ ਰੋਜ਼
ਹਰ ਜੇਲ੍ਹਖਾਨੇ ਮੇਂ,
ਥਾਨੇ ਮੇਂ ਔਰ ਦਫਤਰੋਂ ਮੇਂ
ਸਫ਼ੇ (ਕਤਾਰਾਂ) ਬਾਂਧ ਕਰ
ਸਿਜਦੇ ਮੇਂ ਗਿਰ ਗਏ
ਔਰ ਜੋ ਰਿਸ਼ਵਤੇਂ ਲੇਤੇ ਰਹੇ, ਜ਼ੁਲਮ ਕਰਤੇ ਥੇ
ਹਰ ਰੋਜ਼ ਅਪਨੇ ਗੁਨਾਹ ਬਖ਼ਸ਼ਾਨੇ ਲਗੇ
ਬਾਦਸ਼ਾਹ ਖੁਸ਼ ਰਹਾ ਔਰ ਖ਼ੁਦਾ ਖੁਸ਼ ਰਹਾ
ਔਰ ਉਸਨੇ ਬਤਾਇਆ
ਖ਼ੁਦਾ, ਬਸ ਖ਼ੁਦਾ ਹੈ
ਵੋ ਆਸ਼ਿਕ, ਨਾ ਮਾਸ਼ੂਕ ਔਰ ਨਾ ਮਹਿਬੂਬ ਹੈ
ਵੋਹ ਜ਼ਮੀਨੋਂ ਕਾ, ਆਸਮਾਨੋਂ ਕਾ
ਔਰ ਸਾਰੇ ਜਹਾਨੋਂ ਕਾ ਮਾਲਿਕ ਹੈ।
ਔਰ ਜ਼ਾਬਤੋਂ ਕੇ ਮੁਤਾਬਿਕ
ਯੇ ਦੁਨੀਆ ਚਲਾਤਾ
ਸਜ਼ਾਏ ਸੁਨਾਤਾ ਹੈ
ਔਰ ਰਹਿਮ ਕੀ ਕੋਈ
ਦਰਖਾਸਤ ਸੁਨਤਾ ਨਹੀਂ ਹੈ
ਯਹਿ ਉਸੀ ਬਾਦਸ਼ਾਹ ਕੀ ਕਹਾਨੀ ਹੈ
ਜਿਸਕੇ ਜ਼ਮਾਨੇ ਮੇਂ
ਚੌਰਾਹੇ ਮੇਂ ਫਾਸੀਆਂ ਦੀ ਗਈਂ
ਔਰ ਆਧੀ ਰਿਆਇਆ ਕੀ
ਜੇਲ੍ਹੋਂ ਮੇਂ ਉਮਰੇ ਕਟੀ
ਜੋ ਕੋਈ ਸਰ ਉਠਾ ਕਰ ਚਲਾ
ਉਸ ਕੀ ਗਰਦਨ ਕਟੀ
ਜੋ ਅਲਮ ਲੇ ਕੇ ਨਿਕਲਾ
ਵੋਹ ਬਾਜ਼ੂ ਕਟਾਏ ਹੁਏ ਘਰ ਕੋ ਨਿਕਲਾ
ਜੋ ਬੋਲਾ, ਜ਼ੁਬਾਂ ਕਟ ਗਈ
ਜਿਸ ਕਿਸੀ ਨੇ ਕਹਾ - 'ਜ਼ੁਲਮ ਹੋਤਾ ਹੈ'
ਉਸ ਕੋ ਜ਼ਮੀਂ ਸੇ ਰਿਹਾਈ ਦਿਲਾਈ ਗਈ
ਕਿ ਵੋਹ ਖ਼ੁਦ ਜਾ ਕਰ
ਅਪਨੀ ਤਸੱਲੀ ਕਰੇ ਔਰ ਆਖੋਂ ਸੇ ਦੇਖੇ
ਖ਼ੁਦਾ ਆਸਮਾਨੋਂ ਪੇ ਖੁਸ਼ ਹੈ
ਨਾ ਹੋਤਾ ਤੋ
ਯੇਹ ਸ਼ਾਨੋ-ਸ਼ੌਕਤ ਨਾ ਦੇਤਾ
ਯੇਹ ਤਾਕਤ ਨਾ ਦੇਤਾ
ਯੇਹ ਅਹਿਸਾਨ ਕਰਨੇ ਕੀ
ਮੁਹਲਤ ਨਾ ਦੇਤਾ

ਔਰ ਲੋਕ ਕਹਿਤੇ ਹੈਂ
ਉਸ ਬਾਦਸ਼ਾਹ ਕੋ
ਖ਼ੁਦਾ ਨੇ ਬਹੁਤ ਉਮਰ ਦੀ
ਜਿਸ ਕਦਰ ਸਾਲ ਔਰ ਸਦੀਆਂ
ਜ਼ਮੀਨੋਂ ਸੇ ਗੁਜ਼ਰੀ
ਵੋਹ ਹਰ ਇੱਕ ਮੇਂ ਮੌਜੂਦ ਥਾ,
ਅਬ ਭੀ ਮੌਜੂਦ ਹੈ
ਔਰ ਸਿਤਾਰੇ ਭੀ ਉਸ ਪਰ ਮਿਹਰਬਾਂ ਹੈਂ। •

# ਮਹਿੰਦਰ ਸਾਥੀ

ਮਹਿੰਦਰ ਸਾਥੀ ਮਜ਼ਦੂਰ ਆਦਮੀ ਹੈ। ਸਾਦਾ, ਸੁਹਿਰਦ ਪਰ ਦ੍ਰਿੜ। ਉਸਦਾ ਵਿਸ਼ਵਾਸ ਕਦੇ ਡੋਲ੍ਹਿਆ ਨਹੀਂ। ਅਕੀਦੇ ਦਾ ਪੱਕਾ ਅਤੇ ਲੋਹੇ ਦੀ ਲੱਠ। ਉਹ ਗ਼ਜ਼ਲ ਲਿਖਦਾ ਹੈ ਪਰਪੱਕ ਅਤੇ ਪ੍ਰਗਤੀਸ਼ੀਲ। ਕੋਈ ਲੋਭ-ਲਾਲਚ ਉਸਦੀ ਪ੍ਰਤੀਬੱਧਤਾ ਵਿਚ ਤਰੇੜ ਨਹੀਂ ਪਾ ਸਕਿਆ। ਪੇਸ਼ ਹਨ ਉਸਦੀਆਂ ਤਿੰਨ ਗ਼ਜ਼ਲਾਂ - ਸੰਪਾਦਕ

1.

ਬੇਲੇ ਤੋਂ ਇਸ਼ਕ ਆ ਗਿਆ ਹੈ ਵਿਚ ਬਜ਼ਾਰ ਵੇਖ।
ਪੂਰਬ ਦਾ ਪਿਆਰ ਪੱਛੋ ਨੇ ਕਰ 'ਤਾ ਵਪਾਰ ਵੇਖ।

ਤੀਹ ਕੋਠੀਆਂ ਦੀ ਹੀ ਬਹੂ ਕਿਉਂ ਹੈ ਬਹਾਰ ਵੇਖ।
ਕਿਉਂ ਕੱਚੇ ਕੋਠਿਆਂ ਦਾ ਇਹ ਭੁੱਲ ਗਈ ਪਿਆਰ ਵੇਖ।

ਮਿਰਜ਼ੇ ਨੇ ਅੱਜ ਵੀ ਮਾਰਿਆ ਜਾਣਾ ਹੈ ਮਿੱਤਰਾ,
ਅੱਜ ਉਸ ਨੂੰ ਮਾਰ ਦੇਵੇਗਾ, ਗ਼ਮ ਰੋਜ਼ਗਾਰ ਵੇਖ।

ਦਾਅ ਜੱਗ ਦਾ ਇਹ ਖ਼ੁਦਕੁਸ਼ੀ ਕਿਸ ਤੋਂ ਤੂੰ ਸਿਖਿਐ ਦੁੱਲਿਆ,
ਛੱਡ ਇਹ 'ਜਹਾਨਾਬਾਦ' ਦਾ ਬਣ ਕੇ ਤੂੰ ਯਾਰ ਵੇਖ।

ਕੰਗਾਲ ਤੈਨੂੰ ਕਰ ਗਈ ਇੱਕ ਹੀ ਸੀ 'ਕੰਪਨੀ',
ਉਸ ਜਿਹੀਆਂ ਅੱਜ ਤੂੰ ਸੱਦੀਆਂ ਦਿੱਲੀਏ ਹਜ਼ਾਰ ਵੇਖ।

ਲੁੱਟੇ ਮੁਸਾਫਰਾਂ ਤਰ੍ਹਾਂ ਕਾਮੇ ਨੇ ਲੰਘ ਰਹੇ,
ਕੀ ਕਰੀਏ ਤੇਰੇ ਸ਼ਹਿਰ ਦਾ ਸਜਿਆ ਬਜ਼ਾਰ ਵੇਖ।

ਤਬਦੀਲੀ ਅਟਲ ਨੇਮ ਹੈ, ਕੁਦਰਤ ਦਾ ਆਖ ਕੇ,
ਉਹ ਬੇਵਫ਼ਾ ਇਹ ਖ਼ੁਦਾ ਲਈ ਕਰਦੈ ਸ਼ੁਮਾਰ ਵੇਖ।

ਵਿਸ਼ਵਾਸ, ਆਸ, ਖ਼ਾਬ ਦੇ ਫੁੱਲ ਨਾਲ ਸੀ ਮਿਰੇ,
ਹਰਿਆ ਨਾ ਹਾਰ ਕੋਲੋਂ ਮੈਂ, ਰੁਕਿਆ ਨਾ ਖ਼ਾਰ ਵੇਖ।

ਪੂੰਜੀ ਹੈ ਪੂੰਝੀ ਜਾਂਦੀ ਉਹ ਕਦਰਾਂ ਦੇ ਕੀਮਤਾਂ,
ਜੋ ਕਰਦੀਆਂ ਸੀ ਦੇਵਤੋਂ ਮਾਨਵ ਸ਼ੁਮਾਰ ਵੇਖ।

ਗ਼ਮ, ਤਲਖ਼ੀਆਂ, ਬੇਚੈਨੀਆਂ, ਪੀੜਾਂ ਇਹ "ਸਾਥੀਆ",
ਮਰ ਜੀਂਦਾ ਸ਼ਿਅਰਾਂ ਵਿਚ ਨਾ ਜੇ ਸਕਦਾ ਉਤਾਰ ਵੇਖ।



2.

ਉਮਰ ਸਾਰੀ ਹੀ ਅਸੀਂ ਤਾਂ ਕੀਤੀਆਂ ਮਜ਼ਦੂਰੀਆਂ।
ਚੂਰੀਆਂ ਕਿੱਥੇ ਨਾ ਹੋਈਆਂ ਰੋਟੀਆਂ ਵੀ ਪੂਰੀਆਂ।

ਰਿਸ਼ਤਿਆਂ 'ਤੇ ਰੰਜ ਕਰੀਏ, ਵੀ ਤਾਂ ਕਰੀਏ ਕਿਸ ਤਰ੍ਹਾਂ,
ਰਿਸ਼ਤੇ ਵੀ ਬੇਵਸੀਆਂ ਹੁੰਦੇ, ਹੁੰਦੇ ਨੇ ਮਜ਼ਬੂਰੀਆਂ।

ਕੂਕ ਠੰਡੇ ਚੁੱਲ੍ਹਿਆਂ ਦੀ ਕੂਕੇ ਜਦ ਸੜਕਾਂ 'ਤੇ ਆ,
ਫੇਰ ਇਸ ਜਮਹੂਰ ਦੀਆਂ ਵੇਖੀਂ ਤੂੰ ਜਮਹੂਰੀਆਂ।

ਫੜ ਕੇ "ਕਰਮੰਡਲ" ਕਿਉਂ ਯਾਰੋ! "ਆਸ਼ਰਮ" ਵਿਚ ਜਾ ਵੜੇ,
ਰਣ ਸਮਝ ਸਕਿਆ ਨਹੀਂ ਇਹ ਥੋੜ੍ਹੀਆਂ ਮਜ਼ਬੂਰੀਆਂ।

ਸੰਸਦੀ ਹਲਵਾ ਤੇ ਪੂਰੀ ਦਾ ਪਿਐ ਜਿਸ ਨੂੰ ਸਵਾਦ,
ਜਨਤੀਏ! ਤੇਰੇ ਲਈ ਕੀ ਪਾਊਗਾ ਉਹ ਪੂਰੀਆਂ।

ਚੂਰੀਆਂ ਦੇ ਵਾਸਤੇ ਨੇ ਉਹ ਗਏ ਸਾਗਰ ਦੇ ਪਾਰ,
ਚੂਰੀਆਂ ਮਿਲ ਗਈਆਂ ਕਰਕੇ ਰੂਹਾਂ ਪਰ ਬੇਨੂਰੀਆਂ।

ਖੋਂਹਦੇ ਸੀ, ਖੋਂਹਦੇ ਨੇ ਕੈਦੋ, ਖ਼ਬਰੇ ਕਰਦ ਤੱਕ ਖੋਹਣਗੇ,
ਰਾਂਝਿਆਂ ਦੇ ਹੱਕਾਂ ਦੀਆਂ ਹੀਰਾਂ ਕੋਲੋਂ ਚੂਰੀਆਂ।

ਨਾ ਕਦੀ ਵੇਖੀ, ਸੁਣੀ ਸੀ ਐਸੀ ਆਜ਼ਾਦੀ ਅਸੀਂ,
ਬਖ਼ਸ਼ੇ ਸਾਂਝਾਂ ਪਿਆਰਾਂ ਨੂੰ ਜੋ ਉਮਰੋਂ ਲੰਬੀਆਂ ਦੂਰੀਆਂ।

ਤੇਰੇ ਸੁਪਨੇ, ਸੋਚ ਤੇ ਸੰਘਰਸ਼ ਦੇ ਨੇ ਜੋ ਸ਼ਿਕਾਰੀ,
ਉਹ ਵੀ ਤੇਰੇ "ਜਨਮ-ਦਿਨ" 'ਤੇ ਖੱਟ ਰਹੇ ਮਸ਼ਹੂਰੀਆਂ।

ਨਾ ਰੁਕੇ ਤੇ ਨਾ ਝੁਕੇ "ਸਾਥੀ" ਸਫ਼ਰ 'ਤੇ ਨੇ ਰਵਾਂ,
ਤਖ਼ਤੇ ਦੀਆਂ ਤਿੜਕ ਗਈਆਂ ਤਿਊੜੀਆਂ ਤੇ ਘੂਰੀਆਂ।

• • •

3.

ਤਲਖ਼ੀਆਂ ਇਹ ਬੇ-ਚੈਨੀਆਂ, ਤੇਰੇ ਸ਼ਹਿਰ ਦੇ ਨਾਮ।
ਜਿਸ ਨੇ ਮੇਰੀ ਵਫ਼ਾ ਦਾ ਇਹ ਦਿੱਤੀਆਂ ਨੇ ਦਾਮ।

ਸਾਥੀ ਸੱਚ ਤੂੰ ਆਖਦੇ, ਲਾਹ ਕੇ ਖ਼ੌਫ਼ ਤਮਾਮ।
ਰਾਜੇ ਤੋਂ ਡਰਦਾ ਰਹੇ, ਉਹ ਕਾਹਦੈ ਇਲਹਾਮ।

ਖਰੇ ਮੌਕੇ ਦਾ ਓਸ ਨੇ, ਫੱਟਾ ਰੱਖਿਐ ਲਾ,
ਕੁਫ਼ਰ, ਕੁਬੇਰ ਤੇ ਕਾਮਨੀ ਦਾ ਜੋ ਸੰਤ ਗ਼ੁਲਾਮ।

"ਸੇਬ" ਆਪਣੇ ਸੇਵਕਾਂ ਦੀ ਤਕ ਕੇ ਗੁਜਰਾਤ,
ਲਛਮਣ, ਜ਼ਖ਼ਮੀ ਹੋਣ ਤੋਂ ਵੀ ਵੱਧ ਰੋਇਆ ਰਾਮ।

ਧਨ ਦੀ ਹਰ ਥਾਂ ਧੰਨ ਧੰਨ, ਮੰਨ ਚਾਰੇ ਨਾ ਮੰਨ,
ਡੇਰੇ, ਦੁਆਰੇ, ਮਸਜਿਦਾਂ, ਵੇਖੇ ਚਾਰੇ ਧਾਮ।

ਚਿੱਟੇ, ਨੀਲੇ, ਭਗਵੇਂ ਨੇ, ਵੱਖ-ਵੱਖ ਵੇਖਣ ਨੂੰ,
ਯਕ- ਰੰਗੇ ਬਣ ਜਾਂਦੇ ਨੇ, ਵੜਦੇ ਜਦੋਂ ਹਮਾਮ।

ਕਿੱਥੇ, ਕੈਸੇ ਹੋਵੋਗੇ, ਕੋਈ ਖ਼ਬਰ ਨਾ ਸਾਰ,
ਢਲੀ ਦੁਪਹਿਰੀ ਕਦੋਂ ਦੀ, ਡੂੰਘੀ ਹੋ ਗਈ ਸ਼ਾਮ।

ਤੋਬਾ ਵਤਨ ਪ੍ਰਸਤੀ ਦਾ, ਨੇ ਦਾਅਵਾ ਕਰਦੇ ਉਹ,
ਕਫ਼ਨ ਸ਼ਹੀਦਾਂ ਦੇ ਜਿਨ੍ਹਾਂ ਨੇ, ਕੀਤੇ ਕੱਲ੍ਹ ਨਿਲਾਮ।

ਤਿੰਨ ਲੋੜਾਂ ਨੂੰ ਢੋਂਦਿਆਂ, ਬਣ ਕੇ ਰਹਿ ਗਏ ਬੈਲ,
ਕੈਸਾ ਚੱਕਰਵਿਊ ਹੈ ਰਚਿਆ ਏਸ ਨਿਜ਼ਾਮ।

ਬੇਕਾਬੂ ਹਰ ਚੀਜ਼ ਹੀ ਕਰਦੀ ਹੈ ਨੁਕਸਾਨ,
ਭੁੱਖ ਹੈ, ਭੋਗ ਹੈ, ਭਗਤੀ ਹੈ ਚਾਹੇ ਹੈ ਆਰਾਮ।

ਸ਼ਾਇਦ ਵਿਰੋਧ ਵਿਕਾਸ ਹੀ ਹੋਊ "ਸਾਥੀ" ਇਹ,
ਆਪਸ ਵਿਚ ਨੇ ਖੀਰ ਰਹੇ, ਤਾਹੀਉਂ ਲਾਲ ਸਲਾਮ।





# ਪੰਜਾਬ ਦੀ ਧਰਤੀ ਆਪਣਾ ਨਵਾਂ ਜਨਮ ਚਾਹੁੰਦੀ ਹੈ

**ਅਫ਼ਜ਼ਲ ਤੌਸੀਫ਼**

ਦੁਨੀਆ ਦਾ ਨਕਸ਼ਾ ਵੇਖੋ। ਦੁਨੀਆ ਜੋ ਗੇਂਦ ਜਿਹੀ ਦਿਨ ਰਾਤ ਸੂਰਜ ਦੇ ਦੁਆਲੇ ਘੁੰਮਦੀ ਹੈ। ਇਸ ਨਕਸ਼ੇ ਉੱਤੇ ਅਜ਼ੀਮ ਪੂਰਬ ਵੱਲ ਦਾ ਮਹਾਨ ਮਹਾਂਦੀਪ ਏਸ਼ੀਆ ਖਿਲਰਦਾ ਹੈ। ਉਹੋ ਤਹਿਜ਼ੀਬਾਂ ਦਾ ਪਹਿਲਾਂ ਘਰ ਬਣਿਆ। ਏਸ ਘਰ ਦਾ ਸਭ ਤੋਂ ਚਾਨਣ ਹਿੱਸਾ ਸਿੰਧ (ਇੰਡਸ ਵੈਲੀ) ਹਿੰਦ ਤੇ ਸਿੰਧ ਵਿਚਕਾਰ ਪੰਜਾਬ ਦੀ ਅਤਿ ਸੋਹਣੀ ਧਰਤੀ ਪਸਰੀ ਹੋਈ ਹੈ।

ਹਿੰਦ ਤੇ ਸਿੰਧ ਅਜ਼ਲ ਤੋਂ ਇੱਕ ਵੱਖਰੀ ਤੇ ਜੁੜੀ ਹੋਈ ਦੁਨੀਆ ਹੈ। ਦੁਨੀਆ ਦੀ ਪਹਿਲੀ ਤਹਿਜ਼ੀਬ ਦੀ ਧਰਤੀ (ਇੰਡਸ ਵੈਲੀ) ਮਿੱਟੀ ਸੋਨੇ ਵਰਗੀ। ਵਗਦੇ ਛੇ ਦਰਿਆ, ਪੰਜ ਭੈਣਾਂ, ਇੱਕ ਭਰਾ। ਦਰਿਆਵਾਂ ਦੇ ਆਬਾਦ ਕੰਢੇ, ਕਈ ਦੁਆਬੇ - ਇੱਕ ਨਜ਼ਰ ਭੂਗੋਲ ਤਾਂ ਵੇਖੋ। ਸਿੰਧ ਤੋਂ ਲੈ ਕੇ ਦਿੱਲੀ ਤੋੜੀ, ਸ਼ਿਮਲੇ ਤੋਂ ਲੈ ਕੇ ਰਾਜਸਥਾਨ ਤੋੜੀ ਪਸਰਿਆ। ਕਸ਼ਮੀਰ ਨਾਲ ਜੁੜਦਾ ਪੰਜਾਬ। ਬੜੀ ਬੜੀ ਹਿਸਟਰੀ ਏ ਇਸ ਧਰਤੀ ਦੀ। ਬੜਾ ਬੜਾ ਜਹਾਨ ਹੈ। ਤਹਿਜ਼ੀਬ ਏਥੇ ਇਕੱਠੀ ਹੋ ਕੇ ਵੱਸੀ। ਇਲਮ ਤੇ ਅਨਾਜ ਵਾਫ਼ਰ ਹੋਏ। ਰੰਗ ਰੂਪ ਬੇਹਿਸਾਬ। ਪੰਜਾਬ ਦਾ ਕਿਰਦਾਰ ਦੁਨੀਆ ਤੇ ਖਾਸ ਕਰਕੇ ਪੂਰਬ ਵਿਚ ਬੜਾ ਖਾਸ ਰਿਹਾ ਏ। ਏਸ ਧਰਤੀ ਦੀ ਤਾਰੀਖ ਅੰਦਰ ਬੜੇ-ਬੜੇ ਜ਼ਮਾਨੇ ਹੋ ਗੁਜ਼ਰੇ। ਬਸਤੀਆਂ ਵੱਸੀਆਂ ਵੀ ਤੇ ਉੱਜੜੀਆਂ ਵੀ। ਲੋਕੀਂ ਬਾਹਰੋਂ ਆਏ, ਆਬਾਦ ਹੋਏ। ਲੋਕੀਂ ਅੰਦਰੋਂ ਉਜੜ ਕੇ ਬਾਹਰ ਚਲੇ ਗਏ। ਪੰਜਾਬ ਬਦਲਦਾ ਰਿਹਾ। ਪੰਜਾਬ ਉਸੇ ਤਰ੍ਹਾਂ ਦਾ ਰਿਹਾ। ਤਾਰੀਖ ਕਿਤੇ ਬੋਲਦੀ ਏ, ਕਿਤੇ ਚੁੱਪ ਕਰ ਜਾਂਦੀ ਏ। ਕਿਤੇ ਰੋਂਦੀ ਏ, ਕਿਤੇ ਹੱਸਦੀ ਏ। ਲਿਖੀ ਅਣਲਿਖੀ ਤਾਰੀਖ ਦੇ ਵਰਕੇ ਫੋਲੋ ਤਾਂ ਕਈ ਪੰਜਾਬ ਲੱਭਦੇ ਨੇ, ਕਈ ਗਵਾਚ ਜਾਂਦੇ ਨੇ।

ਇੱਕ ਪੰਜਾਬ ਉਹ ਸੀ, ਹੜੱਪਾ ਜਿਸ ਦੀ ਪਹਿਲੀ ਰਾਜਧਾਨੀ ਬਣਿਆ। ਇੱਕ ਪੰਜਾਬ ਉਹ ਸੀ ਜਿੱਥੇ ਦੁਨੀਆ ਦੀ ਪਹਿਲੀ ਯੂਨੀਵਰਸਿਟੀ ਬਣੀ। ਉਹ ਯੂਨੀਵਰਸਿਟੀ ਜਿਸ ਵਿਚ ਪੜ੍ਹਨ ਲਈ ਤਾਲਬ-ਇਲਮ ਬਾਰਾਂ ਦਰਿਆ ਪਾਰ ਕਰਦਾ ਸੀ। ਪੰਜ ਪਾਣੀਆਂ ਦਾ ਪੰਜਾਬ ਸੱਤ ਪੀਰਾਂ ਦਾ ਪੰਜਾਬ। ਮਾਰਫ਼ਤ ਦੇ ਵਲੀ ਔਲੀਆ। ਲੋਕਾਂ ਨੂੰ ਰੂਹ ਦੀ ਜਮਹੂਰੀਅਤ ਦਾ ਫ਼ਲਸਫ਼ਾ ਦਿੰਦੇ ਰਹੇ। ਇੱਕ ਪੰਜਾਬ ਉਹ ਜਿੱਥੇ ਇਸ਼ਕ ਤੇ ਸ਼ਾਇਰੀ ਗਲਵਕੜੀ ਪਾ ਕੇ ਰਹਿੰਦੇ। ਜਿੱਥੇ ਵਗਦੇ ਪਾਣੀ ਕਹਾਣੀਆਂ ਕਹਿੰਦੇ। ਪੀਰ ਫ਼ਕੀਰ ਲੋਕਾਂ ਨਾਲ ਰਲ ਕੇ ਬਹਿੰਦੇ। ਮੈਂ ਨਹੀਂ ਕਹਿੰਦੀ। ਇਹ ਗੱਲ ਕਈ ਸਿਆਣੇ ਕਹਿੰਦੇ ਨੇ, ਸੱਯਦ ਅਫ਼ਜ਼ਲ ਹੈਦਰ ਜੋ ਸਮਾਜ ਦੀ ਜਮਹੂਰੀਅਤ ਤੋਂ ਪਹਿਲਾਂ ਰੂਹ ਦੀ ਜਮਹੂਰੀਅਤ ਦਾ ਨਜ਼ਰੀਆ ਦਿੰਦੇ ਨੇ। ਆਪਣੀ ਤਾਜ਼ਾ ਕਿਤਾਬ "ਬਾਬਾ ਨਾਨਕ ਸਾਹਿਬ" ਵਿਚ ਲਿਖਦੇ

ਨੇ।

ਅਹਿਲੇ ਦਾਨਸ਼ (ਸਿਆਣਿਆਂ) ਨੇ ਸਰਜ਼ਮੀਨ ਪੰਜਾਬ ਨੂੰ ਮਜ਼੍ਹਬਾਂ ਅਤੇ ਨਜ਼ਰੀਆਂ ਦੀ ਧਰਤੀ ਕਰਾਰ ਦਿੱਤਾ ਹੈ। ਜੋ ਆਪਣੇ ਆਪ ਵਿਚ ਇੱਕ ਬੜੀ ਸੱਚਾਈ ਹੈ। ਮਿਸਾਲ ਦੇ ਤੌਰ ਤੇ ਹਿੰਦੂ ਮੱਤ ਦੀ ਸਭ ਤੋਂ ਪਵਿੱਤਰ ਗ੍ਰੰਥ ਰਿਗਵੇਦ ਇਸ ਧਰਤੀ ਉੱਤੇ ਕਲਮਬੰਦ ਹੋਈ। ਕੌਰਵਾਂ ਪਾਂਡਵਾਂ ਦੀ ਫੈਸਲਾਕੁੰਨ ਜੰਗ ਇਸ ਸਰਜ਼ਮੀਨ ਉੱਤੇ ਲੜੀ ਗਈ। ਪੰਜਾਬ ਦੇ ਜ਼ਿਲਾ ਚੱਕਵਾਲ ਵਿਚ ਕਟਾਸ ਦੇ ਪਵਿੱਤਰ ਮੰਦਰ ਹਨ। ਨਾਥ ਜੋਗੀਆਂ ਅਤੇ ਤਾਂਤਰਿਕ ਫਲਸਫੇ ਦੇ ਪੈਰੋਕਾਰਾਂ ਦਾ ਕੇਂਦਰ ਵੀ ਏਥੇ ਹੀ ਰਿਹਾ। ਬੁੱਧ ਮੱਤ ਦਾ ਮੱਕਾ ਜੇ ਬਿਹਾਰ ਵਿਚ ਸੀ ਤਾਂ ਸਿਆਣਿਆਂ ਨੇ ਸਰਜ਼ਮੀਨ ਪੰਜਾਬ ਨੂੰ ਉਸਦਾ ਮਦੀਨਾ ਕਰਾਰ ਦਿੱਤਾ। ਤਸੱਵਫ ਦੀਆਂ ਕਈ ਸ਼ਾਖਾਂ ਇਸ ਖਿੱਤੇ ਵਿਚ ਪ੍ਰਵਾਨ ਚੜ੍ਹੀਆਂ, ਇਸ ਪਵਿੱਤਰ ਧਰਤੀ ਵਿਚ ਸਿੱਖ ਧਰਮ ਨੇ ਜਨਮ ਲਿਆ। (ਹਵਾਲਾ ਕਿਤਾਬ ਬਾਬਾ ਨਾਨਕ)

ਹਜ਼ਾਰਾਂ ਸਾਲਾਂ ਦੀ ਤਾਰੀਖ ਦੇ ਵਹਾਓ ਵਿਚ ਕਈ ਦੇ ਕਈ ਪੰਜਾਬ ਉੱਭਰੇ, ਡੁੱਬਦੇ ਰਹੇ। ਦੇਸ਼ ਪੰਜਾਬ ਕਦੇ ਪ੍ਰਦੇਸੀ ਹੋਇਆ, ਕਦੇ ਵੱਸਿਆ ਤੇ ਕਦੇ ਉਜੜਿਆ। ਪੰਜਾਬ ਦਾ ਬੇਹਿਸਾਬ ਉੱਦਮ ਤੇ ਰਿਜ਼ਕ ਉਹਦਾ ਵੈਰੀ ਵੀ ਹੋਇਆ। ਕਿੰਨੇ ਹੀ ਹਮਲੇ ਤੇ ਕਿੰਨੇ ਹੀ ਧਾੜੇ। ਲਸ਼ਕਰੀ ਚੜ੍ਹਾਈਆਂ ਕਰਦੇ, ਲੁੱਟ-ਮਾਰ ਮਚਾਉਂਦੇ, ਸ਼ਹਿਰਾਂ ਨੂੰ ਕਬਰਸਤਾਨ ਬਣਾਉਂਦੇ। ਪਿਛਾਂਹ ਮੁੜ ਜਾਂਦੇ, ਪਰ ਅਗਲੀ ਵਾਰੀ ਆਵਣ ਦੀ ਤਿਆਰੀ ਵਾਸਤੇ ਸਤਾਰਾਂ ਹਮਲੇ ਤੇ ਯਾਰਾਂ ਹਮਲੇ, ਸੱਤ ਹਮਲੇ। ਦੌਲਤ ਤੇ ਹੁਸਨ ਦੇ ਕਾਫਲੇ ਲੈ ਕੇ ਹਮਲਾਵਰ ਚਲੇ ਜਾਂਦੇ। ਪੰਜਾਬ ਕਦੇ ਆਪਣੀ ਤਾਕਤ ਵਰਤ ਵੀ ਲੈਂਦਾ। ਸਿਕੰਦਰ ਮਹਾਨ ਵਰਗੇ ਨੂੰ ਜਿਹਲਮ ਤੇ ਡੱਕ ਲੈਂਦਾ। ਕਦੇ ਆਪਣੇ ਮੂਧੇ ਮੂੰਹ ਗਿਰਦਾ, ਉੱਠਣ ਜੋਗਾ ਨਾ ਰਹਿੰਦਾ। ਕਈ ਵਾਰੀ ਪੰਜਾਬ ਧਰਤੀ ਬਾਹਰਲਿਆਂ ਦੀ ਗੁਲਾਮ ਹੋ ਜਾਂਦੀ ਰਹੀ। ਕਾਲੋਨੀ (ਬਸਤੀ) ਬਣ ਜਾਂਦੀ। ਡੰਨ ਭਰਦੀ। ਖਰਾਜ ਦੇਂਦੀ। ਖੁਦ-ਅਖ਼ਤਿਆਰੀ ਤੇ ਆਜ਼ਾਦੀ ਪੰਜਾਬ ਦਾ ਮੁਕੱਦਰ ਕਦੀ ਨਾ ਬਣੀ। ਉਜੜਨ ਦੀ ਕਹਾਣੀ ਬੜੀ ਲੰਬੀ। ਦਿੱਲੀ ਤੇ ਗਜਨੀ, ਲੰਡਨ ਤੇ ਵਾਸ਼ਿੰਗਟਨ ਦਾ ਯਰਗਮਾਲੀ ਪੰਜਾਬ। ਕੌਮੀ ਹਕੂਮਤ ਇੱਕ ਵਾਰ ਬਣੀ ਤਾਂ ਅਫ਼ਗਾਨਿਸਤਾਨ ਤੋੜੀ ਪਸਰ ਗਈ। ਐਸੇ ਪੰਜਾਬ ਨੇ ਬੜੇ-ਬੜੇ ਆਜ਼ਾਦੀ ਦੇ ਯੋਧੇ ਪੈਦਾ ਕੀਤੇ।

ਦੁੱਲਾ ਭੱਟੀ, ਅਹਿਮਦ ਖਰਲ ਗਦਰੀ ਬਾਬੇ, ਭਗਤ ਸਿੰਘ ਆਪਣੇ ਪੰਜਾਬ ਨੂੰ ਗੁਲਾਮੀ ਤੋਂ ਛੁਡਾਉਣ ਲਈ ਉੱਠੇ। ਪਰ ਪੰਜਾਬ ਦੀ ਰੂਹ ਨੂੰ ਆਜ਼ਾਦ ਕਰਾਉਣ ਲਈ ਸੂਫ਼ੀਆਂ ਦੇ ਕਈ ਡੇਰੇ ਬਣੇ। ਰੂਹਾਨੀ ਲੋਕ-ਰਾਜ ਦੀ ਖੋਜ ਸ਼ੁਰੂ ਹੋਈ। ਜਮਹੂਰੀਅਤ ਸੀ ਕੀ। ਸਮਾਜੀ ਫੈਸਲੇ ਕਰਨੇ ਦੀ ਆਜ਼ਾਦੀ ਏ। ਨਾ ਰੂਹਾਨੀ ਜਮਹੂਰੀਅਤ ਤੇ ਫਿਕਰੀ ਆਜ਼ਾਦ ਏ। ਪੰਜਾਬ ਦੀ ਰੂਹਾਨੀ ਕੋਸ਼ਿਸ਼ ਵੀ ਕੀਤੀ। ਉਹਨਾਂ ਲਈ ਪੰਜਾਬੀ ਬੋਲੀ ਤੇ ਪੰਜਾਬੀ ਕਲਚਰ ਬਚਾਉਂਦਾ ਏ, ਪਰ ਪੰਜਾਬ ਦੀ ਧਰਤੀ ਨੂੰ ਬਿਨਾਂ ਕਲਚਰੋਂ ਖੁਰਾਕ ਨਹੀਂ ਮਿਲ ਸਕਦੀ। ਉਹ ਕਰੈਕਟਰ ਬੌਧਿਕ ਤਾਕਤ ਨਹੀਂ ਪਣਪ ਸਕਦੀ। ਮੁੜ ਵਤਨਾਂ ਵੱਲ ਆਂਵਦੀ ਰਾਹ ਦੀ ਸੌਝੀ ਹੋ ਜਾਂਦੀ। ਵੀਜ਼ਾ ਲੈ ਕੇ ਆਪਣਾ ਉਸ ਨੂੰ ਦੇਸ਼ ਆਵਣਾ ਤੇ



ਨਹੀਂ ਕਹਿ ਸਕਦੇ।

ਇਹ ਤੇ ਪਰਾਏ ਦੇਸ਼ ਵਾਲੀ ਗੱਲ ਹੋਈ। ਦੋਵਾਂ ਵਿਚਕਾਰ ਪਛਾਣ ਅੱਧੀ ਅੱਧੀ ਰਹਿ ਜਾਂਦੀ ਏ। ਅੱਗੋਂ ਉੱਕਾ ਮੁੱਕ ਜਾਂਦੀ ਏ।

ਏਸ ਅਮਲ ਦੇ ਨਾਲ ਪੰਜਾਬ ਜੋ ਪਹਿਲਾਂ ਹੀ ਕੱਟ-ਵੱਢ ਹੋ ਕੇ ਟੋਟੇ ਹਜ਼ਾਰ ਰਹਿ ਗਿਆ। ਬਰੇਨ ਡਰੇਨ (ਬੌਧਿਕ ਕਾਲ) ਵੀ ਹੋਈ ਜਾ ਰਿਹਾ ਏ। ਅੱਜ ਬਹੁਤਾ ਪੰਜਾਬੀ ਬਾਹਰ ਏ। ਦਿੱਲੀ ਪੰਜਾਬੀਆਂ ਦਾ ਵੱਡਾ ਸ਼ਹਿਰ ਏ, ਪਰ ਦਿੱਲੀ ਪੰਜਾਬ ਤਾਂ ਨਹੀਂ। ਏਸੇ ਤਰ੍ਹਾਂ "ਬੰਬਈ ਫਾਇਨੈਂਸ਼ੀਅਲ ਕੈਪੀਟਲ ਆਫ਼ ਇੰਡੀਆ।" ਪੰਜਾਬੀਆਂ ਲਈ ਖਿੱਚ ਰੱਖਦਾ ਏ। ਪਰ ਪੰਜਾਬ ਦੀ ਧਰਤੀ ਨੂੰ ਕਿਸੇ ਤਰ੍ਹਾਂ ਵੀ ਫਿਨਾਂਸ ਨਹੀਂ ਕਰਦਾ। ਅੱਜ ਦੀ ਫਿਲਮ ਦਸਤਕਾਰੀ ਦੇ ਕਈ ਪੀਲ-ਪਾਵੇ ਪੰਜਾਬੀ ਹਨ। ਪਰ ਪੰਜਾਬੀਅਤ ਬਿਲਕੁਲ ਮਾੜੀ, ਅੱਜ ਤੋੜੀ ਕੋਈ ਚੰਗੀ ਪੰਜਾਬੀ ਫਿਲਮ ਨਹੀਂ ਬਣਾ ਸਕੇ। ਹਿੰਦੀ ਫਿਲਮਾਂ ਤੇ ਗੀਤਾਂ ਵਿਚ ਪੰਜਾਬੀ ਟੋਟੇ ਭੰਗੜੇ ਟੱਪੇ ਵਰਤ ਕੇ ਉਹਨਾਂ ਨੂੰ ਮਕਬੂਲ ਬਣਾਉਂਦੇ ਨੇ। ਪਰ ਪੰਜਾਬ ਦੀਆਂ ਕਹਾਣੀਆਂ ਤੇ ਕਿਰਦਾਰ ਲੈ ਕੇ ਫਿਲਮ ਦੀ ਮਾਰਕੀਟ ਬਣਾਉਣ ਵੱਲ ਤਵੱਜੋ ਨਹੀਂ ਦਿੰਦੇ। ਵਤਨ ਦੀ ਹੁੱਬ ਤੇ ਪੰਜਾਬੀ (Intelect) ਇੰਨੀਲੈਕਟ ਦੀ ਤਰੱਕੀ ਵਾਸਤੇ ਕੋਈ ਇੱਛਾ ਨਹੀਂ - ਬੱਸ ਇੱਕ ਨਾਸਟਾਲਜੀਆ (ਭੌਂ-ਹੇਰਵਾ) ਪੰਜਾਬ ਤੋਂ ਨਿਕਲ ਕੇ ਪੰਜਾਬੀ ਇਲਮ ਨਹੀਂ ਕਮਾਉਂਦਾ। ਬਹੁਤੇ ਡਾਲਰ ਕਮਾਉਂਦਾ। ਪਿੱਛੇ ਮਾਂ-ਧਰਤੀ ਗਰੀਬ ਹੋਈ ਜਾ ਰਹੀ ਹੈ। ਚੋਖਾ ਬਰੇਨ ਡਰੇਨ ਵੀ ਹੈਗਾ। ਘਰ ਦੀ ਗਰੀਬੀ ਵੀ ਹੈਗੀ।

ਅੱਜ ਦਾ ਪੰਜਾਬੀ ਭਾਵੇਂ ਹਰ ਸਾਲ ਖੱਟੀ ਖੱਟਣ ਬਾਹਰ ਜਾਂਦਾ, ਪਰ ਖੱਟ ਕੇ ਕੁਝ ਨਹੀਂ ਲਿਆਉਂਦਾ। ਬਾਰੀਂ ਬਰਸੀ ਵੀ ਮੁੜਕੇ ਨਹੀਂ ਆਂਵਦਾ। ਕੁਝ ਚਿਰ ਖਿਆਲੀ ਪੰਜਾਬ ਵਸਾਉਂਦਾ ਫੇਰ ਕੈਨੇਡੀਅਨ ਪੰਜਾਬੀ ਹੋ ਜਾਂਦਾ। ਦੂਜੇ ਪਾਸੇ ਦੇ ਪੰਜਾਬ ਦੀ ਕਹਾਣੀ ਹੋਰ ਵੀ ਗੰਭੀਰ ਏ। ਅਸਲੀ ਤੇ ਵੱਡਾ ਪੰਜਾਬ ਜਿੱਥੇ ਨਾਨਕ ਤੇ ਫਰੀਦ ਨੇ ਵਾਹਦੀਅਤ ਦੇ ਗੀਤ ਗਾਏ। ਰੂਹਾਨੀ ਲੋਕ-ਰਾਜ ਦੇ ਕੇ ਮਾੜੇ ਇਨਸਾਨ ਦੀ ਹੈਸੀਅਤ ਵਧਾਈ। ਜਿੱਥੇ ਵਾਰਸ ਨੇ ਹੀਰ ਲਿਖੀ ਓਥੇ ਹੁਣ ਆਬਾਦੀ ਤੇ ਗਰੀਬੀ ਵਧ ਰਹੀ ਹੈ। ਪੰਜਾਬੀ ਬੋਲੀ ਮੁੱਕ ਰਹੀ ਹੈ। ਪੰਜਾਬੀਅਤ ਦੀ ਬੌਧਿਕ ਸ਼ਕਤੀ, ਜੋ ਸਿਰਜਣਾ ਕਰਦੀ ਏ, ਮੁੱਕ ਗਈ। ਲੋਕ-ਰਾਜ ਰੂਹਾਨੀ, ਨਾ ਸਿਆਸੀ। ਪੈਦਾਵਾਰੀ ਤਬਕੇ ਕਾਮੇ ਕਿਸਾਨ ਕਮਜ਼ੋਰ ਹੋ ਚੁੱਕੇ। ਪੰਜਾਬੀ ਕਲਚਰ ਦਾ ਤਾਂ ਬਚਿਆ ਕੱਖ ਨਹੀਂ। ਧਰਤੀ ਪਿਆਸੀ, ਅੰਨਦਾਤਾ ਆਪ ਭੁੱਖਾ ਭੀਖਮੰਗਾ ਤੇ ਬੀਮਾਰ ਪੰਜਾਬ। ਫੀਊਡਲ ਫੌਜੀ ਤਾਕਤ ਬੇਆਸ ਬੇਵੱਸ ਲੋਕਾਈ। ਏਸ ਤਰ੍ਹਾਂ ਦੀ ਹਾਲਤ ਵਿਚ, ਪੰਜਾਬ ਨੂੰ ਡਾਲਰ ਦੀ ਨਹੀਂ, ਫਲਸਫੇ ਦੀ ਜ਼ਰੂਰਤ। ਕੋਈ ਵਾਰਿਸ, ਬੁੱਲ੍ਹਾ, ਕੋਈ ਫਰੀਦ, ਕੋਈ ਗੁਰੂ ਨਾਨਕ ਵਰਗਾ ਬਾਬਾ। ਪੰਜਾਬ ਦੇ ਪੱਲੇ ਕੀ ਹੈ? ਪਛਾਣ ਮੁੱਕ ਗਈ, ਜ਼ੁਬਾਨ ਮੁੱਕ ਗਈ, ਇਹ ਤਾਂ ਲਹਿੰਦੇ ਪੰਜਾਬ ਦੀ ਕਹਾਣੀ ਹੈ।

ਪਰ ਇੱਕ ਸਹਾਰਾ। ਇੱਕ ਆਸ ਤੇ ਪੰਜਾਬੀਅਤ ਦੇ ਬਚ ਜਾਣ ਦਾ ਚੜ੍ਹਦੇ ਪੰਜਾਬ ਦੀ ਜੱਦੋ-ਜਹਿਦ। ਏਥੋਂ ਦੇ ਅਦਾਰੇ, ਯੂਨੀਵਰਸਿਟੀਆਂ, ਪੰਜਾਬੀ ਸੂਬੇ ਵਾਸਤੇ ਜੱਦੋ-ਜਹਿਦ ਕਰਨ ਵਾਲੇ, ਪੰਜਾਬੀ ਜ਼ੁਬਾਨ ਨੂੰ ਆਹਲਾ ਦਰਜੇ ਦੀ ਪੜ੍ਹਾਈ ਲਿਖਾਈ, ਤੱਕ

ਲਿਆਵਣ ਵਾਲੇ। ਪਟਿਆਲਾ ਯੂਨੀਵਰਸਿਟੀ, ਇੱਕ ਰੌਸ਼ਨ ਮੁਨਾਰਾ, ਦੂਰੋਂ ਦਿਸਦਾ। ਏਸ ਤਰ੍ਹਾਂ ਦੇ ਅਦਾਰੇ, ਜੜ੍ਹਾਂ ਨਹੀਂ ਤਾਕਤ ਦੇ ਸਰੋਤ ਨੇ। ਪੰਜਾਬੀ (ਬੁੱਧੀ) ਦੇ ਸਰ ਚਸ਼ਮੇ। ਸਲਾਮ ਉਹਨਾਂ ਪੰਜਾਬੀਆਂ ਨੂੰ, ਜਿਹਨਾਂ ਮਿਹਨਤ ਕੀਤੀ। ਉੱਜੜੇ ਪੰਜਾਬ ਨੂੰ ਮੁੜ ਆਬਾਦ ਕਰਨ ਲਈ ਤਨ ਮਨ ਲਾਇਆ।

ਧਰਤੀ ਬਚਾਈ। ਬੋਲੀ ਬਚਾਈ, ਨਵਾਂ ਇਲਮ ਅਦਬ ਪੈਦਾ ਕੀਤਾ। ਮਿਹਨਤ ਤੇ ਹੁਨਰ ਦੇ ਬੂਟੇ ਪਾਲੇ। ਵੰਡ ਪਿੱਛੋਂ ਬਚਿਆ ਕੁਝ ਨਹੀਂ। ਤਾਰੀਖ ਦੀ ਇਕਾਈ ਟੁੱਟ ਗਈ, ਪਰ ਹਿੰਮਤ ਵਾਲਿਆਂ ਅੱਧੀ ਸਦੀ ਪੱਬਾਂ ਭਾਰ ਹੋ ਕੇ ਕੁਝ ਬਚਾਇਆ, ਕੁਝ ਬਣਾਇਆ।

ਓਸ ਵੇਲੇ ਪੰਜਾਬ ਛੱਡ ਕੇ ਜਾਣਾ ਆਸਾਨ ਸੀ, ਮੁੜ ਕੇ ਪੰਜਾਬ ਆਬਾਦ ਕਰਨਾ ਮੁਸ਼ਕਲ।

ਅੱਜ ਵੇਖੋ ਕਮਾਈ ਤੁਸਾਂ ਕੀਤੀ ਸੀ, ਘਾਟੇ ਵਿਚ ਰਹੇ। ਉਹ ਸਾਰੇ ਜੋ ਦੇਸ਼ ਛੱਡ ਗਏ। ਕਹਿਣ ਨੂੰ ਉਹਨਾਂ ਚੋਪੜੀਆਂ ਵੀ ਖਾਧੀਆਂ ਤੇ ਦੋ-ਦੋ ਵੀ। ਅੱਜ ਆਪਣੀ ਪਛਾਣ ਪਰਾਈ ਧਰਤੀ ਉੱਤੇ ਨਿਖਾਰਨ ਦੀ ਕੋਸ਼ਿਸ਼ ਵੀ ਕਰ ਰਹੇ ਨੇ। ਅੱਜ ਉਹ ਭਾਰੀ ਗਿਣਤੀ ਵਿਚ ਗਲੋਬ ਉੱਤੇ ਖਿਲਰੇ ਹੋਏ ਨੇ। ਪਰ ਉਹਨਾਂ ਨੂੰ ਪੰਜਾਬ ਦੀ ਧਰਤੀ ਵਲੋਂ ਉਹ ਕਰੈਡਟ (ਮਾਣ) ਨਹੀਂ ਮਿਲ ਸਕਦਾ। ਜੋ ਏਥੇ ਰਹਿ ਕੇ ਮਿਹਨਤ ਕਰਨ ਤੇ ਜ਼ਿੰਦਗੀ ਨਿਖਾਰਨ ਵਾਲਿਆਂ ਨੂੰ ਧਰਤੀ ਦਿੰਦੀ ਹੈ। ਪੰਜਾਬ ਵਿਚ ਤਾਂ ਮਾਮਲਾ ਹੀ ਹੋਰ ਸੀ। ਵੰਡ ਪਿੱਛੋਂ ਪਹਿਲਾਂ ਤਾਂ ਆਪਣੀ ਗਵਾਚੀ ਧਰਤੀ ਲੱਭਣੀ ਸੀ। ਮਗਰੋਂ ਉਹਦੇ ਜ਼ਖ਼ਮ ਧੋਣ ਦੀਆਂ ਗੱਲਾਂ। ਹੋਰ ਮਗਰੋਂ ਨਵੀਂ ਤਾਕਤ ਤੇ ਤਾਜ਼ਾ ਲਹੂ ਦੇਣ ਦਾ ਮਸਲਾ - ਜਿਹਨਾਂ ਹੱਲ ਕੀਤਾ, ਉਹ ਸਹਿਲ ਨਹੀਂ ਰਹੇ। ਪੱਬਾਂ ਭਾਰ ਖਲੋਤੇ ਪਰ ਇਨਾਮ ਬਹੁਤ ਸ਼ਾਨਦਾਰ ਮਿਲਿਆ। ਧਰਤੀ ਦੀ ਸ਼ੁਕਰਗੁਜ਼ਾਰੀ ਬੜਾ ਪੁਰਸਕਾਰ ਹੈ।

ਪੰਜਾਬ ਛੱਡ ਕੇ ਜਾਣ ਵਾਲਿਆਂ ਵੀ ਮਿਹਨਤ ਘੱਟ ਨਹੀਂ ਕੀਤੀ। ਹੁਣ ਤਾਂ ਉਹ ਦੁਨੀਆ ਦੇ ਕਈ ਵੱਡੇ ਮੁਲਕਾਂ ਅੰਦਰ ਤੀਜੀ ਚੌਥੀ ਪੀੜ੍ਹੀ ਨਿਭਾ ਕੇ ਆਬਾਦੀ ਦਾ ਹਰ ਚੌਥਾ ਆਦਮੀ ਬਣ ਚੁੱਕੇ ਹਨ। ਉਹਨਾਂ ਦੀ ਮਿਹਨਤ ਨਾਲ ਓਸ ਧਰਤੀ ਨੂੰ ਫਾਇਦੇ ਵੀ ਬੜੇ ਹੋਏ। ਵੱਡੇ ਟੈਕਸ ਅਦਾਕਾਰ ਵੀ ਉਹੋ ਨੇ। ਗੁੱਡ ਸਿਟੀਜ਼ਨ ਵੀ ਹੈਗੇ ਨੇ। ਸਹੂਲਤਾਂ ਬਥੇਰੀਆਂ, ਪਰ ਕੀ ਪਤਾ ਉਹਨਾਂ ਕੋਲ ਮਾਂ ਦੇ ਘਰ ਦੀ ਗਰੀਬੀ ਦਾ ਕੋਈ ਅਹਿਸਾਸ ਹੈ। ਨਹੀਂ ਬੜੀ ਬੜੀ ਜੈ ਜੈਕਾਰ। ਆਪਣੀ ਸਿਫਤ ਆਪ ਦੂਜਿਆਂ ਲਈ ਖਿੱਚ ਪਰ ਇੱਕ ਅਮਲ ਹੈ। ਅੱਗਾ ਦੌੜ, ਪਿੱਛਾ ਚੌੜ। ਜੋ ਵਧ ਰਿਹਾ ਹੈ, ਜੀਵਨ ਦੀ ਆਖਰੀ ਉਦਾਸੀ ਦਾ। ਮਤਲਬ ਸਿਰਫ ਆਪਣੀ ਮਿੱਟੀ ਸਮਝਦੀ ਹੈ, ਜਮਹੂਰੀਅਤ ਕਾਇਮ ਕਰਨ ਵਾਸਤੇ ਬੜੇ-ਬੜੇ ਸੂਫੀ ਸੱਯਦ ਉੱਠੇ, ਸੱਯਦ ਅਫਜ਼ਲ ਹੈਦਰ ਏਸ ਲਾਈਨ ਦੇ ਵਿਦਵਾਨ ਨੇ। ਪਹਿਲਾ ਨਾਂ ਬਾਬਾ ਫਰੀਦ ਦਾ ਲਿਆ ਜਾਂਦਾ। ਦੂਜਾ ਨਾਨਕ ਸਾਹਿਬ, ਬਾਬਾ ਫਰੀਦ ਇਹ ਵੇਖ ਕੇ ਪੰਜਾਬ ਆਏ ਕਿ ਓਸ ਵੇਲੇ ਏਥੋਂ ਦੀ ਅਵਾਮ (ਲੋਕਾਈ) ਦਾ ਤਨ ਮਨ ਸਖ਼ਤ ਗੁਲਾਮੀ ਦੀ ਜਕੜ ਵਿਚ ਸੀ। ਫੇਰ ਅਵਾਮ ਵਿਚੋਂ ਬਾਬਾ ਨਾਨਕ ਸਾਹਿਬ ਉੱਠੇ, ਜੋ ਰੂਹਾਨੀ ਲੋਕ-ਰਾਜ ਲੱਭਦੇ-ਲੱਭਦੇ ਦੁਨੀਆ ਫਿਰ ਆਏ। ਪੂਰੇ ਚੌਵੀਂ ਸਾਲ ਬਾਹਰ ਫਿਰ



ਕੇ ਖੋਜ ਕੀਤੀ। ਇੱਕ ਸ਼ਾਨਦਾਰ ਖੱਟੀ ਪੰਜਾਬ ਦੀ ਰੂਹ ਨੂੰ ਆਜ਼ਾਦ ਕਰਾਉਣ ਲਈ ਖੱਟ ਕੇ ਲਿਆਂਦੀ। ਇਹ ਇਲਮ ਅਰਫਾਨ (ਪਛਾਣ) ਦੀ ਖੱਟੀ ਸੀਗੀ।

ਪੰਜਾਬ ਵਿਚ ਬਹੁਤ ਸਾਰੇ ਲੋਕ ਬਾਹਰੋਂ ਵੀ ਆਉਂਦੇ ਰਹੇ। ਉਹਨਾਂ ਨੂੰ ਏਥੇ ਰੋਟੀ ਤੇ ਪਨਾਹ ਦੋਵੇਂ ਲੱਭ ਜਾਂਦੇ। ਪੰਜਾਬੀ ਲੋਕ ਜੋ ਬਾਹਰ ਨਿਕਲੇ, ਉਹ ਕੋਈ ਅਰਫਾਨ (ਪਛਾਣ) ਲਈ ਗਏ। ਕੋਈ ਅਮਨ ਲੱਭਦੇ ਫਿਰੇ। ਕੋਈ ਕੋਈ ਰੋਟੀ ਰੋਜ਼ੀ ਲਈ ਗਿਆ। ਏਥੇ ਹੈਰਾਨੀ ਹੁੰਦੀ ਹੈ। ਏਸ ਅਮੀਰ ਧਰਤੀ ਨੂੰ ਛੱਡ ਕੇ ਰੋਜ਼ੀ ਲਈ ਜਾਂ ਦੌਲਤ ਲਈ ਪੰਜਾਬੀ ਬਾਹਰ ਕਿਉਂ ਜਾਂਦੇ ਰਹੇ। "ਬਾਰੀਂ ਬਰਸੀ ਖੱਟਣ ਗਿਆ ਤੇ ਖੱਟ ਕੇ ਲਿਆਂਦਾ....... ਇਲਮ ਦੀ ਦੌਲਤ ਸਿਰਫ਼ ਨਾਨਕ ਸਾਹਿਬ ਲਿਆਏ।

ਇੱਕ ਵਾਰੀ ਤਾਂ ਕਮਾਲ ਦੀ ਖੱਟੀ ਆਈ। ਅੰਗਰੇਜ਼ ਦੀ ਗੁਲਾਮੀ ਦੇ ਸਤਾਏ ਹੋਏ ਪੰਜਾਬੀ ਅਮਰੀਕਾ ਤੁਰ ਗਏ। ਗਏ ਤਾਂ ਮਜ਼ਦੂਰੀ ਲਈ, ਪਰ ਖੱਟ ਲਿਆਏ ਆਜ਼ਾਦੀ। ਗਦਰੀ ਬਾਬੇ ਲਿਆਏ। ਰੂਹ ਦਾ ਇਨਕਲਾਬ ਆਪਣੇ ਲਈ ਸਿਆਸੀ ਇਨਕਲਾਬ। ਪੂਰੇ ਹਿੰਦੁਸਤਾਨ ਲਈ। ਅਜਬ ਹੁੰਦੇ ਨੇ ਇਹ ਪੰਜਾਬੀ ਬਾਬੇ। ਇਹਨਾਂ ਰੂਹ ਦੀ ਆਜ਼ਾਦੀ ਲੱਭੀ। ਦੂਜਿਆਂ ਸਮਾਜ ਦੀ ਰੂਹ ਨੂੰ ਆਜ਼ਾਦ ਕਰਾਉਣ ਲਈ ਜੱਦੋ-ਜਹਿਦ ਦਾ ਰਾਸਤਾ ਲੱਭਿਆ।

ਕਹਿ ਸਕਦੇ ਹਾਂ। ਪੰਜਾਬੀਆਂ ਦੇ ਬਾਹਰ ਜਾਣ ਦੀ ਰੀਤ ਪੁਰਾਣੀ ਏ। ਪਰ ਇੱਕ ਵਾਰੀ ਤਾਂ ਹੱਦ ਹੀ ਹੋ ਗਈ। ਸਗੋਂ ਸਾਰੀਆਂ ਹੱਦਾਂ ਟੁੱਟ ਗਈਆਂ। ਜਦੋਂ ਸਾਰੀਆਂ ਹੱਦਾਂ ਟੁੱਟ ਗਈਆਂ ਤਾਂ ਸਾਰੇ ਦਾ ਸਾਰਾ ਪੰਜਾਬ ਕਿਤੇ ਚਲਾ ਗਿਆ। ਕੋਈ ਕਿਤੇ ਨਾ ਰਿਹਾ। ਸ਼ਹਿਰ ਨਾ ਗਰਾਂ। ਗਲੀ ਨਾ ਮੁਹੱਲਾ। ਪਿੰਡ ਨਾ ਥਾਂ। ਕੁਝ ਵੀ ਆਪਣਾ ਨਾ ਰਿਹਾ। ਅੱਜ ਤਾਈਂ ਪਤਾ ਨਹੀਂ ਲੱਗਾ। ਅੱਜ ਤਾਈਂ ਉਹ ਸਾਰੇ ਕਿੱਥੇ ਗਏ ਹੋਏ ਨੇ? ਇਹਨਾਂ ਵਿਚੋਂ ਕੋਈ ਵੀ ਮੁੜ ਕੇ ਨਹੀਂ ਆਇਆ। ਪਿੱਛੇ ਕੋਈ ਗਾਉਣ ਵਾਲਾ ਵੀ ਨਹੀਂ ਸੀ ਰਿਹਾ। ਜੋ ਗਾਉਂਦਾ ਸੱਜਣ ਮੋੜ ਮੁਹਾਰਾਂ.... ਹੁਣ ਪਤਾ ਨਹੀਂ ਉਹ ਸਾਰੇ ਪੰਜਾਬੀ ਕਿਹੜੇ ਖੱਟੀ ਖੱਟਣ ਗਏ? ਮਾਲ ਦੌਲਤ? ਰਿਜ਼ਕ ਰੋਟੀ? ਜਮਹੂਰੀਅਤ? ਆਜ਼ਾਦੀ? ਜਾਂ ਨਿਰਾ ਦਰਦ? ਖਾਲੀ ਬੇਵਤਨੀ? ਉਦਾਸੀ, ਉਦਰੇਵਾਂ, ਬੇਵਤਨੀ। ਏਸ ਤਰ੍ਹਾਂ ਕਿਵੇਂ ਹੋਇਆ? ਕੀ ਪੰਜਾਬੀਆਂ ਨੂੰ ਬੇਵਤਨੀ ਦਾ ਚਾਅ ਚੜ੍ਹਿਆ।

ਕੁਝ ਦੁਨੀਆ ਵੀ ਜ਼ਾਲਮ, ਕੁਝ ਮੈਨੂੰ ਮਰਨ ਦਾ ਚਾਅ। ਉਹ ਹਿੰਦੁਸਤਾਨ ਪਾਕਿਸਤਾਨ ਦੇ ਜਸ਼ਨ ਦਾ ਸਾਲ ਸੀ।

ਕਹਿੰਦੇ ਨੇ ਤਾਰੀਖ ਦਾ ਬਿਆਨ ਵੀ ਏਹੋ। ਓਸ ਸਾਲ ਪੰਜਾਬ ਨੂੰ ਭਾਰੀ ਹਾਰ ਹੋਈ ਸੀ। ਸਿਆਸਤ ਦੀ ਜੰਗ ਵਿਚ ਪੰਜਾਬ ਕੋਲ ਆਪਣਾ ਕੋਈ ਲੀਡਰ ਨਹੀਂ ਸੀ, ਲੰਮੀ ਗੁਲਾਮੀ ਮਗਰੋਂ ਫਰੀਦ ਤੇ ਨਾਨਕ ਸਾਹਿਬ ਦੀ ਬਖਸ਼ੀ ਹੋਈ ਰੂਹਾਨੀ ਜਮਹੂਰੀਅਤ ਦੀ ਤਾਕਤ ਵੀ ਘਟ ਗਈ ਹੋਈ ਸੀ। ਸਮਾਜੀ ਇਨਕਲਾਬ ਲਈ ਸਰਫਰੋਸ਼ੀ ਦੀ ਤਮੰਨਾ ਭਗਤ ਸਿੰਘ ਦੇ ਨਾਲ ਸ਼ਹਾਦਤ ਪਾ ਗਈ। ਕੌਣ ਬਚਾਉਂਦਾ? ਕੌਣ ਰੋਕਦਾ? ਕੌਣ ਪੰਜਾਬ ਦੀ ਰਾਖੀ ਕਰਦਾ? ਭਾਰੀ ਸ਼ਕਸਤ ਮਗਰੋਂ ਪੰਜਾਬ ਉੱਜੜ ਗਿਆ। ਆਖਰੀ ਦ੍ਰਿਸ਼

ਜੋ ਤਾਰੀਖ ਨੇ ਰਿਕਾਰਡ ਕੀਤਾ। ਬਹੁਤ ਸਾਰੇ ਕੈਂਪ, ਕਾਫਲੇ, ਬਹੁਤ ਸਾਰੇ ਮੁਰਦੇ। ਬਹੁਤ ਸਾਰੀਆਂ ਛੂਹੜੀਆਂ। ਵੈਣ ਪਾਉਂਦੀਆਂ ਔਰਤਾਂ, ਡਰੇ ਹੋਏ ਨਿੱਕੇ ਨਿਆਣੇ? ਉਜੜਨ ਦਾ ਅਜੀਬ ਮੰਜ਼ਰ। ਆਖਰੀ ਦ੍ਰਿਸ਼ ਮਿਟ ਗਿਆ। ਮੁੜ ਕੇ ਲੱਭਣ ਦੀ ਕੋਸ਼ਿਸ਼ ਈ ਨਾ ਕੀਤੀ।

ਬੱਸ ਕਿਸੇ ਕੋਈ ਕ੍ਰਿਸ਼ਨ ਚੰਦਰ ਵਰਗਾ, ਕੋਈ ਅੰਮ੍ਰਿਤਾ ਪ੍ਰੀਤਮ, ਕੋਈ ਬੇਦੀ, ਕੋਈ ਮੰਟੋ, ਕੋਈ ਭੀਸ਼ਮ ਸਾਹਨੀ ਵਰਗਾ ਹਾਕਾਂ ਮਾਰਦੇ ਰਹੇ। ਕਿਤੇ ਹੈ ਕੋਈ ਪੰਜਾਬੀ! ਬੋਲ! ਕਿਤੇ ਕਬਰਾਂ ਵਿਚੋਂ ਬੋਲ! ਵਾਰਸ ਸ਼ਾਹ ਦੀ ਕਬਰ ਤਾਂ ਆਪ ਚੋਂਦੀ ਪਈ ਸੀ। ਬੁੱਲ੍ਹਾ ਮੁੜ ਕੇ ਬੋਲਿਆ, ਬੁਰਾ ਹਾਲ ਹੋਇਆ ਪੰਜਾਬ ਦਾ।

ਪੰਜਾਬ ਵਿਚ ਥਾਂ ਖਾਲੀ ਹੋਵੇ ਤਾਂ ਬਾਹਰਲੇ ਆ ਵੜਦੇ ਨੇ। ਸਾਇੰਸ ਦਾ ਵੀ ਦਸਤੂਰ ਏ। ਹਵਾ ਦੀ ਥਾਂ, ਹਵਾ ਲੈਂਦੀ ਏ। ਪੰਜਾਬ ਦਾ ਇਲਾਕਾ ਮੁੜ ਕੇ ਭਰ ਗਿਆ। ਥਾਵਾਂ ਮੱਲੀਆਂ ਵੀ ਗਈਆਂ। ਪਰ ਕਿਸ ਮੱਲੀਆਂ ਥਾਵਾਂ?

ਆਵਣ ਵਾਲੇ ਕਈ ਤਰ੍ਹਾਂ ਦੇ ਨਾਂ ਲੈ ਕੇ ਆਏ। ਮਹਾਜਰ, ਪਨਾਹਗੀਰ, ਸ਼ਰਨਾਰਥੀ, ਰੀਫੀਊਜੀ, ਜਾ ਲੋਕਲਾ ਇੱਕ ਭੀੜ ਜਰੀ। ਪੰਜਾਬੀ ਕੌਮ ਤਾਂ ਬੜੀ ਲਿਬਰਲ ਹੋਂਦੀ ਏ। ਓਸ ਕੌਮ ਦਾ ਪਤਾ ਨਹੀਂ ਲੱਗਾ ਕਿੱਥੇ ਚਲੀ ਗਈ ਏ। ਮੈਨੂੰ ਲੱਗਾ, ਪੰਜਾਬੀਆਂ ਦੇ ਬਾਹਰ ਜਾਣ ਦੀ ਕਹਾਣੀ, ਪੰਜਾਬ ਦੇ ਗਵਾਚ ਜਾਣ ਦੀ ਕਹਾਣੀ, ਅੱਜ ਤਾਂ ਪੰਜਾਬੀ ਬਹੁਤ ਥੋੜ੍ਹਾ ਏ। ਦਿਆਸਪੁਰ ਵੱਡਾ ਹੋ ਚੁੱਕਾ ਏ। ਬੜੀ-ਬੜੀ ਗਲਤੀ ਹੋ ਰਹੀ ਏ। ਪੰਜਾਬ ਨੂੰ ਉਜਾੜ ਕੇ ਪਰਾਏ ਦੇਸ਼ਾਂ ਦਾ ਨਾਂ ਪੰਜਾਬ ਰੱਖਣ ਦੀ ਗੱਲ। "ਖਵਾਬ ਹੈ ਇੱਕ ਦੀਵਾਨੇ ਕਾ।"

ਇੰਝ ਇਹ ਕਿੱਸਾ ਬੜਾ ਪੁਰਾਣਾ ਏ। ਵਿਛੋੜੇ ਦੇ ਗੀਤ ਪ੍ਰਦੇਸਾਂ ਦੇ ਕਿੱਸੇ। ਢੋਲੇ-ਲੰਮੀਆਂ ਉਡੀਕਾਂ। ਕਿਸੇ ਦੇ ਮੁੜ ਕੇ ਆਵਣ ਦੀਆਂ ਆਸਾਂ ਬੜਾ-ਬੜਾ ਅਦਬ ਲਿਖਿਆ ਗਿਆ। ਨਿਰੀ ਕਮਾਉਣ ਖਾਣ ਦੀ ਗੱਲ ਵੀ ਨਹੀਂ। ਪੰਜਾਬ ਦੇ ਪੈਰਾਂ ਵਿਚ ਚੱਕਰ ਏ। ਅੱਜ ਤਾਂ ਸਾਰੀ ਦੁਨੀਆ ਵਿਚ ਪੰਜਾਬੀ ਖਿੱਲਰ ਚੁੱਕੇ ਨੇ। ਇੱਕੋ ਮਿਸਾਲ ਹੈ ਐਡੀ ਵੱਡੀ ਤਰਕੇ ਵਤਨੀ ਦੇਸ਼ ਦਾ ਤਿਆਗ।

ਅਮਰੀਕਾ, ਕੈਨੇਡਾ, ਬਰਤਾਨੀਆ, ਆਸਟਰੇਲੀਆ, ਨਿਊਜ਼ੀਲੈਂਡ ਬਹੁਤੇ ਜਾਂਦੇ। ਓਥੇ ਉਹਨਾਂ ਦੇ ਇਲਾਕੇ, ਬਸਤੀਆਂ, ਸਕੂਲ, ਅਮੀਰੀ, ਖੁਸ਼ਹਾਲੀ, ਤਜਾਰਤ, ਕਾਰੋਬਾਰ, ਦੌਲਤ ਸਭ ਕੁਝ, ਹੱਕ-ਹਕੂਕ ਪੂਰੇ। ਸਿੱਖਾਂ ਨੇ ਆਪਣੀ ਪਛਾਣ ਬਚਾਵਣ ਦੀ। ਤਰੱਕੀ ਦਾ ਮਤਲਬ ਆਪਣੀ ਧਰਤੀ ਉੱਤੇ ਡਿੱਗੇ ਢੱਠੇ ਤਬਕਿਆਂ ਦੀ ਤਰੱਕੀ ਹੋਂਦਾ ਏ। ਅਮੀਰ ਦੀ ਅਮੀਰੀ ਵਧਾਵਣ ਵਿਚ ਨਹੀਂ। ਹੁਣ ਇਹ ਖਿਆਲ ਕਿ ਤੁਸੀਂ ਪੰਜਾਬੋਂ ਬਾਹਰ ਜਾ ਕੇ ਕੋਈ ਨਵਾਂ ਪੰਜਾਬ ਵਸਾ ਰਹੇ ਹੋ। ਖ਼ਿਆਲੇ ਖਾਸ, ਖਵਾਬ ਦੀਵਾਨੇ। ਧਰਤੀ ਆਪਣੀ ਥਾਂ ਤੇ ਉਗਦੀ ਏ। ਲੱਖਾਂ ਵਰ੍ਹਿਆਂ ਦਾ ਅਮਲ ਧਰਤੀ ਦਾ ਕਲਚਰ ਹਜ਼ਾਰਾਂ ਸਾਲ ਆਪਣੇ ਖੇਤਾਂ ਦੀ ਮਿੱਟੀ ਪਾਣੀ ਵਿਚ ਉੱਗਦਾ ਏ। ਕਿਸੇ ਥਾਂ ਦੀ ਮਿੱਟੀ ਬਦਲੀ ਨਹੀਂ ਜਾ ਸਕਦੀ - ਤਬਦੀਲੀ ਦਾ ਅਮਲ - ਵੇਲੇ ਦਾ ਮੁਕਾਬਲਾ ਕੋਈ ਕਿੰਝ ਕਰੇ?



ਆਖਰ ਕਦੋਂ ਤੋੜੀ। ਕੈਨੇਡਾ ਦੇ ਪੰਜਾਬੀ ਅੰਮ੍ਰਿਤਸਰ ਜਾਂ ਪਟਿਆਲ ਦੀਆਂ ਕੁੜੀਆਂ ਵਿਆਹ ਕੇ ਨੱਸੇ ਜਾਂਦੇ ਰਹਿਣਗੇ। ਤੁਸੀਂ ਆਪ ਵੇਖ ਸਕਦੇ ਹੋ ਫ਼ਰਕ। ਬੰਬਈ ਰਹਿੰਦੀ ਤੇ ਹੁਸ਼ਿਆਰਪੁਰ ਰਹਿੰਦੀ ਕੁੜੀ ਦਾ ਫ਼ਰਕ। ਅੱਜ ਇੱਕ ਸਿਰ ਤੇ ਚੁੰਨੀ ਲੈਂਦੀ, ਦੂਜੀ ਬਿਕਨੀ ਪਾਉਂਦੀ ਏ। ਕਦੋਂ ਤੋੜੀ ਅਮਰੀਕਾ ਜੰਮੀ ਪਲੀ ਕੁੜੀ ਨੂੰ ਮਿੰਨੀ ਸਕਰਟ ਤੋਂ ਬਚਾਉਂਦੇ ਰਹੋਗੇ? ਕਦੋਂ ਤੋੜੀ ਪੁਰਾਣੀ ਪੀੜ੍ਹੀ ਦੇ ਬਾਬੇ ਵਾਰਸ, ਬੁੱਲ੍ਹੇ ਦੀ ਬੋਲੀ ਬਚਾ ਕੇ ਰੱਖਣਗੇ?

(ਗਲੋਬਲਾਈਜੇਸ਼ਨ) ਵਿਸ਼ਵੀਕਰਨ ਦੀ ਹਨੇਰੀ ਝੁੱਲ ਗਈ ਏ। ਕਈ ਦੇਸ਼ਾਂ ਜ਼ੁਬਾਨਾਂ, ਤਹਿਜ਼ੀਬਾਂ ਨੇ ਉੱਡ-ਪੁੱਡ ਜਾਣਾ। ਲੋਕੀਂ ਆਪਣੇ ਬੂਹੇ ਬਾਰੀਆਂ ਬੰਦ ਕਰ ਰਹੇ ਨੇ। ਪਰ ਪੰਜਾਬ ਤਾਂ ਪਹਿਲਾਂ ਵੀ ਆਪਣੀਆਂ ਕੰਧਾਂ ਢਾਹੀ ਬੈਠਾ ਏ। ਪੰਜਾਬ ਦਾ ਸਾਰਾ ਕਲਚਰ ਮਿੱਟੀ ਨਾਲ ਅੱਟ ਹੋ ਰਿਹਾ ਏ। ਵੱਡੀ ਟਰੈਜਿਡੀ (ਦੁਖਾਂਤ) ਤਕਸੀਮ-ਦਰ-ਤਕਸੀਮ। ਟੁੱਟ ਭੱਜ ਅੰਦਰ ਬਾਹਰ। ਨੁਕਸਾਨ ਵਧ ਰਿਹਾ ਏ। ਉਜੜਨ ਦਾ ਅਮਲ ਅੱਜ ਵੀ ਜਾਰੀ ਏ। ਚੜ੍ਹਦੇ ਪੰਜਾਬ ਦੀ ਗੱਲ ਕਰੀਏ। ਖੇਤ ਦਿਸਦੇ ਨੇ ਚੰਗੀ ਇੰਡਸਟਰੀ ਏ। ਪਰ ਖੇਤ ਮਜ਼ਦੂਰ ਤੇ ਫੈਕਟਰੀ ਵਰਕਰ ਬਿਹਾਰ ਤੋਂ ਆਉਂਦਾ ਏ। ਤਾਂ ਘੱਟ ਮਜ਼ਦੂਰੀ ਦੀ ਖਾਤਰ। ਪੰਜਾਬੀ ਮਾਲਕਨ ਮੁਜ਼ਾਰੇ ਤੇ ਮਜ਼ਦੂਰਾਂ ਨੂੰ ਆਪਣੇ ਦੇਸ਼ ਵਿਚ ਈ ਬੇਬੱਸ ਕਰ ਦਿੱਤਾ ਹੋਇਆ ਹੈ। ਅੱਗੋਂ ਸਿਆਸੀ ਤਾਕਤ ਵੀ ਘੱਟ ਹੋ ਜਾਣੀ ਏਂ। ਕਿਉਂ ਜੇ ਬਾਹਰੋਂ ਆਵਣ ਵਾਲਿਆਂ ਨੂੰ ਵੋਟ ਦਾ ਹੱਕ ਵੀ ਮਿਲ ਜਾਣਾ। ਇੱਕ ਨਵੀਂ ਹਕੀਕਤ 'ਬਿਹਾਰੀ ਪੰਜਾਬੀ' ਕੈਨੇਡੀਅਨ ਪੰਜਾਬ ਨਾਲੋਂ ਬਹੁਤ ਕੂੜੀ ਤਾਰੀਖਾਂ ਆਪਣੇ ਆਪ ਨੂੰ ਦੁਹਰਾ ਦਿੰਦੀ ਏ। ਪਰ ਕਦੇ-ਕਦੇ ਮਜ਼ਾਕ ਚੰਗਾ ਕਰ ਲੈਂਦੀ ਏ। ਹੜੱਪੇ ਦੇ ਜ਼ਮਾਨੇ ਦਾ ਪੰਜਾਬੀ ਗੋਰਾ, ਉੱਚਾ ਲੰਮਾ, ਚੌੜਾ ਨਹੀਂ ਸੀ ਹੁੰਦਾ। ਉਹਨੂੰ ਬਾਹਰੋਂ ਆਵਣ ਵਾਲਿਆਂ ਪਛਾੜ ਲਿਆ ਤਾਂ ਉਹ ਪੰਜਾਬ ਛੱਡ ਕੇ ਬੰਗਾਲ ਬਿਹਾਰ ਵੱਲ ਨੱਸ ਗਿਆ। ਅੱਜ ਕੀ ਹੋ ਰਿਹਾ ਏ? ਥਾਂ ਛੱਡਣੇ ਥਾਂ ਮੱਲਣੇ ਦੇ ਵਿਚਕਾਰ ਪੰਜਾਬ ਤਾਰੀਖ ਦੇ ਕਈ ਸੈਂਕੜੇ ਸਦੀਆਂ ਧਰਤੀ ਦਾ ਕਲਚਰ, ਬੋਲੀ, ਗੀਤ, ਮਾਹਰਫਤ ਦੇ ਦਰਿਆ, ਨਾਨਕ, ਵਾਰਸ, ਬਾਬਾ ਫਰੀਦ ਦੀ ਕਮਾਈ ਰੂਹਾਨੀ ਜਮਹੂਰੀਅਤ ਦੇ ਜ਼ਮਾਨੇ। ਸੱਭੋ ਕੁਝ ਅਮਰੀਕਾ, ਕੈਨੇਡਾ ਦੀ ਧਰਤੀ ਉੱਤੇ ਨਹੀਂ ਪਣਪ ਸਕਦਾ। ਕੀ ਇਹ ਆਸਾਰ ਕਦੀਮ ਬਣ ਜਾਊ? ਬੜੇ ਗਲਤ ਨੇ ਉਹ ਜੋ ਸੋਚਦੇ ਨੇ ਪਰਾਈ ਚਾਦਰ ਉੱਤੇ ਪੰਜਾਬੀ ਦੀ ਕਢਾਈ, ਹਿੰਦੀ ਫਿਲਮਾਂ ਵਿਚ ਪੰਜਾਬੀ ਭੰਗੜੇ ਜਾਂ ਗੀਤ ਵਿਚ ਟੋਟੇ। ਪੰਜਾਬੀਅਤ ਦੀ ਤਰੱਕੀ ਹੋ ਰਹੀ ਹੈ, ਜਾਂ ਬਾਹਰ ਗਏ ਪੰਜਾਬੀਆਂ ਦੀ ਮਿਹਨਤ ਨਾਲ ਪੰਜਾਬ ਦਾ ਨਾਂ ਉੱਚਾ ਹੋ ਰਿਹਾ ਏ।

ਆਪਣੇ ਆਪ ਨੂੰ ਸਾਬਤ ਕਰਨ ਲਈ ਆਪਣੀ ਧਰਤੀ ਨੂੰ ਵੀ ਸਾਬਤ ਕਰਨਾ ਪੈਂਦਾ ਏ। ਧਰਤੀ ਉੱਤੇ ਜੰਮਣਾ, ਜੀਉਣਾ ਤੇ ਮਿੱਟੀ ਨਾਲ ਮਿੱਟੀ ਹੋਣਾ। ਆਪਣੀ ਮਿੱਟੀ ਵਿਚ ਰਲ ਜਾਣਾ ਵੀ ਜ਼ਰੂਰੀ ਏ। ਜੇ ਕੋਈ ਐਨਾ ਕਰੇ ਤਾਂ ਧਰਤੀ ਉਹਨੂੰ ਸਰਟੀਫਿਕੇਟ ਦੇਂਦੀ ਏ, ਪਰ ਜੇ ਕੋਈ ਆਪਣੀ ਧਰਤੀ ਨੂੰ ਰੰਗ ਲਾਵੇ। ਬਸੰਤੀ ਚੋਲਾ ਰੰਗਾਵੇ ਤਾਂ ਸ਼ਹੀਦੀ ਦਰਜਾ - ਅਫਸੋਸ ਪੰਜਾਬੀਆ! ਤੂੰ ਭਗਤ ਸਿੰਘ ਨੂੰ ਮਾਹੀਆ ਗਾਉਂਦੇ ਨਹੀਂ ਸੁਣਿਆ।"

ਸਾਡਾ ਇੱਕ ਸਿੰਧੀ ਸ਼ਾਇਰ ਸ਼ੇਖ ਅੱਯਾਜ਼ ਬੜੇ ਹਰਖ ਨਾਲ ਕਹਿੰਦਾ ਏ, ਏਥੇ ਮੇਰਾ ਵੀ ਹਰਖ ਏ। ਪੰਜਾਬੀਆਂ ਨੇ ਆਪਣੀ ਤਾਕਤ ਨੂੰ ਪੰਜਾਬ ਦੀ ਧਰਤੀ ਬਣਾਉਣ ਉੱਤੇ ਖਰਚ ਨਹੀਂ ਕੀਤਾ।

ਵੇਲਾ ਭਾਵੇਂ ਖੁੰਝ ਗਿਆ ਲੱਗਦਾ ਏ, ਪਰ ਇਤਿਹਾਸ ਬਦਲਿਆ ਵੀ ਜਾ ਸਕਦਾ ਏ। ਅੱਜ ਪੰਜਾਬ ਨੂੰ ਇਨਕਲਾਬ ਦੀ ਲੋੜ ਏ। ਆਪਣੇ ਆਪ ਦੀ ਪਛਾਣ ਖ਼ੁਦ-ਸ਼ਨਾਸੀ। ਅੱਜ ਪੰਜਾਬੀ ਉਦਾਸ ਫਿਰਦਾ ਏ। ਆਪਣੇ ਆਪ ਨੂੰ ਝੂਠੀ ਤਸੱਲੀ ਦਿੰਦਾ ਏ। ਕੈਨੇਡਾ ਵਿਚ ਪੰਜਾਬ ਵੱਸਦਾ? ਕਿਤੇ ਕੋਈ ਵਸੇ, ਕਿਤੋਂ ਕੋਈ ਉਜੜੇ। ਧਰਤੀ ਆਪਣੀ ਥਾਂ 'ਤੇ ਰਹਿੰਦੀ ਏ। ਆਵਣ ਵਾਲਿਆਂ ਨੂੰ ਥਾਂ ਦੇਂਦੀ ਏ। ਜਾਵਣ ਵਾਲਿਆਂ ਨੂੰ ਯਾਦ ਵੀ ਰੱਖਦੀ ਏ। ਮੁੜ ਕੇ ਆਵਣ ਦੀ ਉਡੀਕ ਕਰਦੀ ਏ। ਅੱਜ ਪੰਜਾਬ ਦੀ ਧਰਤੀ ਨਵਾਂ ਜਨਮ ਚਾਹੁੰਦੀ ਏ। ਅੱਜ ਪੰਜਾਬ ਨੂੰ ਬਸੰਤੀ ਚੋਲਾ ਚਾਹੀਦਾ ਏ ਤੇ ਰੱਤੜੇ ਫੁੱਲਾਂ ਦੇ ਕੰਠੇ। ਸਾਡੇ ਮਸ਼ਰਕ ਤੇ ਜਨੂਬ ਦੀ ਏਹੋ ਗੀਤ ਏ। ਏਥੇ ਇਨਕਲਾਬ ਤੋਂ ਪਹਿਲਾਂ ਤਰੱਕੀ ਦੀ ਗੱਲ ਕਰਨਾ, "ਇੱਕ ਖਵਾਬ ਹੈ ਦੀਵਾਨੇ ਕਾ।"

ਲਿਪੀ ਪਰਿਵਰਤਨ - ਹ. ਸ. ਹ. (ਲਹਿਰਾਂ ਲਾਹੌਰ ਵਿਚੋਂ)

## ਪੁਸਤਕ ਪ੍ਰਾਪਤੀ

1. ਤੁਪਕਾ ਤੁਪਕਾ (ਕਵਿਤਾ) ਭੁਪਿੰਦਰਪ੍ਰੀਤ, ਪੰਨੇ 128, ਮੁੱਲ 140/- ਪੰਜਾਬੀ ਸਭਿਆਚਾਰ ਕੇਂਦਰ ਦਿੱਲੀ।
2. ਸਮਰਪਿਤ (ਕਵਿਤਾਵਾਂ) ਗੁਰਨਾਮ ਢਿੱਲੋਂ, ਪੰਨੇ 88, ਮੁੱਲ 90/- ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
3. ਪਾਸ਼ ਤਾਂ ਸੂਰਜ ਸੀ (ਪਾਸ਼ ਬਾਰੇ ਕਵਿਤਾਵਾਂ ਦਾ ਸੰਗ੍ਰਹਿ) ਸੰਪਾਦਕ ਸੋਹਣ ਸਿੰਘ ਸੰਧੂ, ਸੁਰਿੰਦਰ ਧੰਜਲ, ਪੰਨੇ 240, ਮੁੱਲ 200/- ਪ੍ਰਕਾਸ਼ਕ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ।
4. ਅੱਖਰਾਂ ਦੀ ਲੋਅ (ਕਵਿਤਾਵਾਂ) ਰਵਿੰਦਰ ਸਹਿਗਲ, ਪੰਨੇ 100, ਮੁੱਲ 125/- ਯੂਨੀਸਟਾਰ ਚੰਡੀਗੜ੍ਹ।
5. ਸਾਜ਼ੋ ਸੋਜ਼ੇ ਸੁਖ਼ਨ (ਉਰਦੂ ਗ਼ਜ਼ਲਾਂ) ਅਸ਼ਰਫ਼ ਗਿੱਲ, ਪੰਨੇ 143, ਮੁੱਲ 150/- ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ।
6. ਕੁਝ ਪਲਾਂ ਲਈ (ਕਵਿਤਾਵਾਂ) ਪੰਨੇ 120, ਮੁੱਲ 150/- ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ।
7. ਸਾਂਝੇ ਸਾਹ ਲੈਂਦਿਆਂ (ਨਜ਼ਮਾਂ) ਪਰਮਿੰਦਰ ਸੋਢੀ ਪੰਨੇ 80, ਮੁੱਲ 150/- ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ।
8. ਕੱਲਰ (ਨਾਟਕ) ਸਵਰਾਜਬੀਰ, ਪੰਨੇ 100, ਮੁੱਲ 125/- ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ।
9. ਹਉਕੇ ਦਾ ਅਨੁਵਾਦ (ਗ਼ਜ਼ਲਾਂ) ਕੁਲਵਿੰਦਰ ਕੁੱਲਾ, ਪੰਨੇ 80, ਮੁੱਲ 85/- ਕੁਕਨੁਸ ਪ੍ਰਕਾਸ਼ਨ, ਜਲੰਧਰ।
10. ਸੱਭੇ ਉੱਤਮ (ਵਾਰਤਕ ਲੇਖ) ਕੁਲਵਿੰਦਰ ਸਿੰਘ ਵਾਲੀਆ, ਪੰਨੇ 64, ਮੁੱਲ 28/-
11. ਰੰਗ ਮਜੀਠੀ (ਕਵਿਤਾਵਾਂ) ਸੁਰਿੰਦਰ ਸਿੰਘ ਸੁੰਨੜ, ਪੰਨੇ 136, ਮੁੱਲ 50/-12. ਸੰਦਰਭ (ਆਲੋਚਨਾ) ਡਾ. ਤੇਜਵੰਤ ਮਾਨ, ਪੰਨੇ 176, ਮੁੱਲ 170/- ਲਿਟਰੇਟਰ ਹਾਊਸ, ਅੰਮ੍ਰਿਤਸਰ





# ਇਰਾਕੀ ਕਵਿੱਤਰੀ ਦੂਨੀਆ ਮਿਖਾਇਲ

ਦੂਨੀਆ ਮਿਖਾਇਲ ਦਾ ਜਨਮ 1965 ਵਿਚ ਬਗਦਾਦ ਵਿਚ ਹੋਇਆ ਸੀ। ਉਸਨੇ ਬਗਦਾਦ ਯੂਨੀਵਰਸਿਟੀ ਵਿਚੋਂ ਅੰਗ੍ਰੇਜ਼ੀ ਭਾਸ਼ਾ ਪੜ੍ਹੀ ਅਤੇ ਹੁਣ ਤੀਕ ਕਵਿਤਾ ਦੇ ਤਿੰਨ ਸੰਗ੍ਰਹਿ ਛਪਵਾ ਚੁੱਕੀ ਹੈ। ਉਹ ਯੂ. ਐਸ. ਏ. ਦੇ ਮਿਸ਼ੀਗਨ ਸ਼ਹਿਰ ਵਿਚ ਰਹਿੰਦੀ ਹੈ। ਚਿਰਾਗ਼ ਦੇ ਪਿਛਲੇ ਅੰਕ ਵਿਚ ਉਸ ਦਾ ਇੰਟਰਵਿਊ ਛਾਪਿਆ ਗਿਆ ਸੀ। ਪੇਸ਼ ਹੈ ਉਸਦੀਆਂ ਕੁਝ ਕਵਿਤਾਵਾਂ -

## 1. ਜੰਗ ਬੜੀ ਮਿਹਨਤ ਕਰਦੀ ਹੈ

ਜੰਗ!
ਕਿੰਨੀ ਗੰਭੀਰ!
ਕਿੰਨੀ ਚੁਸਤ!
ਤੇ ਕਿੰਨੀ ਜੁਗਤੀ ਹੁੰਦੀ ਹੈ ਇਹ।

ਸਵੇਰੇ ਸਵਖਤੇ ਹੀ
ਇਹ ਸਾਇਰਨਾਂ ਨੂੰ ਜਗਾਉਂਦੀ ਹੈ
ਐਬੂਲੈਂਸਾਂ ਨੂੰ ਹਰ ਥਾਂ ਭੇਜਦੀ ਹੈ
ਲੋਥਾਂ ਨੂੰ ਹਵਾ ਵਿਚ ਉਛਾਲਦੀ ਹੈ
ਜਖ਼ਮੀਆਂ ਲਈ ਸਟਰੈਚਰ ਸਰਕਾਉਂਦੀ ਹੈ
ਮਾਵਾਂ ਦੀਆਂ ਅੱਖਾਂ ਵਿਚੋਂ
ਅੱਥਰੂਆਂ ਦੀ ਬਾਰਸ਼ ਕਰਵਾਉਂਦੀ ਹੈ
ਧਰਤੀ ਵਿਚ ਟੋਏ ਪੁੱਟਦੀ ਹੈ
ਖੰਡਰਾਂ ਵਿਚੋਂ ਕਈ ਕੁਝ ਪੁੱਟ ਕੇ ਕੱਢਦੀ ਹੈ
ਕੁਝ ਬੇਜ਼ਾਨ ਚਮਕਦੀਆਂ ਚੀਜ਼ਾਂ
ਕੁਝ ਪੀਲੀਆਂ, ਕੁਝ ਅਜੇ ਵੀ ਧੜਕਦੀਆਂ

ਇਹ ਬੱਚਿਆਂ ਦੇ ਮਨਾਂ ਵਿਚ
ਕਈ ਪ੍ਰਸ਼ਨ ਉਤਪੰਨ ਕਰਦੀ ਹੈ
ਦੇਵਤਿਆਂ ਦਾ ਮਨ ਪ੍ਰਚਾਵਾ ਕਰਦੀ ਹੈ
ਮੀਜ਼ਾਇਲ ਤੇ ਆਕਾਸ਼ ਵਿਚ ਗੋਲੇ ਦਾਗ ਕੇ
ਇਹ ਖੇਤਾਂ ਵਿਚ ਸੁਰੰਗਾਂ ਬੀਜਦੀ ਹੈ
ਟੋਏ ਪੁੱਟਦੀ ਤੇ ਹਵਾ ਵਿਚ
ਘੁੰਮਣਘੇਰੀਆਂ ਪੈਦਾ ਕਰਦੀ ਹੈ

ਪਰਿਵਾਰਾਂ ਨੂੰ ਪ੍ਰਵਾਸ ਲਈ ਬੇਨਤੀ ਕਰਦੀ
ਪਾਦਰੀਆਂ ਦੇ ਹੱਕ ਵਿਚ ਭੁਗਤਦੀ ਹੈ
ਜਦੋਂ ਇਹ ਸ਼ੈਤਾਨ ਨੂੰ ਫਿਟਕਾਰਦੇ ਨੇ
ਜੰਗ ਬੇਕਿਰਕ ਹੁੰਦੀ ਹੈ
ਰਾਤ ਦਿਨ
ਇਹ ਜ਼ਾਲਮਾਂ ਨੂੰ ਲੰਮੇ ਲੰਮੇ
ਭਾਸ਼ਣ ਦੇਣ ਲਈ ਪ੍ਰੇਰਦੀ ਹੈ
ਤੇ ਕਵੀਆਂ ਨੂੰ ਨਵੇਂ ਵਿਸ਼ੇ ਸੁਝਾਉਂਦੀ ਹੈ
ਇਹ ਬਨਾਵਟੀ ਅੰਗਾਂ ਦੀ ਦਸਤਕਾਰੀ
ਦੇ ਵਿਕਾਸ ਵਿਚ ਹੱਥ ਵਟਾਉਂਦੀ
ਮੱਖੀਆਂ ਨੂੰ ਖ਼ੁਰਾਕ ਪ੍ਰਦਾਨ ਕਰਦੀ ਹੈ
ਇਤਿਹਾਸ ਦੀ ਪੁਸਤਕ ਦੇ ਸਫ਼ੇ ਵਧਾਉਂਦੀ
ਕਾਤਲ ਤੇ ਮਕਤੂਲ ਵਿਚ
ਬਰਾਬਰੀ ਪੈਦਾ ਕਰਦੀ
ਪ੍ਰੇਮੀਆਂ ਨੂੰ ਖ਼ਤ ਲਿਖਣਾ ਸਿਖਾਉਂਦੀ
ਤੇ ਕੁੜੀਆਂ ਨੂੰ ਉਡੀਕਣ ਦੀ ਸਿੱਖਿਆ ਦਿੰਦੀ ਹੈ

ਇਹ ਅਖ਼ਬਾਰਾਂ ਦੇ ਪੰਨੇ ਕਹਾਣੀਆਂ
ਤੇ ਤਸਵੀਰਾਂ ਨਾਲ ਭਰਦੀ ਹੈ
ਤੇ ਹਰ ਸਾਲ ਜਸ਼ਨ ਮਨਾਉਣ ਲਈ ਢੋਲ ਕੁੱਟਦੀ
ਯਤੀਮਾਂ ਲਈ ਨਵੇਂ ਘਰ ਬਣਾਉਂਦੀ
ਤੇ ਤਾਬੂਤ ਬਣਾਉਣ ਵਾਲਿਆਂ ਨੂੰ ਰੁੱਝਾ ਰੱਖਦੀ ਹੈ।
ਇਹ ਕਬਰਾਂ ਪੁੱਟਣ ਵਾਲਿਆਂ ਨੂੰ
ਥਾਪੀ ਦਿੰਦੀ
ਤੇ ਲੀਡਰਾਂ ਦੇ ਚਿਹਰੇ 'ਤੇ
ਮੁਸਕਾਨ ਲਿਆਈ ਰੱਖਦੀ ਹੈ

ਕਿੰਨੀ ਮਿਹਨਤ ਕਰਦੀ ਹੈ ਜੰਗ
ਇਸ ਦੀ ਕੋਈ ਮਿਸਾਲ ਨਹੀਂ ਮਿਲਦੀ
ਪਰ ਕੋਈ ਵੀ ਇਸ ਦੀ ਪ੍ਰਸੰਸਾ ਨਹੀਂ ਕਰਦਾ.

## 2. ਮੋਚੀ

ਇੱਕ ਹੁਨਰਮੰਦ ਮੋਚੀ
ਆਪਣੀ ਪੂਰੀ ਉਮਰ
ਠੋਕਦਾ ਹੈ ਕਿੱਲ
ਤੇ ਚਮਕਾਉਂਦਾ ਹੈ ਚਮੜੇ ਨੂੰ
ਵੰਨ-ਸੁਵੰਨੇ ਪੈਰਾਂ ਲਈ
ਪੈਰ ਜੋ ਚਲਦੇ ਨੇ
ਪੈਰ ਜੋ ਮਾਰਦੇ ਨੇ ਠੋਹਕਰ
ਪੈਰ ਜੋ ਮਾਰਦੇ ਨੇ ਛਾਲ
ਪੈਰ ਜੋ ਕਰਦੇ ਨੇ ਨਕਲ
ਪੈਰ ਜੋ ਦੌੜਦੇ ਹਨ
ਪੈਰ ਜੋ ਸ਼ਾਮਲ ਹੁੰਦੇ ਨੇ
ਭਗਦੜ ਵਿਚ
ਪੈਰ ਜੋ ਰੁਕ ਜਾਂਦੇ ਨੇ
ਪੈਰ ਜੋ ਉਛਲਦੇ ਨੇ
ਪੈਰ ਜੋ ਯਾਤਰਾ ਕਰਦੇ ਨੇ
ਪੈਰ ਜੋ ਸ਼ਾਂਤ ਖਲੋਤੇ ਰਹਿੰਦੇ ਨੇ
ਪੈਰ ਜੋ ਕੰਬਦੇ ਨੇ
ਪੈਰ ਜੋ ਨੱਚਦੇ ਨੇ
ਪੈਰ ਜੋ ਵਾਪਸ ਪਰਤਦੇ ਨੇ
ਜਿੰਦਗੀ, ਮੋਚੀ ਦੇ ਹੱਥਾਂ ਵਿਚ
ਫੜੇ ਕੁਝ ਕਿੱਲ ਹੀ ਤੇ ਹੁੰਦੀ ਹੈ।



## 3. ਮੈਂ ਘਬਰਾ ਗਈ ਸੀ

ਕੱਲ੍ਹ ਮੈਂ ਇੱਕ ਦੇਸ਼ ਗਵਾ ਬੈਠੀ
ਮੈਂ ਬਹੁਤ ਘਬਰਾਹਟ ਵਿਚ ਸੀ
ਮੈਨੂੰ ਪਤਾ ਹੀ ਨਹੀਂ ਚੱਲਿਆ
ਕਦੋਂ ਮੇਰੀਆਂ ਬਾਹਾਂ ਵਿਚੋਂ
ਤਿਲਕ ਕੇ ਡਿੱਗ ਪਿਆ ਉਹ
ਜਿਵੇਂ ਕਿਸੇ ਭੁਲੱਕੜ ਬਿਰਖ ਤੋਂ
ਡਿੱਗ ਪੈਂਦੀ ਹੈ ਕੋਈ ਟੁੱਟੀ ਹੋਈ ਟਹਿਣੀ
ਕੋਈ ਉਸਦੇ ਕੋਲੋਂ ਦੀ ਲੰਘੇ
ਤੇ ਉਹ ਉਸ ਦੀਆਂ
ਲੱਤਾਂ ਨਾਲ ਟਕਰਾ ਜਾਵੇ
ਸ਼ਾਇਦ ਅਸਮਾਨ ਵੱਲ ਮੂੰਹ ਖੋਲ੍ਹੀ
ਪਏ ਕਿਸੇ ਸੂਟਕੇਸ ਵਿਚ
ਜਾਂ ਕਿਸੇ ਚੱਟਾਨ ਤੇ ਉੱਕਰਿਆ ਹੋਇਆ
ਮੂੰਹ ਖੋਲ੍ਹ ਚੁੱਕੇ ਕਿਸੇ ਜ਼ਖ਼ਮ ਦੇ ਵਾਂਗ
ਜਾਂ ਕਿਸੇ ਉੱਜੜੇ ਹੋਏ
ਲੋਕਾਂ ਦੇ ਕੰਬਲਾਂ ਵਿਚ ਲਿਪਟਿਆ
ਜਾਂ ਕਿਸੇ ਹਾਰੇ ਹੋਏ ਲਾਟਰੀ ਦੇ
ਟਿਕਟ ਦੇ ਵਾਂਗ ਖਾਰਜ ਹੋਇਆ
ਜਾਂ ਕਿਸੇ ਨਰਕ ਵਿਚ ਪਿਆ
ਭੁੱਲਿਆ ਤੇ ਮਦਦਹੀਣ
ਜਾਂ ਬਿਨਾਂ ਕਿਸੇ ਮੰਜ਼ਿਲ ਦੇ
ਲਗਾਤਾਰ ਦੌੜਦਾ
ਬੱਚਿਆਂ ਦੇ ਸਵਾਲਾਂ ਵਾਂਗ
ਜਾਂ ਯੁੱਧ ਦੇ ਧੂੰਏਂ ਦੇ ਨਾਲ ਉੱਠਦਾ
ਜਾਂ ਕਿਸੇ ਅਲੀ ਬਾਬਾ ਦੇ
ਮਰਤਬਾਨ ਵਿਚ ਲੁਕਾਇਆ ਹੋਇਆ
ਜਾਂ ਭੇਸ ਬਦਲ ਕੇ ਪੁਲਸ ਵਾਲੇ ਦੀ
ਵਰਦੀ ਵਿਚ ਖਲੋਤਾ
ਜਿਸ ਨੇ ਕੈਦੀਆਂ ਵਿਚਕਾਰ
ਗੜਬੜ ਫੈਲਾ ਦਿੱਤੀ ਹੋਵੇ
ਦੇ ਖ਼ੁਦ ਭੱਜ ਉੱਠਿਆ ਹੋਵੇ
ਜਾਂ ਹੱਸਣ ਦੀ ਕੋਸ਼ਿਸ਼ ਕਰਦੀ
ਕਿਸੇ ਔਰਤ ਦੇ ਦਿਮਾਗ਼ ਵਿਚ
ਅੜਿਆ ਬੈਠਾ ਹੋਇਆ
ਜਾਂ ਅਮਰੀਕਾ ਵਿਚ ਆਏ ਨਵੇਂ ਲੋਕਾਂ
ਦੇ ਸੁਪਨਿਆਂ ਦੇ ਵਾਂਗ ਖਿੰਡਿਆ ਹੋਇਆ

ਕਿਸੇ ਵੀ ਰੂਪ ਵਿਚ ਟਕਰਾਏ ਉਹ
ਕਿਸੇ ਦੇ ਨਾਲ
ਤਾਂ ਕਿਰਪਾ ਕਰ ਕੇ
ਮੈਨੂੰ ਵਾਪਸ ਦੇ ਦੇਣਾ
ਮੈਨੂੰ ਵਾਪਸ ਦੇ ਦੇਣਾ ਸ੍ਰੀਮਾਨ ਜੀ
ਮੇਮ ਸਾਹਿਬ
ਮੈਨੂੰ ਵਾਪਸ ਦੇ ਦੇਣਾ
ਉਹ ਮੇਰਾ ਦੇਸ਼ ਹੈ
ਕੱਲ੍ਹ ਜਦੋਂ ਉਹ ਮੈਥੋਂ ਗਵਾਚਾ
ਮੈਂ ਬਹੁਤ ਘਬਰਾਹਟ ਵਿਚ ਸੀ। •

# ਮੇਰੇ ਕੋਲ ਹੈ

ਨਿਕੋਲਸ ਗੁਈਲੇਨ (1902-89)

ਜਦ ਮੈਂ ਤੱਕਦਾ ਹਾਂ
ਤਾਂ ਆਪਣੇ ਆਪ ਨੂੰ ਵੇਖਦਾ ਹਾਂ
ਮੈਂ 'ਜੁਆਨ' ਜਿਸ ਕੋਲ ਕੱਲ ਤੀਕ
ਪੱਲੇ ਧੇਲਾ ਵੀ ਨਹੀਂ ਸੀ
ਤੇ ਜਿਸ 'ਜੁਆਨ' ਕੋਲ
ਅੱਜ ਹਰ ਚੀਜ਼ ਹੈ
ਮੈਂ ਨਜ਼ਰ ਫੇਰ ਕੇ ਵੇਖਦਾ ਹਾਂ,
ਆਪਣੇ ਆਪ ਨੂੰ ਢੂੰਹਦਾ ਹਾਂ
ਤੇ ਪੁੱਛਦਾ ਹਾਂ
ਇਹ ਸਭ ਕੁਝ ਹੋਇਆ ਕਿਵੇਂ?

ਮੇਰੇ ਕੋਲ
ਵੇਖੋ ਤੇ ਸਹੀ
ਮੇਰੇ ਕੋਲ ਆਪਣੇ ਸਾਰੇ ਵਤਨ ਨੂੰ
ਘੁੰਮ ਫਿਰ ਕੇ ਵੇਖਣ ਦੀ ਖੁਸ਼ੀ ਹੈ
ਤੇ ਇਸ ਵਿਚਲੀ ਹਰ ਸ਼ੈਅ ਦੀ
ਮਾਲਕੀ ਦੀ ਖੁਸ਼ੀ
ਤੇ ਮੈਂ ਗਹੁ ਨਾਲ ਵੇਖਦਾ ਹਾਂ
ਕਿ ਮੇਰੇ ਕੋਲ ਕੀ ਸੀ ਤੇ ਕੀ ਨਹੀਂ ਸੀ
ਮੈਂ ਕਹਿ ਸਕਦਾ ਹਾਂ ਮੇਰੇ ਕੋਲ ਗੰਨਾ ਹੈ
ਮੈਂ ਕਹਿ ਸਕਦਾ ਪਹਾੜ ਹੈ
ਮੈਂ ਕਹਿ ਸਕਦਾ ਸ਼ਹਿਰ ਹੈ
ਫੌਜ ਹੈ
ਤੇ ਹੁਣ ਹਮੇਸ਼ਾ ਲਈ
ਮੇਰੇ ਕੋਲ, ਤੁਹਾਡੇ ਕੋਲ, ਸਾਡੇ ਕੋਲ
ਸੂਰਜ ਦੀਆਂ ਕਿਰਨਾਂ
ਸਿਤਾਰੇ ਸੁਹਜ ਹੈ
ਤੇ ਫੁੱਲਾਂ ਦਾ ਸੁਹਜ ਹੈ

ਤੇ ਮੇਰੇ ਕੋਲ
ਆਓ ਗਿਣੀਏਂ
ਮੇਰੇ ਕੋਲ
ਇੱਕ ਕਿਸਾਨ, ਇੱਕ ਮਜ਼ਦੂਰ ਕੋਲ
ਇੱਕ ਸਾਦਾ ਆਦਮੀ ਕੋਲ
(ਮਿਸਾਲ ਵਜੋਂ)
ਬੈਂਕ ਵਿਚ ਜਾਣ ਤੇ ਮੈਨੇਜਰ ਨਾਲ
ਗੱਲ ਕਰਨ ਦੀ ਖੁਸ਼ੀ ਹੈ
ਅੰਗ੍ਰੇਜ਼ੀ ਵਿਚ ਨਹੀਂ
'ਸਰ' ਕਹਿ ਕੇ ਨਹੀਂ
ਸਗੋਂ ਜਿਵੇਂ ਅਸੀਂ ਸਪੇਨੀ ਭਾਸ਼ਾ ਵਿਚ
ਕਹਿੰਦੇ ਹਾਂ
'ਭਾਊ ਕਹਿ ਕੇ'

ਮੇਰੇ ਕੋਲ
ਆਓ ਵੇਖੋ
ਕਾਲਾ ਹੋਣ ਕਰ ਕੇ ਵੀ
ਕੋਈ ਮੈਨੂੰ ਸ਼ਰਾਬ-ਘਰ
ਜਾਂ ਨਾਚ-ਘਰ ਦੇ ਬੂਹੇ ਅੱਗੇ
ਅੰਦਰ ਜਾਣ ਤੋਂ ਰੋਕ ਨਹੀਂ ਸਕਦਾ
ਨਾ ਹੀ ਹੋਟਲ ਵਿਚ ਧੁੱਸਾ ਲਈ
ਕੋਈ ਮੈਨੂੰ ਚੀਕ ਕੇ ਨਹੀਂ ਕਹਿ ਸਕਦਾ
ਕਿ "ਕਮਰੇ ਖਾਲੀ ਨਹੀਂ ਹਨ।"
ਨਿੱਕਾ ਜਿਹਾ ਕਮਰਾ
ਬਹੁਤਾ ਵੱਡਾ ਨਹੀਂ
ਨਿੱਕਾ ਜਿਹਾ, ਜਿੱਥੇ ਮੈਂ ਆਰਾਮ ਕਰ ਸਕਾਂ
ਹੁਣ ਮੇਰੇ ਕੋਲ
ਆਓ ਤੱਕੋ ਤੇ ਸਹੀ



ਕਿ ਮੈਨੂੰ ਕੋਈ, ਫੜ ਕੇ
ਜੇਲ੍ਹ ਦੇ ਅਹਾਤੇ, ਵਿਚ ਡੱਕ ਨਹੀਂ ਸਕਦਾ
ਨਾ ਕੋਈ ਮੇਰੀ ਭੋਂ ਖੋਹ ਸਕਦਾ ਹੈ
ਨਾ ਹੀ ਜਰਨੈਲੀ ਸੜਕ ਤੋਂ ਫੜ ਕੇ
ਢਾਹ ਸਕਦਾ ਹੈ

ਮੇਰੇ ਕੋਲ ਹੈ ਭੋਂ
ਸਮੁੰਦਰ ਹੈ ਮੇਰੇ ਕੋਲ
ਕਲੱਬ ਨਹੀਂ
ਨਾ ਅਮੀਰਾਨਾ ਜ਼ਿੰਦਗੀ
ਨਾ ਟੈਨਿਸ, ਨਾ ਬੇੜੀ
ਐਪਰ, ਇੱਕ ਤੱਟ ਤੋਂ ਦੂਸਰੇ ਤੀਕ
ਇੱਕ ਲਹਿਰ ਤੋਂ ਦੂਸਰੀ ਤੀਕ
ਮਹਾਨ, ਖੁੱਲਾ, ਲੋਕਰਾਜੀ
ਸਮੁੰਦਰ ਹੈ।

ਮੇਰੇ ਕੋਲ ਆਓ ਵੇਖੋ ਤਾਂ ਸਹੀ ਜ਼ਰਾ
ਮੈਂ ਪੜ੍ਹਨਾ ਸਿਖ ਗਿਆ ਹਾਂ
ਗਿਣਨਾ ਵੀ
ਪੜ੍ਹਨਾ ਹੀ ਨਹੀਂ
ਸੋਚਣਾ
ਹੱਸਣਾ ਸਿੱਖ ਗਿਆ ਹਾਂ
ਮੇਰੇ ਕੋਲ ਹੁਣ ਕੰਮ ਕਰਨ ਲਈ ਜਗ੍ਹਾ ਹੈ
ਕਮਾਉਣ ਲਈ
ਖਾਣ ਲਈ

ਮੇਰੇ ਕੋਲ
ਵੇਖੋ ਤੇ ਸਹੀ ਆ ਕੇ
ਉਹ ਸਭ ਕੁਝ ਹੈ
ਜੋ ਆਮ ਬੰਦੇ ਕੋਲ ਹੋਣਾ ਚਾਹੀਦੈ। •

(ਤਾਰਿਕ ਅਲੀ ਦੀ ਪੁਸਤਕ ਵਿਚੋਂ)

---

## ਹਿੰਦੀ ਗ਼ਜ਼ਲ

ਪ੍ਰਫੁੱਲ ਕੁਮਾਰ ਪਰਵੇਜ਼

ਗ਼ਜ਼ਲ ਹਾਲਾਤ ਪਰ ਬੇਬਾਕ ਤੀਖਾ ਵਿਅੰਗ ਕਰਤੀ ਹੈ।
ਕਿਸੀ ਤਰਾਂ ਨਕਾਬੇਂ ਨੋਚਨੇ ਕਾ ਢੰਗ ਕਰਤੀ ਹੈ।

ਨਹੀਂ ਦਰਬਾਰ ਕੇ ਕਾਬਿਲ ਰਹੀ, ਦਰਬਾਰ ਕਹਿਤਾ ਹੈ,
ਗ਼ਜ਼ਲ ਅਬ ਆਮ ਲੋਗੋਂ ਕਾ ਬਰਾਬਰ ਸੰਗ ਕਰਤੀ ਹੈ।

ਕਬੀ ਵੁਹ ਲੋਰੀਆਂ ਕੀ ਤਰਹ ਜਿਸਕੋ ਥਪਥਪਾਤੀ ਥੀ,
ਗ਼ਜ਼ਲ ਅਬ ਨੀਂਦ ਕੋ ਉਨਕੀ ਬਰਾਬਰ ਭੰਗ ਕਰਤੀ ਹੈ।

ਮਹਲ ਵਾਲੇ ਸਮਝਤੇ ਥੇ ਉਸੇ ਮਹਲੋਂ ਕੀ ਆਦਤ ਹੈ,
ਗ਼ਜ਼ਲ ਫੁੱਟਪਾਥ ਪਰ ਆ ਕਰ ਉਨੇਂ ਅਬ ਦੰਗ ਕਰਤੀ ਹੈ।

(ਰਾਸਤਾ ਬਨਤਾ ਰਹੇ 'ਚੋਂ)

<u>ਚੀਨੀ ਕਹਾਣੀ</u>

# ਘਰ ਗ੍ਰਿਹਣੀ

**ਵਾਂਗ ਰੁਨਚੀ**

ਸੱਠਾਂ ਵਰ੍ਹਿਆਂ ਦਾ ਸਵੋਛੰਗ ਇੱਕ ਡਰਾਕਲ ਤੇ ਬਹੁਤ ਹੀ ਜ਼ਜਬਾਤੀ ਕਿਸਮ ਦਾ ਮਨੁੱਖ ਸੀ। ਉਸਦੀ ਪਤਨੀ ਡਿਊਲਾਨ ਹੀ ਘਰ ਦਾ ਸਾਰਾ ਕੰਮਕਾਰ ਸੰਭਾਲਦੀ ਸੀ। ਘਰ ਪਰਿਵਾਰ ਦੇ ਰਜਿਸਟਰ ਵਿਚ ਵੀ ਉਸਦਾ ਨਾਮ ਮੁੱਖੀ ਵਜੋਂ ਦਰਜੀ ਸੀ, ਉਤਪਾਦਨ-ਬਰੀਗੇਡ ਤੋਂ ਪ੍ਰਾਪਤ ਹੋਣ ਵਾਲਾ ਧਨ ਤੇ ਅਨਾਜ ਦੇ ਇੰਦਰਾਜਾਂ ਉੱਤੇ ਸਵੋਛੰਗ ਦੀ ਥਾਂ ਡਿਊਲਾਨ ਦੇ ਹੀ ਹਸਤਾਖਰ ਹੁੰਦੇ ਸਨ।

ਦਿਨ ਭਰ ਖੇਤਾਂ ਵਿਚ ਕੰਮ ਕਰਨ ਤੋਂ ਪਿੱਛੋਂ ਜਦੋਂ ਸਵੋਛੰਗ ਘਰ ਮੁੜਦਾ ਤਾਂ ਮੂੰਹ-ਹੱਥ ਧੋ ਕੇ ਝੱਟ ਰੇਡੀਓ ਲਾ ਲੈਂਦਾ। ਉਸਨੂੰ ਰੇਡੀਓ ਤੋਂ ਪ੍ਰਸਾਰਤ ਹੁੰਦੇ ਸਮਾਚਾਰ ਅਤੇ ਖੇਤੀ ਸੰਬੰਧੀ ਪ੍ਰੋਗਰਾਮ ਬੇਹੱਦ ਚੰਗੇ ਲੱਗਦੇ ਸਨ। ਗਾਣੇ ਅਤੇ ਨਾਟਕ ਸੁਣਨ ਦਾ ਉਸਨੂੰ ਕੋਈ ਸ਼ੌਕ ਨਹੀਂ ਸੀ। ਉਹ ਕਿਹਾ ਕਰਦਾ ਸੀ ਕਿ ਖੇਤੀ-ਪ੍ਰੋਗਰਾਮ ਤੋਂ ਉਸਨੂੰ ਬੜੀ ਰੌਚਕ ਜਾਣਕਾਰੀ ਮਿਲਦੀ ਐ ਅਤੇ ਉਸਦੀ ਦ੍ਰਿਸ਼ਟੀ ਵਿਸ਼ਾਲ ਹੁੰਦੀ ਐ। ਉਹ ਬਹੁਤ ਸਮਾਂ ਰੇਡੀਓ ਹੀ ਸੁਣਦਾ ਰਹਿੰਦਾ। ਘਰ-ਗ੍ਰਿਹਸਥੀ ਦੇ ਹੋਰ ਛੋਟੇ-ਵੱਡੇ ਕੰਮ, ਜਿਵੇਂ ਰੋਟੀ ਪਕਾਉਣਾ, ਸੂਰ ਜਾਂ ਕੁਕੜੀਆਂ ਦੀ ਦੇਖ-ਭਾਲ ਕਰਨਾ, ਉਸਨੇ ਆਪਣੀ ਪਤਨੀ ਦੇ ਕਰਨ ਲਈ ਹੀ ਸੁੱਟ ਰੱਖੇ ਸਨ।

ਪਿਛਲੇ ਕੁਝ ਸਮੇਂ ਤੋਂ ਨੇੜੇ-ਤੇੜੇ ਦੇ ਗਲੀ-ਗੁਆਂਢ ਦੇ ਸਾਰੇ ਕਿਸਾਨਾਂ ਉੱਤੇ ਪੰਪ ਵਾਲੇ ਖੂਹ ਲਗਵਾਉਣ ਦੀ ਧੁੰਨ ਸਵਾਰ ਸੀ। ਇਸ ਨਾਲ ਕਿਸਾਨਾਂ ਘਰਾਂ 'ਚ ਹੀ ਪਾਣੀ ਮਿਲ ਜਾਂਦਾ ਸੀ। ਨਹਾਉਣ-ਧੋਣ ਲਈ ਵੀ ਤੇ ਖੇਤੀ ਕੰਮ ਲਈ ਵੀ। ਸਵੋਛੰਗ ਦੇ ਪਿੰਡ 'ਚ ਕਈਆਂ ਨੇ ਅਜਿਹੇ ਪੰਪ ਲਗਵਾ ਲਏ। ਇਸ ਬਾਰੇ ਜਦ ਕੋਈ ਗਵਾਂਢੀ ਉਸਨੂੰ ਪੁੱਛਦਾ ਤਾਂ ਉਹ ਕਿਹਾ ਕਰਦਾ - "ਬਈ, ਇਹਦੇ ਬਾਰੇ ਤਾਂ ਪਤਨੀ ਈ ਦੱਸੂ।"

ਉਸਦੀ ਪਤਨੀ ਪਹਿਲੋਂ ਹੀ ਪੰਪ ਲਗਵਾਉਣ ਦਾ ਮਨ ਬਣਾਈ ਬੈਠੀ ਸੀ, ਸਵੋਛੰਗ ਨੇ ਇੱਕ ਦਿਨ ਉਸ ਨਾਲ ਪੰਪ ਬਾਰੇ ਗੱਲ ਕੀਤੀ ਤਾਂ ਉਸਨੇ ਝੱਟ ਉੱਤਰ ਦਿੱਤਾ ਸੀ - "ਅਸੀਂ ਵੀ ਜ਼ਰੂਰ ਲਵਾਵਾਂਗੇ, ਸਾਡੇ 'ਚ ਕੀ ਕਮੀ ਐ, ਸਾਡੇ ਹੱਥ-ਪੈਰ, ਸਿਰ-ਧੜ ਸਾਰੀ ਕੁਝ ਸਲਾਮਤ ਐ, ਜਦ ਹੋਰਨਾਂ ਨੇ ਲਗਵਾ ਲਏ ਤਾਂ ਅਸੀਂ ਕਿਉਂ ਪਿੱਛੇ ਰਹੀਏ।"

ਸਵੋਛੰਗ ਦਿਲੋਂ-ਮਨੋਂ ਪਤਨੀ ਦੀ ਸਿਫ਼ਤ ਸਲਾਹ ਕਰਦਾ ਸੀ, ਉਹ ਸੀ ਵੀ ਬੜੀ ਸੁਯੋਗ-ਇਸਤਰੀ। ਉਸਦੇ ਪੈਰ ਖੁੱਲੇ ਸਨ ਤੇ ਉਹ ਸਿਰ ਦੇ ਪਿਛਲੇ ਪਾਸੇ ਕਰਕੇ ਵਾਲਾ ਦਾ ਗੋਲ ਜੂੜਾ ਕਰਦੀ ਸੀ। ਪਤੀ ਨਾਲੋਂ ਉਹ ਦਸ ਵਰ੍ਹੇ ਛੋਟੀ ਸੀ। ਉਂਝ ਉਹ ਬੋਲਦੀ ਤਾਂ ਬਹੁਤ ਸੀ, ਪਰ ਆਪਣੇ ਕੰਮਕਾਰ 'ਚ ਪੂਰੀ ਨਿਪੁੰਨ ਸੀ। ਘਰ ਦੇ ਤੇ ਬਾਹਰ ਦੇ ਸਾਰੇ ਕੰਮ ਉਹ ਆਪਣੇ ਆਪ ਕਰੀ ਜਾਂਦੀ। ਮੌਸਮਾਂ ਅਨੁਸਾਰ ਕੱਪੜਿਆਂ ਦਾ ਪ੍ਰਬੰਧ ਕਰਨਾ,



ਛੱਪਰਾਂ ਦੀ ਮੁਰੰਮਤ ਕਰਨਾ, ਸੂਰਾਂ ਦੇ ਬੱਚਿਆਂ ਦੇ ਵਾੜੇ ਦੀ ਦੇਖਭਾਲ ਵਰਗੇ ਕੰਮ ਉਹ ਬੇਹੱਦ ਸਾਵਧਾਨੀ ਨਾਲ ਕਰ ਲਿਆ ਕਰਦੀ, ਛੋਟੇ ਤੋਂ ਛੋਟਾ ਕੰਮ ਵੀ ਉਸਦੀ ਤੇਜ਼-ਤਰਾਰ ਬੁੱਧੀ ਤੋਂ ਅਣਗੌਲਿਆ ਨਹੀਂ ਸੀ ਰਿਹਾ। ਵਰ੍ਹਿਆਂ ਭਰ ਦੇ ਅਭਿਆਸ ਨੇ ਉਸਨੂੰ ਹਿਸਾਬ-ਕਿਤਾਬ ਰੱਖਣ ਵਿਚ ਵੀ ਬਹੁਤ ਨਿਪੁੰਨ ਕਰ ਦਿੱਤਾ ਸੀ, ਇੱਕ ਪੈਸਾ ਵੀ ਕਿਧਰੇ ਅਜਾਈਂ ਖਰਚ ਨਹੀਂ ਸੀ ਹੁੰਦਾ। ਲੋੜ ਪੈਣ ਤੇ ਉਹ ਆਂਢ-ਗੁਆਂਢ ਤੋਂ ਹੱਥ-ਉਧਾਰ ਵੀ ਲੈ ਲਿਆ ਕਰਦੀ ਸੀ।

ਪੰਪ ਲਾਉਣ ਲਈ ਖੂਹ ਪੁੱਟਣ ਦੀ ਸ਼ੁਰੂਆਤ ਕਰਨ ਤੋਂ ਇੱਕ ਦਿਨ ਪਹਿਲਾਂ, ਸਵੋਛੰਗ ਨੇ ਸ਼ਾਮੀ ਰੋਟੀ-ਪਾਣੀ ਦਾ ਕੰਮ ਮੁਕਾ ਕੇ ਆਪਣੀ ਗੁੜਗੁੜੀ ਸੁਲਗਾਈ ਅਤੇ ਰੇਡੀਓ ਸੁਣਨ ਲੱਗ ਪਿਆ। ਥੋੜ੍ਹਾ ਕੁ ਚਿਰ ਤਾਂ ਉਹ ਧਿਆਨ ਨਾਲ ਸੁਣਦਾ ਰਿਹਾ, ਫਿਰ ਅਚਾਨਕ ਬੰਦ ਕਰ ਦਿੱਤਾ। ਡਿਊਲਾਨ ਵੀ ਬਾਹਰ ਵਿਹੜੇ 'ਚ ਬਰਤਨ ਸਾਫ਼ ਕਰਦੀ-ਕਰਦੀ ਰੇਡੀਓ ਸੁਣਨ ਵਿਚ ਮਘਨ ਸੀ। ਇਸ ਦੇ ਅਚਾਨਕ ਬੰਦ ਹੋਣ 'ਤੇ ਦਰਵਾਜ਼ੇ ਤੇ ਲਟਕਦੀ ਚਿੱਕ ਜ਼ਰਾ ਕੁ ਪਰਾਂ ਸਰਕਾ ਕੇ ਸਵੋਛੰਗ ਨੂੰ ਰੇਡੀਓ ਮੁੜ ਚਾਲੂ ਕਰਨ ਲਈ ਆਵਾਜ਼ ਦਿੱਤੀ। ਰੇਡੀਓ ਮੁੜ ਚਾਲੂ ਕਰਕੇ ਸਵੋਛੰਗ ਆਪਣੇ ਧਿਆਨ ਗੁੜਗੁੜੀ ਪੀਂਦਾ ਰਿਹਾ, ਡਿਊਲਾਨ ਆਪਣੇ ਕੰਮ ਲੱਗੀ ਨਾਲ ਦੀ ਨਾਲ ਸੁਣਦੀ ਰਹੀ। ਆਪਣੇ ਆਪ 'ਚ ਖੁੱਭੇ ਸਵੋਛੰਗ ਨੇ ਫਿਰ ਰੇਡੀਓ ਬੰਦ ਕਰ ਦਿੱਤਾ। ਡਿਊਲਾਨ ਖਿਝ ਗਈ, ਉਹ ਤੌਲੀਏ ਨਾਲ ਹੱਥ ਪੂੰਝਦੀ ਹੋਈ ਤੇਜ਼ ਕਦਮੀਂ ਅੰਦਰ ਆ ਗਈ ਤੇ ਸਵੋਛੰਗ ਨੂੰ ਟੁੱਟ ਕੇ ਪਈ "ਤੂੰ ਨਹੀਂ ਸੁਣਨਾ, ਨਾ ਸੁਣ, ਮੈਂ ਤਾਂ ਸੁਣਨਾ ਆ, ਲਾ ਦੇ ਰੇਡੀਓ।"

ਅੱਗੋਂ ਸਵੋਛੰਗ ਨੇ ਬੁੜਬੁੜ ਜਿਹੀ ਕੀਤੀ - "ਮੇਰਾ ਸਿਰ ਦੁੱਖਦਾ, ਮੈਂ ਸੌਣਾ ਆ।" ਇਹ ਸੁਣ ਕੇ ਡਿਊਲਾਨ ਦਾ ਗੁੱਸਾ ਜਿਵੇਂ ਕਾਫ਼ੂਰ ਹੋ ਗਿਆ ਹੋਵੇ। ਉਸਨੇ ਸਵੋਛੰਗ ਨੂੰ ਛੋਹਿਆ ਤੇ ਪੁੱਛਿਆ "ਬੁਖ਼ਾਰ ਤਾਂ ਨਹੀਂ ਚੜ੍ਹ ਗਿਆ? ਬੇਚੈਨੀ, ਤਲਖ਼ੀ ਤਾਂ ਲੱਗੀਉ।"

"ਹਅਮੱਮ ਅੱਮ" ਸਵੋਛੰਗ ਨੇ ਡੂੰਘਾ ਜਿਹਾ ਸਾਹ ਭਰਿਆ।

"ਲੈ, ਮੈਂ ਹੁਣੇ ਮੂੰਗੀ ਦੀ ਤਰੀ ਬਣਾ ਕੇ ਦਿੰਦੀ ਆ ਤੈਨੂੰ। ਤੂੰ ਹਮੇਸ਼ਾ ਲਾ-ਪਰਵਾਹੀ ਕਰਦਾ। ਆਪਣਾ ਬਿਲਕੁਲ ਧਿਆਨ ਨਹੀਂ ਰੱਖਦਾ। ਹੁਣ ਬੀਮਾਰ ਹੋ ਗਿਆ।"

ਝੱਟ-ਪੱਟ ਹੀ ਉਸਨੇ ਸੂਪ ਤਿਆਰ ਕਰ ਲਿਆ। ਇਸ ਵਿਚ ਥੋੜ੍ਹੀ ਕੁ ਚੀਨੀ ਘੋਲ ਕੇ ਇਸਨੂੰ ਮਿੱਠਾ ਕਰ ਲਿਆਂਦਾ। ਸਵੋਛੰਗ ਨੇ ਦੋ ਵੱਡੇ ਕੌਲੇ ਸੂਪ ਦੇ ਪੀ ਲਏ। ਉਸਨੂੰ ਚੰਗਾ ਖੁੱਲਾ ਕੇ ਪਸੀਨਾ ਆ ਗਿਆ। ਉਹ ਲੇਟ ਗਿਆ, ਪਰ ਸੌਂ ਨਹੀਂ ਸਕਿਆ। ਸਾਰੀ ਰਾਤ ਪਾਸੇ ਮਾਰਦਾ ਰਿਹਾ, ਕਦੀ ਗੁੜਗੁੜੀ ਸੁਲਘਾ ਕੇ ਪੀਣ ਲੱਗ ਪੈਂਦਾ, ਕਦੀ ਇਸ ਦੀ ਸੁਆਹ ਝਾੜਨ ਬਾਹਰ ਚਲਾ ਜਾਂਦਾ, ਇਉਂ ਜਾਗਦੇ ਘੁੰਮਦੇ ਨੇ ਉਸਨੇ ਤੜਕਸਾਰ ਡਿਊਲਾਨ ਨੂੰ ਜਗਾ ਲਿਆ।

ਅੱਖਾਂ ਮਲ੍ਹਦੀ, ਉੱਠਦੀ ਨੇ ਉਸਨੂੰ ਡਿਊਲਾਨ ਨੇ ਪੁੱਛਿਆ "ਤਬੀਅਤ ਠੀਕ ਨਹੀਂ ਹੋਈ ਅਜੇ।"

"ਤਬੀਅਤ ਤਾਂ ਠੀਕ ਏ, ਇੱਕ ਜ਼ਰੂਰੀ ਗੱਲ ਕਰਨੀ ਐ ਤੇਰੇ ਨਾਲ।"

"ਦੱਸ...।" ਡਿਊਲਾਨ ਨੇ ਕਿਹਾ।

ਸਵੋਛੰਗ ਤੋਂ ਉਸ ਨਾਲ ਅੱਖ ਨਾ ਮਿਲਾ ਹੋਈ, ਉਸਨੇ ਨੀਵੀਂ ਪਾ ਲਈ। ਉਸਨੇ ਮੁੜ ਗੁੜਗੁੜੀ ਕੱਢ ਲਈ। ਇਸ ਵਿਚ ਤਮਾਖੂ ਪਾਉਣ ਲਈ ਥੈਲੀ ਵੀ ਖੋਲ੍ਹ ਲਈ, ਪਰ ਉਸਨੇ ਗੁੜਗੁੜੀ ਭਰੀ ਨਾ।

ਖਿਝੀ-ਖਿਝੀ ਡਿਊਲਾਨ ਉੱਠੀ। ਕੱਪੜੇ ਬਦਲੇ ਤੇ ਫਿਰ ਸਵੋਛੰਗ ਨੂੰ ਜਿਵੇਂ ਟੁੱਟ ਕੇ ਪੈ ਗਈ - "ਦੱਸਦਾ , ਬੋਲਦਾ ਨਹੀਂ ਹੁਣ ਕੀ ਜੁਬਾਨ ਨੂੰ ਲਕਵਾ ਮਾਰ ਗਿਆ।"

ਆਪਣਾ ਆਪ ਸੰਭਾਲਦਾ ਸਵੋਛੰਗ ਰੋਣਹਾਕਾ ਜਿਹਾ ਹੋਇਆ ਬੋਲਿਆ - "ਸਾਨੂੰ ਖੂਹ ਨਹੀਂ ਖੁਦਵਾਉਣਾ ਚਾਹੀਦਾ।"

"ਕਿਉਂ?"

"ਤੂੰ ਸੁਣਿਆ ਨਹੀਂ ਰੇਡੀਉ ਕੀ ਖਬਰ ਦੇ ਰਿਹਾ ਸੀ।"

"ਕੀ ਕਹਿ ਰਿਹਾ ਸੀ?"

"ਤੂੰ ਵੀ ਬੱਸ ਭੋਲੇ ਨਾਥ ਈ ਐ।"

ਡਿਊਲਾਨ ਨੇ ਰਜਾਈ ਪਰ੍ਹੇ ਹਟਾਈ ਤੇ ਬਿਸਤਰੇ ਚੋਂ ਉੱਠ ਖੜੋਈ - "ਰਹਿਣ ਦੇ ਤੂੰ ਵੱਡਾ ਆਇਆ ਨੀਤੀਵਾਨ।"

ਸਵੋਛੰਗ ਨੇ ਉਸਦੀ ਬਾਂਹ ਕੱਸ ਕੇ ਫੜ ਲਈ - "ਐਵੇਂ ਨਾ ਬੋਲੀ ਜਾ, ਮੈਂ ਦੱਸਦਾ ਤੈਨੂੰ, ਕੀ ਖ਼ਬਰ ਦਿੰਦਾ ਸੀ ਰੇਡੀਓ।"

"ਚੱਲ ਦੱਸ, ਮੇਰੇ ਪਾਸ ਬਰਬਾਦ ਕਰਨ ਲਈ ਫਜ਼ੂਲ ਦਾ ਵਕਤ ਨਹੀਂ।"

ਸਵੋਛੰਗ ਉਸਦੇ ਨੇੜੇ ਜਿਹੇ ਹੋ ਕੇ ਹੌਲੀ-ਹੌਲੀ ਦੱਸਣ ਲੱਗਾ - "ਹਾਓਸ਼ਾਨ ਦੇ ਪੁਰਾਣੇ ਜ਼ਿਮੀਂਦਾਰਾਂ ਅਤੇ ਧਨੀ ਕਿਸਾਨਾਂ ਦਾ ਨਾਂ ਹੁਣ ਸੂਚੀ 'ਚ ਸ਼ਾਮਲ ਨਹੀਂ ਰਿਹਾ। ਅੱਠ ਸਾਲ ਜੇਲ੍ਹ 'ਚ ਬੰਦ ਰਹਿਣ ਵਾਲੇ ਚਾਓ-ਪਾਇਵਾਨ ਦਾ ਵੀ ਨਹੀਂ।"

"ਮੈਨੂੰ ਪਤਾ ਆ।"

"ਹੁਣ ਉਹਨਾਂ ਦੀ ਕਿਸਮਤ ਜਾਗ ਪਈ ਐ। ਹੁਣ ਉਹਨਾਂ ਦਾ ਤੇ ਗਰੀਬ ਕਿਸਾਨਾਂ, ਖੇਤ ਮਜ਼ਦੂਰਾਂ ਦਾ ਦਰਜਾ ਇਕੋ ਹੀ ਹੋ ਗਿਆ।"

ਹੇਠਲਾ ਬੁਲ੍ਹ ਦੰਦਾਂ ਹੇਠ ਲੈਂਦੀ ਡਿਊਲਾਨ ਬੋਲੀ - "ਹਾਂ"

ਸਵੋਛੰਗ ਨੇ ਆਪਣੀ ਗੁੜਗੁੜੀ ਮਘਾਈ ਤੇ ਕਸ਼ ਲਾਉਣ ਲੱਗ ਪਿਆ "ਫੇਰ ਕਿਉਂ ਅਸੀਂ ਖੂਹ ਪੁੱਟੀਏ। ਕਿਤੇ ਸਾਡੀ ਸਾਰੀ ਮਿਹਨਤ ਬੇਕਾਰ ਈ ਜਾਂਦੀ ਰਹੇ।"

"ਕਿਉਂ?"

"ਤੂੰ .... ਤੂੰ ਤਾਂ ਬੱਸ, ਇਕੋ ਸੇਧੇ ਸੋਚਣ ਵਾਲੀ ਜ਼ਨਾਨੀ ਐ। ਮੈਂ ਤੈਨੂੰ ਈਮਾਨਦਾਰੀ ਨਾਲ ਦੱਸਦਾਂ ਕਿ ਸਾਡਾ ਇਹ ਮਕਾਨ ਜਿਮੀਂਦਾਰ ਲਿਊ ਚਿਨਕਵਾਈ ਦੀ ਮਲਕੀਅਤ ਸੀ। ਉਹ ਅਜੇ ਵੀ ਜਿਉਂਦਾ। ਮੈਂ ਸੁਣਿਆ, ਉਸਦਾ ਮੁੰਡਾ ਜਾਪਾਨ ਦੇ ਇੱਕ ਵੱਡੇ ਹੋਟਲ



ਦਾ ਮਾਲਕ ਐ ਅਤੇ ਉਸਨੇ ਸਾਡੇ ਜ਼ਿਲੇ ਦੇ ਪ੍ਰਬੰਧਕਾਂ ਨੂੰ ਇੱਕ ਕਾਰ, ਇੱਕ ਟੈਲੀਵਿਜ਼ਨ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਵਸਤਾਂ ਭੇਜੀਆਂ ਨੇ। ਜੇ ਲਿਉ ਚਿਨਕਵਈ ਮਰ ਵੀ ਜਾਵੇ ਤਾਂ ਵੀ ਉਸਦਾ ਪੁੱਤਰ ਸਾਡੇ ਇਸ ਮਕਾਨ ਦਾ ਦਾਅਵੇਦਾਰ ਹੋ ਜਾਵੇਗਾ। ਇੱਕ-ਨਾ-ਇੱਕ ਦਿਨ ਸਾਨੂੰ ਇਸ ਮਕਾਨ 'ਚੋਂ ਬਾਹਰ ਨਿਕਲਣਾ ਪੈਣਾ। ਤੂੰ, ਤੂੰ ਐਂ ਕਰ, ਥੋੜ੍ਹੇ ਦਿਨ ਰੁਕ ਜਾ। ਛੇਤੀ ਈ ਪਤਾ ਲੱਗ ਜਾਣਾ, ਕੀ ਭਾਣਾ ਵਾਪਰਦਾ।"

'ਤੂੰ ਤੂੰ ਬੱਸ ਐਵੇਂ ਈ ਹਵਾ 'ਚ ਤਲਵਾਰਾਂ ਮਾਰ ਰਿਹੈ।"

"ਮੈਂ ਹਵਾ 'ਚ ਤਲਵਾਰਾਂ ਨਹੀਂ ਮਾਰਦਾ। ਤੈਨੂੰ ਨਹੀਂ ਪਤਾ ਸਾਡੀ ਸਰਕਾਰ ਦੀਆਂ ਨੀਤੀਆਂ ਆਏ ਦਿਨ ਬਦਲਦੀਆਂ ਰਹਿੰਦੀਆਂ। ਤੂੰ ਕਿਸੇ ਗੱਲ ਤੇ ਪੱਕਾ ਯਕੀਨ ਨਾ ਕਰ ਲਿਆ ਕਰ।"

ਡਿਊਲਾਨ ਨੇ ਨੀਵੀਂ ਪਾ ਲਈ, ਬੋਲੀ ਕੁਝ ਨਾ।

"ਘਰ-ਗ੍ਰਿਹਸਥੀ ਦੇ ਮਾਮਲੇ 'ਚ ਮੈਂ ਹਮੇਸ਼ਾ ਤੇਰੀ ਗੱਲ ਨੂੰ ਪਹਿਲ ਦਿੱਤੀ ਐ। ਪਰ ਇਸ ਮਾਮਲੇ 'ਚ ਤੂੰ ਮੇਰੀ ਸਲਾਹ ਮੰਨ। ਤੇਰਾ ਕੁਝ ਨਹੀਂ ਵਿਗੜਦਾ।"

ਡਿਊਲਾਨ ਠਹਾਕਾ ਮਾਰ ਕੇ ਹੱਸਣ ਲੱਗ ਪਈ।

"ਏਦੇ 'ਚ ਹੱਸਣ ਵਾਲੀ ਕਿਹੜੀ ਗੱਲ ਏ" ਸਵੋਛੰਗ ਹੋਰ ਵੀ ਪ੍ਰੇਸ਼ਾਨ ਹੋ ਗਿਆ ਸੀ।

ਹੱਸਦੀ-ਹੱਸਦੀ ਡਿਊਲਾਨ ਦਾ ਢਿੱਡ ਦੋਹਰਾ ਹੋ ਗਿਆ। ਹੱਸਦੀ-ਹੱਸਦੀ ਉਹ ਆਪਣੇ ਪਤੀ ਦੇ ਮੁੱਕੇ ਵੀ ਮਾਰੀ ਜਾਂਦੀ ਸੀ।

ਸਵੋਛੰਗ ਨੇ ਛੇਤੀ ਦੇ ਕੇ ਆਪਣਾ ਹੱਥ ਉਸਦੇ ਮੂੰਹ ਤੇ ਰੱਖ ਕੇ ਮੂੰਹ ਬੰਦ ਕਰ ਦਿੱਤਾ। ਕਹਿਣ ਲੱਗਾ "ਪਾਗਲ ਨਾ ਬਣ, ਕੰਧਾਂ ਦੇ ਵੀ ਕੰਨ ਹੁੰਦੇ ਨੇ। ਕਿਉਂ ਗੁਆਂਢੀਆਂ ਦੀ ਨੀਂਦ ਖਰਾਬ ਕਰਦੀ ਐ।"

ਡਿਊਲਾਨ ਉਸਨੂੰ ਘੂਰ ਕੇ ਦੇਖਦੀ ਕਹਿਣ ਲੱਗੀ - "ਬੁੱਧੂ ਕਿਤੋਂ ਦਾ। ਤੈਨੂੰ ਤਾਂ ਸੂਪ ਪਿਲਾਇਆ ਬੇਕਾਰ ਈ ਗਿਆ। ਮੈਂ ਕਦੀ ਵੀ ਵਿਸ਼ਵਾਸ ਨਹੀਂ ਕਰ ਸਕਦੀ ਕਿ ਸੂਰਜ ਪੂਰਬ ਦੀ ਥਾਂ ਪੱਛਮ ਤੋਂ ਨਿਕਲ ਸਕਦਾ ਜਾਂ ਕਮਿਊਨਿਸਟ ਪਾਰਟੀ ਸਾਨੂੰ ਮੁਸੀਬਤ ਵਿਚ ਸੁੱਟ ਸਕਦੀ ਐ। ਹੁਣ ਤੂੰ, ਸਮੱਸਿਆਵਾਂ ਦੇ ਸੁਫਨੇ ਦੇਖਣੇ ਬੰਦ ਕਰ ਤੇ ਆਰਾਮ ਨਾ ਸੌਂ ਜਾ।"

ਫਿਰ ਜਦ ਡਿਊਲਾਨ ਸੁੱਤੀ ਉੱਠੀ, ਖਾਸਾ ਦਿਨ ਚੜ੍ਹ ਆਇਆ ਸੀ। ਉਹ ਸਾਹਮਣੇ ਕਮਰੇ 'ਚ ਗਈ ਤੇ ਆਵਾਜ਼ ਮਾਰੀ - "ਸ਼ਿਨਹੂਵਾਏ, ਅੱਜ ਉੱਠਣਾ ਨਹੀਂ, ਸੂਰਜ ਦੀ ਰੌਸ਼ਨੀ ਤੇਰੇ ਗਿੱਟੇ-ਗੋਡੇ ਵੀ ਟੱਪ ਆਈ ਐ।"

ਉਸਦਾ ਸੱਭ ਤੋਂ ਛੋਟਾ ਅਣ-ਵਿਆਹਿਆ ਪੁੱਤਰ ਸ਼ਿਨਹੂਵਾਏ ਬਟਨ ਬੰਦ ਕਰਦਾ-ਕਰਦਾ ਕਮਰੇ ਤੋਂ ਬਾਹਰ ਨਿਕਲ ਕੇ ਪੁੱਛਣ ਲੱਗਾ - "ਕੀ ਗੱਲ ਮੰਮੀ ਆਵਾਜ਼ ਮਾਰੀ ਸੀ, ਕੰਮ ਐ ਕੋਈ?"

ਉਸਨੂੰ ਕੁਝ ਪੈਸੇ ਦੇ ਕੇ ਡਿਊਲਾਨ ਬੋਲੀ, "ਜਾਹ ਥੋੜ੍ਹੇ ਕੁ ਜਿੰਨੇ ਪਟਾਕੇ ਖਰੀਦ ਲਿਆ।"

ਸਵੋਂਛੰਗ ਨੇ ਪੁੱਛਿਆ – "ਅੱਜ ਕੋਈ ਖਾਸ ਦਿਨ ਐ, ਪਟਾਕੇ ਕਾਹਦੇ ਲਈ? ਨਵਾਂ ਮਕਾਨ।"

ਅੱਗੋਂ ਡਿਊਲਾਨ ਬੋਲੀ "ਬੱਸ ਐਵੇਂ ਈ, ਮੈਂ ਚਲਾਉਣੇ ਆ।"

ਨਵਾਂ ਮਕਾਨ ਬਣਾਉਣਾ ਸ਼ੁਰੂ ਕਰਨ ਲੱਗਿਆ, ਕਿਸਾਨਾਂ ਵਿਚ ਪਟਾਕੇ ਚਲਾਉਣ ਦੀ ਪ੍ਰੰਪਰਾ ਸੀ। ਕਿਸੇ ਨੇ ਖੂਹ ਪੁੱਟਣ ਲੱਗਿਆ ਇਉਂ ਨਹੀਂ ਸੀ ਕੀਤਾ ਪਰ ਡਿਊਲਾਨ ਜ਼ਿੱਦ ਕਰ ਗਈ। ਉਸਨੇ ਆਪਣੇ ਪੁੱਤਰ ਨੂੰ ਇੱਕ ਲੰਮਾ ਬਾਂਸ ਦਾ ਸੋਟਾ ਪਕੜਾ ਕੇ ਵਿਹੜੇ 'ਚ ਖੜਾ ਕਰ ਦਿੱਤਾ। ਇਸ ਬਾਂਸ ਦੇ ਸਿਰੇ ਤੇ ਸਾਰੇ ਪਟਾਕਿਆਂ ਦੀ ਲੜੀ ਲਮਕਦੀ ਕਰ ਦਿੱਤੀ, ਫਿਰ ਉਸਨੇ ਆਪਣੇ ਪਤੀ ਨੂੰ ਇਹਨਾਂ ਪਟਾਕਿਆਂ ਨੂੰ ਤੀਲੀ ਲਗਾਉਣ ਨੂੰ ਕਿਹਾ। ਵਿਚਾਰੇ ਨੇ ਕਈ ਤੀਲਾਂ ਫੂਕੀਆਂ, ਉਸਤੋਂ ਪਟਾਕਿਆਂ ਨੂੰ ਅੱਗ ਹੀ ਨਾ ਲੱਗੀ, ਡਿਊਲਾਨ ਨੇ ਉਸਤੋਂ ਤੀਲਾਂ ਦੀ ਡੱਬੀ ਖੋਹ ਲਈ ਤੇ ਆਪ ਅੱਗ ਲਾ ਦਿੱਤੀ।

ਪਟਾਕਿਆਂ ਦਾ ਖੜਾਕ ਸੁਣ ਕੇ ਉਹਨਾਂ ਦੇ ਵਿਹੜੇ 'ਚ ਲੋਕੀਂ ਇਕੱਠੇ ਹੋ ਗਏ। ਵਾਹਵਾ ਰੌਣਕ ਲੱਗ ਗਈ।

ਡਿਊਲਾਨ ਨੇ ਸ਼ਿਨਹੂਵਾਏ ਨੂੰ ਉੱਚੀ ਸਾਰੀ ਕਿਹਾ "ਪੁੱਤਰ ਬਾਂਸ ਹੋਰ ਉੱਚਾ ਕਰ ਦੇ।" ਆਪੋ ਵਿਚ ਘੁਸਰ-ਮੁਸਰ ਕਰਦੇ ਗੁਆਂਢੀ ਇਸ ਗੱਲੇ ਹੈਰਾਨ ਸਨ ਕਿ ਡਿਊਲਾਨ ਵਰਗੀ ਕੰਜੂਸ ਇਸਤਰੀ ਵਿਅਰਥ ਵਿਚ ਪੈਸੇ ਕਿਉਂ ਬਰਬਾਦ ਕਰ ਰਹੀ ਹੈ।

ਜਿਉਂ ਹੀ ਅਖੀਰਲਾ ਪਟਾਕਾ ਚੱਲਿਆ, ਡਿਊਲਾਨ ਨੇ ਸਵੋਂਛੰਗ ਦੇ ਹੱਥ 'ਚ ਕਹੀ ਫੜਾਉਂਦਿਆਂ ਉੱਚੀ ਦੇਣੀ ਕਿਹਾ "ਸ਼ਿਨਹੂਵਾਏ ਦੇ ਪਾਪਾ ਖੂਹ ਪੁੱਟਣਾ ਸ਼ੁਰੂ ਕਰ ਦੇ।"

ਬਿਨਾਂ ਕਿਸੇ ਝਿਜਕ ਦੇ ਸਵੋਂਛੰਗ ਉਤਸ਼ਾਹ ਭਰਪੂਰ ਹੋਇਆ, ਖੂਹ ਪੁੱਟਣ ਲੱਗ ਪਿਆ ਸੀ।

2.

ਜਦ ਖੂਹ ਵੀਹ ਫੁੱਟ ਡੂੰਘਾ ਪੁੱਟਿਆ ਗਿਆ ਤਾਂ ਹੇਠਾਂ ਚੱਟਾਨ ਨਿਕਲ ਆਈ, ਪਾਣੀ ਅਜੇ ਕਿਧਰੇ ਵੀ ਦਿਖਾਈ ਨਹੀਂ ਸੀ ਦਿੱਤਾ। ਸਵੋਂਛੰਗ ਇਸ ਟੋਏ ਨੂੰ ਪੂਰ ਦੇਣ ਦੇ ਹੱਕ 'ਚ ਸੀ। ਪਰ ਡਿਊਲਾਨ ਇਸ ਕੰਮ ਲਈ ਬਿਲਕੁਲ ਰਜ਼ਾਮੰਦ ਨਾ ਹੋਈ। ਉਹ ਕਹਿੰਦੀ ਸੀ ਕਿ ਉਹਨਾਂ ਦਾ ਖੂਹ ਤੇ ਗੁਆਂਢੀਆਂ ਦਾ ਖੂਹ ਇੱਕ ਪਾਲ 'ਚ ਹਨ। ਇਸ ਲਈ ਦੇਰ-ਸਵੇਰ ਅਸੀਂ ਵੀ ਪਾਣੀ ਤੱਕ ਅੱਪੜ ਜਾਵਾਂਗੇ। ਸ਼ਾਇਦ ਪਾਣੀ ਇਸ ਚੱਟਾਨ ਹੇਠੋਂ ਨਿਕਲ ਆਵੇ। ਉਸਨੇ ਪੱਥਰ ਤੋੜਨ ਵਾਲੇ ਬੁਲਾ ਲਏ।

ਪੱਥਰ ਤੋੜਨ ਲਈ ਡਾਇਨਾਮਾਈਟ ਲਾਉਣਾ ਪੈਣਾ ਸੀ। ਏਨੇ ਨੂੰ ਲਾਊਡ ਸਪੀਕਰ ਤੋਂ ਹੋ ਰਿਹਾ ਇੱਕ ਐਲਾਨ ਡਿਊਲਾਨ ਦੇ ਕੰਨੀਂ ਪਿਆ। ਇਹ ਬਰੇਗੇਡ ਦੇ ਖਜ਼ਾਨਚੀ ਵਲੋਂ ਕਿਸੇ ਜ਼ਰੂਰੀ ਕੰਮ ਸੰਬੰਧੀ ਸੀ। ਡਿਊਲਾਨ ਉਸ ਸਮੇਂ ਖਿੜਕੀਆਂ ਦੇ ਸ਼ੀਸ਼ਿਆਂ ਤੇ ਕਾਗਜ਼



ਦੀਆਂ ਚੇਪੀਆਂ ਲਾ ਰਹੀ ਸੀ, ਤਾਂ ਜੋ ਧਮਾਕੇ ਕਾਰਨ ਸ਼ੀਸ਼ੇ ਤਿੜਕ ਨਾ ਜਾਣ। ਆਪਣੇ ਕੰਮ 'ਚ ਰੁੱਝੀ ਨੇ, ਉਸਨੇ ਪਤੀ ਨੂੰ ਕਿਹਾ "ਜ਼ਰਾ ਬਾਹਰ ਜਾ ਕੇ ਸੁਣ ਤਾਂ ਕੀ ਮਾਮਲਾ ਐ।"

"ਪਰ ਉਹ ਤਾਂ ਤੇਰੇ ਨਾਲ ਗੱਲ ਕਰਨੀ ਚਾਹੁੰਦੇ ਹਨ।" ਸਵੋਂਛੰਗ ਨੇ ਹੱਥ ਮਲ਼ਦੇ ਨੇ ਕਿਹਾ।

"ਹੈ ਸੁਦਾਈ ਨਾ ਹੋਵੇ ਤਾਂ, ਤੂੰ ਉਹਨਾਂ ਦਾ ਸੁਨੇਹਾ ਵੀ ਨਹੀਂ ਸੁਣ ਸਕਦਾ।"

ਸਵੋਂਛੰਗ ਬਾਹਰ ਗਿਆ ਤੇ ਥੋੜ੍ਹੇ ਕੁ ਚਿਰ 'ਚ ਵਾਪਸ ਪਰਤ ਆਇਆ। ਉਸਨੇ ਆਪਣੀ ਪਤਨੀ ਨੂੰ ਬਾਹੋਂ ਫੜਿਆ ਤੇ ਘਰ ਦੇ ਪਿਛਲੇ ਕਮਰੇ 'ਚ ਲੈ ਗਿਆ। ਕਹਿਣ ਲੱਗਾ "ਸ਼ਿਨਹੂਵਾਏ ਦੀ ਮੰਮੀ, ਲਿਊ ਲਿਊ ਚਿਨਕਵਈ ਆ ਪੁੱਜਾ ਐ।"

ਉਹ ਏਨਾ ਘਬਰਾ ਗਿਆ ਸੀ ਕਿ ਉਸਤੋਂ ਬੋਲਿਆ ਵੀ ਨਹੀਂ ਸੀ ਜਾਂਦਾ।

ਡਿਊਲਾਨ ਦਰਵਾਜ਼ੇ ਦੀ ਢੋਅ ਲਾਈ ਖੜੀ ਸੁਣਦੀ ਰਹੀ।

"ਉਹ ਜ਼ਿਲੇ ਦੇ ਰੈਸਟ ਹਾਊਸ ਵਿਚ ਠਹਿਰਿਆ ਹੋਇਆ। ਉਸਨੇ ਕਿਹਾ ਕਿ ਉਹ ਕੱਲ ਨੂੰ ਆਪਣਾ ਪੁਸ਼ਤੀ ਘਰ ਦੇਖਣ ਆਏਗਾ। ਉਸਦੇ ਮਨ 'ਚ ਕੀ ਐ, ਇਹ ਤਾਂ ਤੂੰ ਸੋਚ ਹੀ ਸਕਦੀ ਹੈ।" ਸਵੋਂਛੰਗ ਦੀ ਆਵਾਜ਼ ਥਥਲਾਉਣ ਲੱਗ ਪਈ। "ਹੁਣ ਅਸੀਂ ਕੀ ਕਰਾਂਗੇ? ਕੋਈ ਜਣਾ ਜ਼ਿਲੇ ਤੋਂ ਵੀ ਆਇਆ ਹੋਇਆ। ਉਹ ਵੀ ਨਾਲ ਹੀ ਸੀ। ਉਹ ਵੀ ਕੋਈ ਖ਼ਾਸ ਅਫਸਰ ਲੱਗਦਾ। ਉਹ ਬੋਲਦਾ ਵੀ ਅਫਸਰਾਂ ਵਾਂਗ ਹੀ ਸੀ। ਹੁਣ ਇਸ ਵੇਲੇ ਉਹ ਪਾਰਟੀ ਸੈਕਟਰੀ ਨਾਲ ਅਕਾਊਂਟ ਦਫਤਰ 'ਚ ਬੈਠਾ ਐ। ਉਹਨੇ ਸੁਨੇਹਾ ਦਿੱਤਾ ਕਿ ਥੋੜ੍ਹੇ ਕੁ ਚਿਰ 'ਚ ਏਥੇ ਪੁੱਜ ਜਾਵੇਗਾ।"

"ਕੀ ਕਰਨ ਆਉਣਾ ਏਥੇ?"

"ਸਾਡਾ ਮਕਾਨ ਦੇਖਣ। ਉਹ ਕਹਿੰਦਾ ਸੀ ਅਸੀਂ ਲਿਉ ਚਿਨਕਵਾਈ ਦਾ ਭਰਵਾਂ ਸੁਆਗਤ ਕਰਾਂਗੇ। ਉਥੇ, ਦਫ਼ਤਰੋਂ ਬਾਹਰ ਇੱਕ ਟਰੱਕ ਵੀ ਖੜ੍ਹਾ। ਉਹਦੇ 'ਚ ਆਰਾਮ ਕੁਰਸੀਆਂ, ਸੋਫੇ, ਪਲੰਘ, ਕਾਲੀਨ ਤੇ ਹੋਰ ਨਿੱਕ-ਸੁੱਕ ਲੱਦਿਆ ਹੋਇਆ। ਲਿਉ ਚਿਨਕਵਾਈ ਕੋਲ ਜਿਹੋ ਜਿਹਾ ਫਰਨੀਚਰ ਹੁੰਦਾ ਸੀ। ਉਸਤੋਂ ਕਈ ਗੁਣਾ ਵਧੀਆ ਤੇ ਸ਼ਾਨਦਾਰ ਐ ਉਹ ਸਾਰੀਆਂ ਚੀਜ਼ਾਂ-ਵਸਤਾਂ।"

ਡਿਊਲਾਨ ਨੇ ਪਲ ਕੁ ਸੋਚਿਆ ਤੇ ਕਿਹਾ – "ਤੈਨੂੰ ਡਰ ਲੱਗਦਾ?"

"ਲਿਉ ਚਿਨਕਵਾਈ ਤੋਂ? ਹੂੰ।" ਸਵੋਂਛੰਗ ਨੇ ਥੁੱਕ ਸੁੱਟਦਿਆਂ ਕਿਹਾ, "ਜਦੋਂ ਮੈਂ ਭੂਮੀ-ਸੁਧਾਰ ਵੇਲੇ ਆਮ-ਇਕੱਠ 'ਚ ਉਸ ਨਾਲ ਸਿੰਗ ਫਸਾਏ ਸਨ, ਉਦੋਂ ਨਾ ਡਰਿਆ, ਹੁਣ ਭਲਾ ਕਿਉਂ ਡਰੂੰ। ਹੁਣ ਇਸ ਸਮੇਂ ਡਰ ਇਸ ਗੱਲ ਦਾ ਐ ਮੈਨੂੰ ਕਿ ਇਸ ਵਾਰ ਉਹਦਾ ਵਿਰੋਧ ਕਰਨ ਲਈ ਸਾਨੂੰ ਕਿਤੋਂ ਵੀ ਕੋਈ ਸਮਰਥਨ ਸ਼ਾਇਦ ਨਾ ਮਿਲੇ। ਉਸ ਉਸ ਸਰਕਾਰੀ ਅਫਸਰ ਦੀਆਂ ਗੱਲਾਂ ਤੋਂ ਤਾਂ ਇਉਂ ਲੱਗ ਰਿਹਾ ਸੀ, ਜਿਵੇਂ ਲਿਉ ਕੋਈ ਸ਼ਹਿਨਸ਼ਾਹ ਹੋਵੇ ਤੇ ਮੈਂ, ਮੈਂ ਗੰਬਈ ਪਿੰਡ ਦਾ ਉੱਜੜ ਪੇਂਡੂ।"

"ਛੱਡ ਉਹਦੀਆਂ ਗੱਲਾਂ ਨੂੰ, ਮੈਨੂੰ ਨਾ ਹੀ ਦੱਸ। ਹੁਣ ਤੂੰ ਬਾਕੀ ਦਾ ਸਾਰਾ ਕੁਝ ਮੇਰੇ ਤੇ ਛੱਡ ਦੇਹ। ਤੂੰ ਜਾਹ ਤੇ ਜਾ ਕੇ ਪੱਥਰ ਤੋੜਨ ਵਾਲੇ ਨੂੰ ਚੱਟਾਨ ਉਡਾ ਦੇਣ ਨੂੰ ਕਹਿ ਦੇਹ।"

ਸਵੋਛੰਗ ਨੂੰ ਜੇ-ਜੱਕ ਕਰਦੇ ਨੂੰ ਦੇਖ ਡਿਊਲਾਨ ਉਸਨੂੰ ਖਿੱਝ ਕੇ ਪਈ "ਇਹ ਸਾਡਾ ਘਰ ਐ, ਸਾਡਾ ਵਿਹੜਾ। ਅਸੀਂ ਜੋ ਚਾਹੇ ਕਰੀਏ। ਕੋਈ ਕੌਣ ਹੁੰਦਾ ਸਾਨੂੰ। ਅਸੀਂ ਕਿਉਂ ਡਰੀਏ ਕਿਸੇ ਤੋਂ।"

ਖਿੜਕੀ ਵਿਚੋਂ ਦੀ ਬਾਹਰ ਦੇਖਦੇ ਸਵੋਛੰਗ ਨੇ ਗਲੀ 'ਚ ਘੁੰਮਦੇ ਕੁਝ ਲੋਕੀਂ ਦੇਖੇ। ਉਸਨੂੰ ਡਿਊਲਾਨ ਦੇ ਜੈਂਪਰ ਦੀ ਬਾਂਹ ਖਿੱਚੀ ਤੇ ਘੁਸਰ-ਮੁਸਰ ਕੀਤੀ "ਲੈ ਉਹ ਆ ਵੀ ਗਏ ਆ। ਸਾਰਿਆਂ ਤੋਂ ਅੱਗੇ ਉਹੀ ਅਫਸਰ ਐ।"

ਭਰਵੱਟਿਆਂ ਉੱਪਰ ਲਟਕ ਆਈ ਵਾਲਾਂ ਦੀ ਇੱਕ ਲਿਟ ਨੂੰ ਥਾਂ ਸਿਰ ਕਰਦੀ ਡਿਊਲਾਨ ਬੇਹੱਦ ਠਰ੍ਹਮੇ ਨਾਲ ਕਦਮ ਪੁੱਟਦੀ ਬਾਹਰ ਨਿਕਲ ਆਈ, ਤੇ ਦਰਵਾਜ਼ੇ 'ਚ ਖੜ੍ਹੋ ਕੇ ਆਉਣ ਵਾਲਿਆਂ ਨੂੰ ਤਾੜਦੀਆਂ ਨਜ਼ਰਾਂ ਨਾਲ ਦੇਖਣ ਲੱਗ ਪਈ।

ਸਾਰਿਆਂ ਤੋਂ ਅੱਗੇ ਜ਼ਿਲੇ ਦੇ ਪ੍ਰਸ਼ਾਸਨਕ ਦਫ਼ਤਰ ਦਾ ਨਿਰਦੇਸ਼ਕ ਸੀ। ਉਸਨੇ ਵਿਹੜੇ 'ਚ ਪੈਰ ਰੱਖਦਿਆਂ ਹੀ ਆਕੜਖੋਰ ਇਨਸਪੈਕਟਰਾਂ ਵਾਂਗ ਆਲਾ-ਦੁਆਲਾ ਦੇਖਦੇ ਨੇ ਕਿਹਾ - "ਕਿੰਨੀ ਗੰਦਗੀ ਐ ਇਹ ਥਾਂ। ਏਥੇ ਖੂਹ ਲਾਉਣ ਦੀ ਕੀ ਤੁਕ ਐ। ਏਦ੍ਹਾ ਕੋਈ ਫ਼ਾਇਦਾ ਨਹੀਂ ਹੋਣ ਲੱਗਾ।"

ਉਹ ਬੜਾ ਸੰਭਲ-ਸੰਭਲ ਕੇ ਤੁਰਦਾ, ਪੁੱਟ ਹੁੰਦੇ ਖੂਹ ਦੇ ਕੰਢੇ ਤੱਕ ਜਾ ਪੁੱਜਾ ਤੇ ਝੁਕਦੇ ਨੇ ਅੰਦਰ ਝਾਤੀ ਮਾਰੀ। ਉਥੋਂ ਵਾਪਸ ਆ ਕੇ ਉਸਨੇ ਬੁੱਢੇ ਪਾਰਟੀ ਸਕੱਤਰ ਤੋਂ ਪੁੱਛਿਆ, "ਕੀ ਏਹ ਕੱਲ੍ਹ ਤੱਕ ਮੁਕੰਮਲ ਹੋ ਜਾਊ?"

"ਨਹੀਂ, ਏਨੂੰ ਘੱਟੋ-ਘੱਟ ਚਾਰ ਦਿਨ ਹੋਰ ਲੱਗਣਗੇ।"

ਸੁੰਨ ਥੋੜ੍ਹੀ ਦੇਰ ਸੋਚਦਾ ਰਿਹਾ, ਫਿਰ ਹੁਕਮੀਆਂ ਲਹਿਜੇ 'ਚ ਬੋਲਿਆ "ਤਾਂ ਫਿਰ ਏਨੂੰ ਪੂਰ ਦਿਓ। ਏਨੀ ਗੰਦੀ ਥਾਂ ਸਾਡੇ ਮਾਨਯੋਗ ਮੁੱਖ-ਮਹਿਮਾਨ ਦੇ ਦੇਖਣ ਯੋਗ ਕਦਾਚਿਤ ਨਹੀਂ। ਹੋਰ ਕਿਸੇ ਵੀ ਮੁਲਕ ਦੇ ਲੋਕੀਂ ਇਉਂ ਦੇ ਪੁਰਾਣੇ ਢੰਗ ਦੇ ਖੂਹ ਨਹੀਂ ਪੁੱਟਵਾਉਂਦੇ। ਜੇ ਉਹ ਲੋਕੀਂ ਇਸਨੂੰ ਦੇਖ ਲੈਣ ਤਾਂ ਸਾਡੀ ਚੀਨ ਵਾਸੀਆਂ ਦੀ ਕਿੰਨੀ ਬਦਨਾਮੀ ਹੋਵੇਗੀ।"

"ਏਨ੍ਹਾ ਨੇ ਤਾਂ ਕਿੰਨਾ ਸਾਰਾ ਕੰਮ ਖ਼ਤਮ ਵੀ ਕਰ ਲਿਆ।"

ਫਿਰ ਵੀ ਸੁੰਨ ਦਾ ਹੁਕਮ ਸੀ "ਏਨੂੰ ਫੌਰਨ ਭਰਵਾ ਦਿੱਤਾ ਜਾਵੇ। ਵਡੇਰੇ ਹਿੱਤਾਂ ਲਈ ਛੋਟੇ-ਛੋਟੇ ਹਿੱਤਾਂ ਨੂੰ ਤਿਆਗਣਾ ਹੀ ਪੈਂਦਾ। ਚਲੋ ਅੰਦਰ, ਘਰ ਦੇਖ ਲਈਏ।"

ਉਹ ਘਰ ਵੱਲ ਨੂੰ ਤੁਰਿਆ ਹੀ ਸੀ ਕਿ ਇੱਕ ਗੁਸੈਖੋਰ ਇਸਤਰੀ ਨੇ ਉਸਦਾ ਰਾਹ ਰੋਕ ਲਿਆ। ਸਰਦਲ 'ਚ ਖੜੀ ਨੇ ਉਸਨੇ ਦਰਵਾਜ਼ੇ ਦੀਆਂ ਦੋਨਾਂ ਬਾਹੀਆਂ ਦੋਨਾਂ ਹੱਥਾਂ ਨਾਲ ਫੜ ਲਈਆਂ। ਉਹ ਅੱਖਾਂ ਸੁਕੇੜਦੀ ਆਉਣ ਵਾਲਿਆਂ ਵੱਲ ਨੂੰ ਇੱਕ ਟੱਕ ਦੇਖਣ ਲੱਗ ਪਈ।



ਸੁੰਨ ਅਚੰਭਿਤ ਰਹਿ ਗਿਆ। ਪਾਰਟੀ ਸਕੱਤਰ ਨੇ ਉਹਨਾਂ ਦੋਹਾਂ ਦਾ ਪਰਿਚੈ ਕਰਵਾਇਆ। ਇਸ ਛੋਟੀ ਜਿਹੀ ਰਸਮੀਂ ਮੁਲਾਕਾਤ ਪਿੱਛੋਂ ਸੁੰਨ ਨੇ ਮੁਸਕਰਾਉਂਦੇ ਨੇ ਕਿਹਾ - "ਤਾਂ ਤੁਸੀਂ ਓ ਕਾਮਰੇਡ ਲੀ ਡਿਊਲਾਨ! ਮੈਂ ਤੁਹਾਡੇ ਬਾਰੇ ਬੜਾ ਕੁਝ ਸੁਣਿਆ।" ਉਸਨੇ ਸ਼ਿਸ਼ਟਾਚਾਰ ਨਾਲੇ ਆਪਣਾ ਹੱਥ ਅਗਾਂਹ ਵਧਾ ਦਿੱਤਾ।

ਡਿਊਲਾਨ ਨੇ ਉਸਦੀ ਪੇਸ਼ਕਸ਼ ਰੱਦ ਕਰ ਦਿੱਤੀ। ਉਹ ਆਪਣੀ ਥਾਂ ਤੋਂ ਹਿੱਲੀ ਵੀ ਨਾ। ਉਸਦਾ ਚਿਹਰਾ ਉਵੇਂ ਦਾ ਉਵੇਂ ਤਲਖ਼ ਸੀ ਤੇ "ਤੁਸੀਂ ਕਿਹਨੂੰ ਮਿਲਣਾ? ਤੁਹਾਨੂੰ ਪਤਾ ਨਹੀਂ ਇਸ ਮਕਾਨ ਦਾ ਕੋਈ ਮਾਲਕ ਵੀ ਐ?"

ਸੁੰਨ ਖਿਝਿਆ ਖੜ੍ਹਾ ਸੀ। ਸਵੋਛੰਗ ਪਿੱਛੇ ਤੋਂ ਆਪਣੀ ਪਤਨੀ ਦੇ ਜੈਂਪਰ ਦੀ ਕੰਨੀ ਖਿੱਚ ਰਿਹਾ ਸੀ।

ਡਿਊਲਾਨ ਨੇ ਸਵੋਛੰਗ ਦਾ ਹੱਥ ਝਟਕਾ ਮਾਰ ਕੇ ਪਰ੍ਹਾ ਕਰ ਦਿੱਤਾ। ਉਸਨੇ ਸੁੰਨ ਦੇ ਚਿਹਰੇ ਤੇ ਅੱਖਾਂ ਗੱਡਦੀ ਨੇ ਕਿਹਾ, " ਜੇ ਤੈਨੂੰ ਪਤਾ ਕਿ ਤੂੰ ਕਿਸੇ ਦੇ ਘਰ ਉਸਦੇ ਮਾਲਕ ਨੂੰ ਮਿਲਣ ਆਇਆ ਤਾਂ ਪਹਿਲਾਂ ਆਪਣੀ ਪਰਿਚੈ ਕਰਵਾ। ਮੈਂ ਇਹੋ ਜਿਹਾ ਘੁਸਪੈਠੀਆ ਕਦੇ ਨਹੀਂ ਦੇਖਿਆ ਜਿਹੜਾ ਲੋਕਾਂ ਦੀ ਘਰੀਂ ਸਿੱਧਾ ਦਾਖਲ ਹੋ ਕੇ ਉਹਨਾਂ ਦੇ ਨਿਜੀ ਮਾਮਲਿਆਂ 'ਚ ਦਖ਼ਲ-ਅੰਦਾਜ਼ੀ ਕਰੇ। ਆਖ਼ਰ ਇਸ ਦਾ ਮਾਲਕ ਕੌਣ ਐ? ਮੈਂ ਤੈਥੋਂ ਪੁੱਛਦੀ।"

ਸੁੰਨ ਦਾ ਚਿਹਰਾ ਲਾਲ ਸੁਰਖ਼ ਹੋ ਗਿਆ। ਉਸਦਾ ਖ਼ੂਨ ਖੌਲਣ ਲੱਗ ਪਿਆ। ਪਰ ਉਸਨੇ ਸੋਚਿਆ ਕਿ ਉਹ ਇੱਕ ਵੱਡਾ ਅਫ਼ਸਰ ਹੈ। ਇਸ ਨਾਤੇ ਉਸਦਾ ਇਸ ਜਾਹਿਲ ਪੇਂਡੂ ਨਾਲ ਬਹਿਸ 'ਚ ਉਲਝਣਾ ਠੀਕ ਨਹੀਂ।

"ਡਿਊਲਾਨ, ਡਾਇਰੈਕਟਰ ਸੁੰਨ ਹੋਰੀਂ ਇੱਥੇ ਸਰਕਾਰੀ ਕੰਮ ਦੇ ਸਿਲਸਿਲੇ 'ਚ ਆਏ ਨੇ। ਤੂੰ ਜ਼ਰਾ ਸਮਝਣ ਦੀ ਕੋਸ਼ਿਸ਼ ਕਰ।" ਪਾਰਟੀ ਸਕੱਤਰ ਨੇ ਕਿਹਾ।

"ਮੈਂ ਸਿੱਧੀ ਸਪੱਸ਼ਟ ਗੱਲ ਕਰਦੀ ਹਾਂ। ਜਿੱਥੋਂ ਤੱਕ ਕੰਮ ਦੀ ਗੱਲ ਐ, ਮੈਂ ਭੂਮੀ ਸੁਧਾਰ ਅੰਦੋਲਨ ਦੇ ਸਮੇਂ ਤੋਂ ਆਪਣੇ ਨੇਤਾਵਾਂ ਨਾਲ ਸਹਿਯੋਗ ਕਰਦੀ ਆਈ ਹਾਂ। ਉਹਨਾਂ ਦਿਨਾਂ 'ਚ ਜਦੋਂ ਲੋਕੀਂ ਲਿਊ-ਵੰਸ਼ ਦੀ ਖੁਸ਼ਾਮਦ ਨਹੀਂ ਵੀ ਕੀਤਾ ਕਰਦੇ ਸਨ, ਉਦੋਂ ਵੀ ਉਹ ਮੇਰੇ ਘਰ ਜਦੋਂ ਚਾਹੁਣ ਆ ਜਾਂਦੇ ਸੀ। ਮੈਂ ਕਦੀ ਘਰ ਦੀ ਰਾਖੀ ਲਈ ਕੁੱਤੇ ਨਹੀਂ ਬੰਨ੍ਹੇ। ਪਹਿਲਾਂ ਵਾਂਗ ਲਿਊ ਚਿਨਕਵਾਈ ਅੱਜ ਵੀ ਆ ਸਕਦਾ। ਪਰ ਮੈਂ ਉਸਦੀ ਫ਼ਰਮਾ ਬਰਦਾਰ ਨੌਕਰ ਵਾਂਗ ਉਸਦਾ ਸੁਆਗਤ ਕਰਾਂ। ਇਹ ਨਹੀਂ ਹੋਣਾ। ਮੈਂ ਹਰ ਇੱਕ ਨਾਲ ਇਕੋ ਜਿਹਾ ਵਰਤਾਓ ਕਰਦੀ ਹਾਂ, ਚਾਹੇ ਕੋਈ ਅਫ਼ਸਰ ਹੋਵੇ ਚਾਹੇ ਨਾ। ਹੁਣ, ਦੋ ਕੁ ਦਿਨ ਪਹਿਲਾਂ ਜ਼ਿਲੇ ਦਾ ਪਾਰਟੀ ਸਕੱਤਰ ਚਾਂਗ ਆਇਆ ਸੀ। ਉਸਨੇ ਘਰ ਪੁੱਜ ਕੇ ਇਹ ਵਿਹੜਾ ਆਪ ਸਾਫ਼ ਕੀਤਾ ਸੀ। ਪਰੰਤੂ ਡਾਇਰੈਕਟਰ ਹੋਰੀਂ ਕਹਿੰਦੇ ਆ ਕਿ ਵਿਹੜਾ ਗੰਦਾ ਈ ਬਹੁਤ ਐ। ਇਹ ਕਿਸੇ ਛੜੇ-ਛਾਂਟ ਦਾ ਘਰ ਨਹੀਂ। ਇੱਥੇ ਕੁੱਕੜੀਆਂ ਦੀਆਂ ਬਿੱਠਾਂ ਵੀ ਖਿੱਲਰੀਆਂ ਰਹਿੰਦੀਆਂ ਹਨ, ਟੁੱਟੀਆਂ ਇੱਟਾਂ ਤੇ ਤਰਪਾਲਾਂ ਦੇ ਟੁਕੜੇ ਵੀ ਖਿੱਲਰੇ

ਰਹਿੰਦੇ ਆ, ਫਿਰ ਸਾਡੇ ਵਿਹੜੇ 'ਚ ਗੰਦਗੀ ਨਹੀਂ ਹੋਵੇਗੀ ਤਾਂ ਹੋਰ ਕੀ ਹੋਵੇਗਾ। ਦੂਜੀ ਗੱਲ – ਅਸੀਂ ਆਪਣਾ ਖ਼ੂਹ ਕਿਉਂ ਪੂਰੀਏ? ਇਸ ਲਈ ਕਿ ਲਿਊ ਆ ਰਿਹਾ ਏ। ਜੇ ਤੈਨੂੰ ਲੱਗਦਾ ਕਿ ਮੇਰਾ ਘਰ ਤੇਰੀ ਸ਼ਾਨ ਦੇ ਬਰਾਬਰ ਨਹੀਂ ਐ ਤਾਂ ਲੈ ਜਾ ਉਸਨੂੰ ਕਿਸੇ ਵੱਡੇ ਸ਼ਹਿਰ ਦੇ ਵਿਦੇਸ਼ੀ ਕਿਸਮ ਦੇ ਘਰ 'ਚ। ਉਥੇ ਕਰ ਜਾ ਕੇ ਖ਼ਾਤਰਦਾਰੀ ਆਪਣਾ ਖ਼ਾਸ-ਉਲ-ਖ਼ਾਸ ਪ੍ਰਾਹੁਣੇ ਦੀ। ਪਰ ਜੇ ਉਸਨੂੰ ਐਥੇ ਲਿਆਉਣਾ ਤਾਂ ਇਸ ਘਰ ਦੀ ਮਾਲਕਣ ਹੋਣ ਤੇ ਨਾਤੇ, ਮੇਰੇ ਹਿਸਾਬ ਨਾਲ ਚੱਲਣਾ ਪਊ। ਬੱਸ ਸੌ ਹੱਥ ਰੱਸਾ, ਸਿਰੇ ਤੇ ਗੰਢ।"

ਪਾਰਟੀ ਸਕੱਤਰ ਚੁੱਪਚਾਪ ਖੜਾ ਸੁਣੀ ਜਾ ਰਿਹਾ ਸੀ। ਸਵੋਂਛੰਗ ਘਰ ਦੇ ਕਿਸੇ ਪਿਛਲੇ ਕਮਰੇ 'ਚ ਕਿਧਰੇ ਜਾ ਲੁਕਿਆ ਸੀ।

ਸੁੰਨ ਨੂੰ ਬੜਾ ਗੁੱਸਾ ਆਇਆ ਪਰ ਉਸਨੇ ਆਪਣੇ ਆਪ ਨੂੰ ਕਾਬੂ 'ਚ ਰੱਖਿਆ। ਚਿਹਰੇ 'ਤੇ ਮਸਨੂਈ ਜਿਹੀ ਮੁਸਕਾਨ ਲਿਆਉਂਦਾ ਕਹਿਣ ਲੱਗਾ – "ਕਾਮਰੇਡ ਡਿਊਲਾਨ. ਮੈਂ ਤੇਰੀਆਂ ਭਾਵਨਾਵਾਂ ਚੰਗੀ ਤਰ੍ਹਾਂ ਸਮਝ ਰਿਹਾ। ਪਰ ਤੈਨੂੰ ਵੀ ਆਪਣੀ ਪੁਰਾਣੀ ਜਾਂਗਲੀ ਮਨੋਬਿਰਤੀ ਨਾਲ ਬੱਝੇ ਨਹੀਂ ਰਹਿਣਾ ਚਾਹੀਦਾ। ਅੱਜ ਕੱਲ ਮਿਸਟਰ ਲਿਊ ਚਿਨਕਵਈ ਵਿਦੇਸ਼ਾਂ 'ਚ ਵਸਿਆ ਇੱਕ ਚੀਨੀ ਨਾਗਰਿਕ ਹੈ। ਸਾਨੂੰ ਵੀ ਆਪਣੇ ਮੁਲਕ ਨੂੰ ਆਧੁਨਿਕ ਬਣਾਉਣ ਲਈ....।"

ਡਿਊਲਾਨ ਨੇ ਉਸਦੀ ਗੱਲ ਵਿਚਕਾਰੋਂ ਟੋਕ ਦਿੱਤੀ- "ਰਾਸ਼ਟਰੀ ਮਸਲਿਆਂ ਦੀ ਜਾਣਕਾਰੀ ਤੁਹਾਨੂੰ ਮੇਰੇ ਨਾਲੋਂ ਬਹੁਤੀ ਐ, ਮੈਂ ਮੰਨਦੀ ਆ। ਹੁਣ ਇਹ ਦੱਸੋ ਤੁਸੀਂ ਚਾਹੁੰਦੇ ਕੀ ਹੋ?"

ਬਾਹਰ ਟਰੱਕ 'ਚੋਂ ਫਰਨੀਚਰ ਉਤਾਰ ਕੇ ਵਿਹੜੇ 'ਚ ਲੈ ਆਉਣ ਕਾਰਣ ਕਾਫੀ ਰੌਲਾ-ਰੱਪਾ ਪਿਆ ਹੋਇਆ ਸੀ। ਪਲੰਘ ਤੇ ਆਰਾਮ ਕੁਰਸੀਆਂ ਵੰਨੀ ਇਸ਼ਾਰਾ ਕਰਦੇ ਸੁੰਨ ਨੇ ਕਿਹਾ – "ਇਨਾਂ ਨੂੰ ਆਪਣੇ ਕਮਰਿਆਂ 'ਚ ਸਜਾ ਲੈ, ਤਾਂ ਕਿ ਮਿਸਟਰ ਲਿਊ ਨੂੰ ਦਿਖਾਇਆ ਜਾ ਸਕੇ ਕਿ ਸਾਡੇ ਸਮਾਜਵਾਦੀ ਮੁਲਕ ਦੇ ਪਿੰਡਾਂ ਦਾ ਜੀਵਨ ਕਿੰਨਾ ਸੁਧਰ ਗਿਆ ਹੈ।"

ਡਿਊਲਾਨ ਬੜੇ ਧਿਆਨ ਨਾਲ ਉਸ ਕੀਮਤੀ ਫਰਨੀਚਰ ਵੱਲ ਦੇਖਦੀ ਰਹੀ।

"ਕਿਉਂ, ਕਿਹੋ ਜਿਹਾ ਲੱਗਾ ਤੈਨੂੰ?"

ਡਿਊਲਾਨ ਨੇ ਬੜੇ ਤਨਜ਼ ਭਰੇ ਢੰਗ ਨਾਲ ਮੁਸਕਰਾਉਂਦੀ ਨੇ ਪੁੱਛਿਆ " ਤੁਹਾਡਾ ਮਤਲਬ ਐ ਕਿ ਹੁਣ ਇਹ ਫਰਨੀਚਰ ਇਥੇ ਹੀ ਰਹੇਗਾ, ਮੇਰਾ ਹੋ ਜਾਊ। ਇਹ ਤਾਂ ਬੜੀ ਚੰਗੀ ਗੱਲ ਐ। ਮੈਂ ਇਸਨੂੰ ਸ਼ਿਨਹੂਵਾਏ ਦੇ ਵਿਆਹ ਲਈ ਰੱਖ ਲਊ।"

"ਨਾ..... ਨਾ..... ਨਾ.... ਨਾ....", ਸੁੰਨ ਨੇ ਆਪਣਾ ਸਿਰ ਬੜੇ ਹੀ ਜ਼ੋਰ ਦੀ ਹਿਲਾਇਆ।

ਪਹਿਲਾਂ ਤਾਂ ਡਿਊਲਾਨ ਹੱਸੀ, ਪਰ ਫਿਰ ਉਸਦਾ ਚਿਹਰਾ ਉਤਰ ਗਿਆ, "ਫੇਰ ਇਹ ਸਮਾਨ ਇੱਥੇ ਕਿਉਂ ਲਿਆਂਦਾ। ਸਿਰਫ਼ ਦਿਖਾਵਾ ਕਰਨ ਲਈ। ਮੈਨੂੰ ਇਸ ਦੀ ਕੋਈ



ਲੋੜ ਨਹੀਂ।" ਬਾਂਹ ਮਾਰਦੀ ਡਿਊਲਾਨ ਨੇ ਜਿਵੇਂ ਹੁਕਮ ਸੁਣਾ ਦਿੱਤਾ ਹੋਵੇ। 'ਲੈ ਜਾਓ ਇਹ ਸਾਡਾ ਫੜਾ ਫਰਨੀਚਰ। ਮੈਨੂੰ ਨਹੀਂ ਚਾਹੀਦਾ ਇਹ। ਮੇਰਾ ਵਿਹੜਾ ਤਾਂ ਬਹੁਤ ਗੰਦਾ ਐ। ਇਹ ਮੇਰਾ ਘਰ ਐ, ਕਿਸੇ ਦੁਕਾਨ ਦਾ ਸ਼ੋਅਰੂਮ ਨਹੀਂ।"

"ਡਿਊਲਾਨ......।" ਪਾਰਟੀ ਸਕੱਤਰ ਵੀ ਥੋੜ੍ਹਾ ਖਿਝ ਗਿਆ। ਨਾਲ ਲੱਗਦਾ ਸੁੰਨ ਨੇ ਵੀ ਆਪਣਾ ਗੁੱਸਾ ਝਾੜ ਦਿੱਤਾ, "ਨਹੀਂ ਜਾਏਗਾ ਇਹ ਸਾਮਾਨ। ਇਥੇ ਹੀ ਰਹੇਗਾ। ਤੇ.... ਤੇ ਇਹ ਖ਼ੂਹ ਉਸਨੂੰ ਵੀ ਫੌਰਨ ਪੂਰ ਦਿਓ ਹੁਣੇ, ਇਸੇ ਵਕਤ।"

"ਹੁਣੇ ਈ, ਏਸੇ ਵਕਤ! ਮੇਰੇ ਈ ਘਰ 'ਚ ਆ ਕੇ ਮੇਰੇ ਤੇ ਹੀ ਹੁਕਮ।"

ਡਿਊਲਾਨ ਖ਼ੂਹ ਦੀ ਮੌਣ ਲਾਗੇ ਦੌੜੀ-ਦੌੜੀ ਪੁੱਜ ਗਈ। ਖ਼ੂਹ ਅੰਦਰ ਨੀਵੀਂ ਥਾਂ ਬੈਠੇ ਪੱਥਰ ਤੋੜਨ ਵਾਲੇ ਨੂੰ ਜ਼ੋਰ ਦੀ ਆਵਾਜ਼ ਮਾਰੀ "ਫਿਊਜ਼ ਨੂੰ ਤੀਲੀ ਲਾ ਦੇਹ।"

"ਠੀ ..ਅ..ਕ, ਹੈ..ਐ..", ਖ਼ੂਹ ਅੰਦਰੋਂ ਆਵਾਜ਼ ਆਈ।

ਸਾਰੇ ਦਰਸ਼ਕ ਹੱਕੇ-ਬੱਕੇ ਹੋਏ ਖੜੇ ਸਨ।

ਸਵੋਂਛੰਗ ਅੰਦਰੋਂ, ਕਮਰੇ 'ਚੋਂ ਲੜਖੜਾਉਂਦਾ ਜਿਹਾ ਬਾਹਰ ਆਇਆ ਤੇ ਪਤਨੀ ਨੂੰ ਮਿੰਨਤ ਤਰਲਾ ਕਰਨ ਲੱਗਾ-'ਏਨੀ ਜ਼ਿੱਦ ਨਾ ਕਰ, ਇਹ ਜਿੱਦਾਂ ਕਹਿੰਦੇ ਆ, ਓਦਾਂ ਕਰ।"

ਡਿਊਲਾਨ ਨੇ ਉਸਨੂੰ ਇੱਕ ਪਾਸੇ ਹਟਾ ਦਿੱਤਾ। "ਹੁਣ ਤੇਰੇ 'ਚ ਪਹਿਲਾਂ ਵਰਗੀ ਚੁਸਤੀ-ਫੁਰਤੀ ਨਹੀਂ ਰਹੀ, ਤੂੰ ਖ਼ੂਹ ਤੋਂ ਦੂਰ ਰਹਿ।"

ਫਿਰ ਉਹ ਸੂਰ ਦੇ ਵਾੜੇ ਦੀ ਦੀਵਾਰ 'ਤੇ ਜਾ ਚੜ੍ਹੀ। ਦੋਨਾਂ ਹੱਥਾਂ ਦਾ ਘੁੱਗੂ ਬਣਾ ਕੇ ਮੂੰਹ ਤੇ ਰੱਖਿਆ ਤੇ ਪੂਰੇ ਜ਼ੋਰ ਨਾਲ ਬੋਲੀ – "ਗੁਆਂਢੀ ਭੈਣੋ ਤੇ ਭਰਾਓ ... ਅਸੀਂ ਆਪਣੇ ਘਰ 'ਚ ਫਿਊਜ਼ ਲਾਉਣ ਲੱਗੇ ਹਾਂ। ਤੁਸੀਂ ਆਪਣੇ ਘਰਾਂ ਦੀਆਂ ਖਿੜਕੀਆਂ ਖੋਲ੍ਹ ਦਿਓ ਤਾਂ ਕਿ ਸ਼ੀਸ਼ਿਆਂ ਨੂੰ ਕੋਈ ਨੁਕਸਾਨ ਨਾ ਪੁੱਜੇ।"

ਉਸਦੇ ਸਾਰੇ ਗੁਆਂਢੀਆਂ ਨੇ ਮੋੜਵੇਂ ਉੱਤਰ ਦਿੱਤੇ – "ਲਾ ਦਿਓ ਫਿਊਜ਼।"

ਸੁੰਨ ਨੂੰ ਬੇਹੱਦ ਗੁੱਸਾ ਚੜ੍ਹ ਗਿਆ ਸੀ। ਉਸਨੇ ਜਿਹੜੇ ਲੋਕ ਫਰਨੀਚਰ ਲਿਆਏ ਸਨ, ਉਹਨਾਂ ਨੂੰ ਜਿਵੇਂ ਚੀਕਦੇ ਨੇ ਕਿਹਾ – "ਲੈ ਜਾਓ ਫਰਨੀਚਰ ਵਾਪਸ ਇਥੋਂ।"

ਮਨੋ-ਮਨੀਂ ਖੁਸ਼ ਹੁੰਦਾ ਬੁੱਢਾ ਪਾਰਟੀ ਸਕੱਤਰ ਵੀ ਉੱਥੋਂ ਚਲਾ ਗਿਆ।

ਇੱਕ ਜ਼ੋਰਦਾਰ ਧਮਾਕਾ ਸੁਣਾਈ ਦਿੱਤਾ। ਧਰਤੀ ਹਿੱਲ ਗਈ, ਸਾਰੇ ਲੋਕੀਂ ਖ਼ੂਹ ਵੱਲ ਨੂੰ ਦੌੜੇ। ਡਿਊਲਾਨ ਇੱਕ ਰੁੱਖ ਹੇਠਾਂ ਖੜੀ ਰਹੀ, ਉਸਦੇ ਝੁਰੜੀਆਂ ਭਰੇ ਚਿਹਰੇ ਤੇ ਹੰਝੂ ਤਿਲਕ ਆਏ।

3.

ਇਸ ਘਟਨਾ ਤੋਂ ਅਨੇਕ ਵਰ੍ਹੇ ਪਹਿਲਾਂ .... ਇੱਕ ਦਿਨ ਬਹੁਤ ਬਰਫ਼ਬਾਰੀ ਹੋ ਰਹੀ ਸੀ। ਸ਼ਾਮ ਦੇ ਘੁਸਮੁਸੇ 'ਚ ਇਕ ਸੜਕ ਤੇ ਇੱਕ ਬੱਘੀ ਤੁਰੀ ਜਾ ਰਹੀ ਸੀ। ਘੋੜੇ ਦੀ ਧੌਣ ਨਾਲ ਲਟਕਦੀਆਂ ਘੰਟੀਆਂ ਟਨ-ਟਨ ਵੱਜੀ ਜਾ ਰਹੀਆਂ ਸਨ। ਫਟੇ-ਪੁਰਾਣੇ ਕੱਪੜੇ

ਪਾਈ ਇੱਕ ਨੌਜਵਾਨ, ਕੋਚਵਾਨ ਸੀਟ 'ਤੇ ਬੈਠਾ ਸੀ। ਉਸਦੇ ਹੱਥ 'ਚ ਛਾਂਟਾ ਸੀ। ਉਹ ਠੰਡ ਨਾਲ ਕੰਬੀ ਜਾ ਰਿਹਾ ਸੀ।

ਅਚਾਨਕ ਬੱਘੀ ਰੁਕ ਗਈ ਸੀ। ਕੋਚਵਾਨ ਛਾਲ ਮਾਰ ਕੇ ਹੇਠਾਂ ਉਤਰ ਆਇਆ ਸੀ ਤੇ ਉਹ ਸੜਕ ਤੇ ਵਿਛੀ ਬਰਫ਼ 'ਚ ਦੱਬ ਹੋਈ ਕਿਸੇ ਵਸਤ ਨੂੰ ਛਾਂਟੇ ਦੀ ਸੋਟੀ ਨਾਲ ਟੋਹਣ-ਉਲੱਦਣ ਲੱਗ ਪਿਆ ਸੀ। ਫਿਰ ਉਸਨੇ ਹੇਠਾਂ ਬੈਠ ਕੇ ਹੱਥਾਂ ਨਾਲ ਕਿੰਨੀ ਸਾਰੀ ਬਰਫ ਪਰਾਂ ਹਟਾਈ ਸੀ। ਤਾਂ ਉਸਨੂੰ ਪਤਾ ਲੱਗਾ ਸੀ ਕਿ ਦੱਬੀ ਹੋਈ ਸ਼ੈਅ ਵਸਤ, ਠੰਡ ਨਾਲ ਆਕੜ ਗਈ। ਇੱਕ ਮੰਗਤੀ ਬੱਚੀ ਸੀ, ਜਿਸਦੇ ਹੱਥਾਂ 'ਚ ਇੱਕ ਖਾਲੀ ਕੌਲਾ ਵੀ ਸੀ।

ਏਨੇ ਨੂੰ ਬੱਘੀ ਅੰਦਰੋਂ ਇੱਕ ਤਿੱਖੀ ਆਵਾਜ਼ ਗੂੰਜੀ ਸੀ "ਰੁਕ ਕਿਉਂ ਗਿਆ, ਚੱਲ ਚਲਾ।"

ਮੰਗਤੀ ਬੱਚੀ ਨੂੰ ਹੱਥਾਂ ਤੇ ਚੁੱਕੀ ਕੋਚਵਾਨ ਵਾਪਸ ਆਪਣੀ ਥਾਂ ਆ ਬੈਠਾ ਸੀ ਤੇ ਬੜੇ ਸਤਿਕਾਰ ਨਾਲ ਬੋਲਿਆ ਸੀ "ਹਜ਼ੂਰ....!"

ਬੱਘੀ ਦੀ ਖਿੜਕੀ ਤੇ ਲਟਕਦਾ ਪਰਦਾ ਥੋੜ੍ਹਾ ਕੁ ਸਰਕਦਾ ਹੋਇਆ ਸੀ ਤਾਂ ਅੰਦਰੋਂ ਦੋ ਚਮਕਦਾਰ ਅੱਖਾਂ ਨਜ਼ਰੀਂ ਪਈਆਂ ਸਨ। ਲਿਊ ਚਿਨਕਵਈ ਨੇ ਪਰਦੇ ਪਿੱਛੇ ਬੈਠੇ ਨੇ ਕਿਹਾ ਸੀ "ਏਨੂੰ ਸੁੱਟ ਹੇਠਾਂ।"

"ਕਿਰਪਾ ਕਰਕੇ ਏਨੂੰ ਬਚਾਓ ਜਨਾਬ ਜੀ", ਨੌਜਵਾਨ ਨੇ ਤਰਲਾ ਲੈਂਦਿਆਂ ਕਿਹਾ ਸੀ।

"ਏਹ ਮਰ ਗਈ ਤਾਂ ਏਦ੍ਹੇ ਲਈ ਕਫ਼ਨ ਤੂੰ ਖਰੀਦੇਂਗਾ?"

ਨੌਜਵਾਨ ਨੇ ਅੱਖਾਂ 'ਚ ਹੰਝੂ ਭਰਦੇ ਨੇ ਫਿਰ ਬੇਨਤੀ ਕੀਤੀ ਸੀ "ਹਜ਼ੂਰ ਜਨਾਬ ...!"

ਲਿਊ ਨਾ ਫਿਰ ਬੁੜ-ਬੁੜ ਕੀਤੀ ਸੀ "ਬਸੰਤ ਮੇਲੇ ਦੇ ਪਹਿਲੇ ਦਿਨ ਇਹ ਕਿਹੋ ਜਿਹਾ ਅਪਸ਼ਗਨ ਮੱਥੇ ਲੱਗ ਗਿਆ। .. ਸੁੱਟ ਦੇ ਏਨੂੰ।"

ਬੇਬੱਸ ਹੋਏ ਨੌਜਵਾਨ ਨੇ ਉਸ ਬੱਚੀ ਨੂੰ ਆਪਣੀ ਰੂੰ ਦੀ ਜਾਕਟ 'ਚ ਲਪੇਟ ਕੇ ਮੁੜ ਸੜਕ ਤੇ ਰੱਖ ਦਿੱਤਾ ਸੀ। ਉਸਨੇ ਘੋੜੇ ਨੂੰ ਛਾਂਟਾ ਲਾਇਆ ਤੇ ਬੱਘੀ ਮੁੜ ਤੋਂ ਦੌੜਨ ਲੱਗ ਪਈ ਸੀ। ਪਿੰਡ ਪੁੱਜਦੇ-ਪੁੱਜਦੇ ਹਨੇਰਾ ਪੈ ਗਿਆ ਸੀ। ਘੋੜੇ ਨੂੰ ਕਿੱਲੇ ਨਾਲ ਬੰਨ੍ਹ ਕੇ ਉਹ ਨੌਜਵਾਨ ਦੌੜਦਾ ਹੋਇਆ ਮੁੜ ਛੇਤੀ ਦੇਣੀ ਉਸੇ ਥਾਂ ਪੁੱਜ ਗਿਆ ਸੀ, ਜਿੱਥੇ ਉਹ ਬੱਚੀ ਨੂੰ ਰੱਖ ਕੇ ਗਿਆ ਸੀ।

ਉਹ ਉਸਨੂੰ ਆਪਣੀ ਝੌਂਪੜੀ 'ਚ ਲੈ ਗਿਆ ਸੀ।

ਉਸਦੀ ਝੌਂਪੜੀ 'ਚ ਉਸ ਦਿਨ ਅੱਗ ਬਾਲਣ ਲਈ ਬਾਲਣ ਵੀ ਹੈ ਨਹੀਂ ਸੀ। ਬੱਚੀ ਨੂੰ ਨਿੱਘਾ ਰੱਖਣ ਲਈ ਉਸਨੇ ਰਾਤ ਭਰ ਉਸਨੂੰ ਆਪਣੀ ਛਾਤੀ ਨਾਲ ਘੁੱਟੀ ਰੱਖਿਆ ਸੀ। ਸਵੇਰ ਹੋਣ ਤੱਕ ਲੜਕੀ ਨੇ ਅੱਖਾਂ ਖੋਲ੍ਹ ਲਈਆਂ ਸਨ।



ਉਤੇਜਿਤ ਹੋਏ ਨੌਜਵਾਨ ਨੇ ਆਪਣੇ ਮਾਲਕ ਨੂੰ ਦੱਸਿਆ ਸੀ - "ਉਹ ਜਿਉਂਦੀ ਐ ਜਨਾਬ ... ਉਹ ਜਿਉਂਦੀ ਐ।" ਉਸਦੀਆਂ ਅੱਖਾਂ 'ਚ ਖੁਸ਼ੀ ਦੇ ਹੰਝੂ ਭਰ ਆਏ ਸਨ। ਉਸਨੇ ਲਿਊ ਨੂੰ ਇਹ ਵੀ ਬੇਨਤੀ ਕੀਤੀ ਸੀ ਕਿ ਉਹ ਬੱਚੀ ਨੂੰ ਆਪਣੇ ਘਰ 'ਚ ਨੌਕਰਾਣੀ ਰੱਖ ਲਵੇ। ਬਦਲੇ ਵਿਚ ਉਹ ਦੋਨੋਂ ਇੱਕ ਸਾਲ ਲਈ ਮੁਫ਼ਤ ਕੰਮ ਕਰਨਗੇ।

ਦਸਾਂ ਸਾਲਾਂ ਦੀ ਕਮਜ਼ੋਰ, ਦੁਬਲੀ-ਪਤਲੀ ਡਿਊਲਾਨ ਨੂੰ ਸਾਰਾ-ਸਾਰਾ ਦਿਨ ਆਟਾ ਪੀਹਣ, ਮੈਦਾ ਛਾਨਣ, ਕੱਪੜੇ ਧੋਣ, ਸਬਜ਼ੀਆਂ ਸਾਫ ਕਰਨ ਵਰਗੇ ਔਖੇ-ਔਖੇ ਕੰਮ ਕਰਨੇ ਪਏ ਸਨ। ਲਿਊ ਉਸ ਬੱਚੀ ਤੇ ਵੱਖ ਹੁਕਮ ਚਲਾਉਂਦਾ ਸੀ, ਘਰ ਦੇ ਬਾਕੀ ਜੀਅ ਵੱਖ। ਇਥੋਂ ਤੱਕ ਕਿ ਘਰ ਦੇ ਕੁੱਤੇ ਵੀ ਉਸਨੂੰ ਡਰਾ-ਧਮਕਾ ਕੇ ਰੱਖਦੇ ਸਨ। ਡਰਦੀ-ਡਰਦੀ ਵੀ ਉਹ ਹਮੇਸ਼ਾ ਆਪਣੇ ਕੰਮ 'ਚ ਰੁੱਝੀ ਰਹਿੰਦੀ। ਰਾਤ ਸਮੇਂ ਆਪਣੀ ਝੌਂਪੜੀ 'ਚ ਪੁੱਜ ਕੇ ਹੀ ਉਸਨੂੰ ਥੋੜ੍ਹਾ ਬਹੁਤ ਮੋਹ-ਪਿਆਰ ਮਿਲਦਾ ਸੀ। ਇਸ ਝੌਂਪੜੀ 'ਚ ਰਹਿੰਦਾ ਨੌਜਵਾਨ ਸਵੋਛੰਗ, ਉਸ ਨਾਲ ਵੱਡੇ ਭਰਾ ਵਰਗਾ ਵਰਤਾਓ ਕਰਦਾ ਸੀ। ਕਿਸਮਤ ਨੇ ਉਹਨਾਂ ਦੋਹਾਂ ਨੂੰ ਇੱਕ ਥਾਂ ਇਕੱਠਿਆ ਕਰ ਦਿੱਤਾ ਸੀ।

ਸੱਤ ਵਰ੍ਹੇ ਹੋਰ ਲੰਘ ਗਏ। ਡਿਊਲਾਨ ਜੁਆਨ ਹੋ ਗਈ।

ਇੱਕ ਦਿਨ ਉਸਨੇ ਸਵੋਛੰਗ ਨੂੰ ਪੁੱਛਿਆ, "ਸਵੋਛੰਗ ਭਾਅ ਜੀ, ਹੁਣ ਤੂੰ ਕਰੀਬ ਤੀਹ ਵਰ੍ਹਿਆਂ ਦਾ ਹੋ ਗਿਐ, ਤੂੰ ਵਿਆਹ ਕਿਉਂ ਨਹੀਂ ਕਰਵਾਉਂਦਾ?"

ਸਵੋਛੰਗ ਨੇ ਬੜੀ ਨਿਮਰਤਾ ਨਾਲ ਉੱਤਰ ਦਿੱਤਾ, "ਮੇਰੇ ਵਰਗੇ ਗਰੀਬ ਆਦਮੀ ਨਾਲ ਕਿਹੜੀ ਕੁੜੀ ਵਿਆਹ ਕਰਵਾਵੇਗੀ?"

"ਤੈਨੂੰ ਮੈਂ ਪਸੰਦ ਆਂ....?"

ਸਵੋਛੰਗ ਹੈਰਾਨ-ਪ੍ਰੇਸ਼ਾਨ ਹੋ ਗਿਆ।

"ਜੇ ਤੂੰ ਮੈਨੂੰ ਨਾ-ਪਸੰਦ ਨਹੀਂ ਕਰਦਾ ਤਾਂ ਮੇਰੇ ਨਾਲ ਹੀ ਵਿਆਹ ਕਰਵਾ ਲੈ।"

"ਨਹੀਂ, ਨਹੀਂ ਇਹ ਕਿੱਦਾਂ ਹੋ ਸਕਦਾ।" ਸਵੋਛੰਗ ਨੇ ਕਿਹਾ ਸੀ।

"ਹੋ ਕਿਉਂ ਨਹੀਂ ਸਕਦਾ, ਭਾਅ ਜੀ, ਹੋ ਸਕਦਾ ਹੈ।" ਇਹ ਕਹਿੰਦਿਆਂ ਡਿਊਲਾਨ ਦੀਆਂ ਅੱਖਾਂ 'ਚ ਚਮਕ ਭਰ ਆਈ। "ਅਸੀਂ ਏਥੋਂ ਕਿਧਰੇ ਦੂਰ-ਪਾਰ ਚਲੇ ਜਾਵਾਂਗੇ। ਆਪਣਾ ਘਰ ਬਸਾਵਾਂਗੇ। ਮੈਂ ਸਾਰਾ ਜੀਵਨ ਤੇਰੀ ਸੇਵਾ ਕਰਾਂਗੀ।"

ਸਵੋਛੰਗ ਦਾ ਦਿਲ ਤੇਜ਼-ਤੇਜ਼ ਧੜਕ ਉੱਠਿਆ। ਉਸਨੇ ਡਿਊਲਾਨ ਨੂੰ ਚੁੱਪ ਰਹਿਣ ਲਈ ਕਿਹਾ- "ਹੋਰ ਨਾ ਬੋਲ, ਮਾਲਿਕ ਸੁਣ ਲਵੇਗਾ।"

"ਸੁਣ ਲਏ ਤਾਂ ਸੁਣ ਲਏ। ਮੈਂ ਵੀ ਇੱਥੇ ਅੱਕੀ ਪਈ ਹਾਂ। ਹੁਣ ਇਸ ਕੰਮ ਨਾਲੋਂ ਤਾਂ ਮੰਗ ਕੇ ਖਾ ਲੈਣਾ ਚੰਗਾ ਐ।" ਇੱਕ ਡੂੰਘਾ ਹਉਕਾ ਉਸਦੇ ਅੰਦਰੋਂ ਬਾਹਰ ਆ ਗਿਆ।

ਇਵੇਂ ਹੀ ਇੱਕ ਦਿਨ ਲਿਊ ਨੇ ਵੀ ਪੁੱਛ ਲਿਆ - "ਸਵੋਛੰਗ ਤੂੰ ਡਿਊਲਾਨ ਨਾਲ ਵਿਆਹ ਕਰਨਾ ਚਾਹੁੰਦਾ?"

"ਨਹੀਂ, ਨਹੀਂ...।"

ਲਿਊ ਹੱਸ ਪਿਆ।

ਇੱਕ ਸ਼ਾਮੀਂ ਜਦੋਂ ਸਵੋਛੰਗ ਕਿਸੇ ਕੰਮ ਵਾਪਸ ਪਰਤਿਆ ਤਾਂ ਉਸਨੇ ਡਿਊਲਾਨ ਨੂੰ ਝੌਂਪੜੀ ਅੰਦਰ ਰੋਂਦੀ ਨੂੰ ਸੁਣਿਆ। ਉਹ ਅੰਦਰ ਗਿਆ ਤਾਂ ਦੇਖਿਆ ਇੱਕ ਬੁੱਢਾ ਗੰਜਾ ਆਦਮੀ ਡਿਊਲਾਨ ਨੂੰ ਆਪਣੀ ਵੱਲ ਨੂੰ ਖਿੱਚ ਰਿਹਾ ਸੀ ਅਤੇ ਹੱਥ 'ਚ ਗੁੜਗੁੜੀ ਫੜੀ ਲਿਊ, ਡਿਊਲਾਨ ਨੂੰ ਧੱਕੇ ਮਾਰ ਰਿਹਾ ਸੀ। ਦੋਨਾਂ ਹੱਥਾਂ ਨਾਲ ਦਰਵਾਜ਼ੇ ਦੀਆਂ ਬਾਹੀਆਂ ਘੁੱਟੀ ਖੜੀ ਡਿਊਲਾਨ ਆਪਣੀ ਥਾਂ ਤੋਂ ਹਿੱਲਣ ਦਾ ਨਾਂ ਨਹੀਂ ਸੀ ਲੈ ਰਹੀ।

ਸਵੋਛੰਗ ਨੂੰ ਦੇਖ ਕੇ ਡਿਊਲਾਨ ਨੇ ਆਪਣੇ ਆਪ ਨੂੰ ਉਹਨਾਂ ਤੋਂ ਛੁਡਾਇਆ ਤੇ ਉਸ ਨਾਲ ਜਾ ਚਿੰਬੜੀ - "ਬਚਾ ਲੈ, ਸਵੋਛੰਗ ਭਾਅ ਜੀ, ਮੈਨੂੰ ਬਚਾ ਲੈਅ...।"

ਉਸਨੂੰ ਸੰਭਾਲਦੇ ਸਵੋਛੰਗ ਨੇ ਲਿਊ ਵੱਲ ਨੂੰ ਬੇਹੱਦ ਭਾਵ-ਰਹਿਤ ਨਜ਼ਰਾਂ ਨਾਲ ਦੇਖਿਆ।

ਗੁੜਗੁੜੀ ਦਾ ਕਸ਼ ਲਾਉਂਦੇ ਲਿਊ ਨੇ ਕਿਹਾ "ਤੂੰ ਬਹੁਤ ਸਹੀ ਸਮੇਂ 'ਤੇ ਪਰਤਿਆ। ਹੁਣ ਆਪਣੀ ਭੈਣ ਨੂੰ ਵਿਦਾ ਕਰਦੇ। ਬਹੁਤ ਛੇਤੀ ਇਸਦਾ ਵਿਆਹ ਇੱਕ ਚੰਗੇ ਘਰਾਣੇ 'ਚ ਹੋਵੇਗਾ। ਇਹ ਬਹੁਤ ਹੀ ਸੁਖੀ ਜੀਵਨ ਬਤੀਤ ਕਰੇਗੀ। ਏਹ ਹੈ ਮਿਸਟਰ ਲੀ।"

ਡਿਊਲਾਨ ਰੋਂਦੀ ਰੋਂਦੀ ਆਖ ਰਹੀ ਸੀ, "ਏਹਨੇ ਮੈਨੂੰ ਵੇਚ ਦਿੱਤਾ ਐ।"

"ਇਹ ਤਾਂ ਬਹੁਤ ਘਟੀਆ ਕੰਮ ਕੀਤਾ ਤੁਸੀਂ ਹਜ਼ੂਰ।" ਸਵੋਛੰਗ ਤੋਂ ਅੱਗੇ ਕੁਝ ਨਾਲ ਬੋਲਿਆ ਗਿਆ।

ਗੰਜੇ ਲੀ ਨੇ ਸਵੋਛੰਗ ਵੱਲ ਨੂੰ ਸ਼ੱਕ ਭਰੀ ਨਿਗਾਹ ਸੁੱਟੀ ਤੇ ਫਿਰ ਕਾਫੀ ਉੱਚੀ ਸੁਰ 'ਚ ਡਿਊਲਾਨ ਤੋਂ ਪੁੱਛਿਆ "ਇਹ ਕੌਣ ਐ?"

ਡਿਊਲਾਨ ਦੀ ਥਾਂ ਲਿਊ ਨੇ ਕਿਹਾ - "ਇਹਦਾ ਭਰਾ ਐ।"

ਡਿਊਲਾਨ ਬੁੱਲ਼ ਟੁੱਕਦੀ ਚੁੱਪ-ਚਾਪ ਖੜੀ ਰਹੀ।

ਸ਼੍ਰੀਮਾਨ ਲੀ ਨੇ ਆਪਣਾ ਹੱਥ ਅੱਗੇ ਵਧਾ ਕੇ ਡਿਊਲਾਨ ਦੀ ਠੋਡੀ ਉੱਪਰ ਨੂੰ ਚੁੱਕੀ- "ਕੀ ਤੂੰ ਏਦ੍ਹੇ ਨਾਲ ਸੁੱਤੀ ਵੀ ਏ, ਬੋਲ ਜਵਾਬ ਦੇਹ।"

ਡਿਊਲਾਨ ਨੇ ਕੂਹਣੀ ਮਾਰ ਕੇ ਉਸਦਾ ਹੱਥ ਪਰੇ ਕਰ ਦਿੱਤਾ ਅਤੇ ਪੂਰੇ ਜ਼ੋਰ ਨਾਲ ਬੋਲੀ - "ਹਾਂ ਹਾਂ ... ਮੈਂ ਏਦ੍ਹੇ ਨਾਲ ਸਾਲ ਭਰ ਤੋਂ ਸੌਂਦੀ ਆ ਰਹੀ ਆ। ਅੱਵਲ ਕਈਆਂ ਚਿਰਾਂ ਤੋਂ।"

ਲਿਊ ਚਿਨਕਵਈ ਠਠੰਬਰ ਜਿਹਾ ਗਿਆ।

ਸੰਗ-ਸ਼ਰਮ ਦੇ ਮਾਰੇ ਸਵੋਛੰਗ ਨੂੰ ਵੀ ਜਿਵੇਂ ਹਲਕਾ ਚੜ੍ਹ ਗਿਆ ਹੋਵੇ - ਤੂੰ... ਤੂੰ... ਤੂੰ... ਤੂੰ...।"

ਰੋਂਦੀ-ਰੋਂਦੀ ਡਿਊਲਾਨ ਨੇ ਆਪਣਾ ਸਿਰ ਉਸਦੀਆਂ ਬਾਹਾਂ 'ਚ ਲੁਕੋ ਦਿੱਤਾ। ਸਵੋਛੰਗ ਵੀ ਰੋਣ ਲੱਗ ਪਿਆ।

ਸ਼੍ਰੀਮਾਨ ਲੀ ਇੱਕ ਤਨਜ਼ ਭਰਿਆ ਹਾਸਾ ਹੱਸਿਆ - "ਮਿਸਟਰ ਲਿਊ, ਤੂੰ ਇਸ



ਵੇਸ਼ਵਾ ਨੂੰ ਮੇਰੇ ਸਿਰ ਮੜ੍ਹਨਾ ਚਾਹੁੰਨਾਂ ..... ਤੇ ਉਹ ਵੀ ਐਨੇ ਮਹਿੰਗੇ ਭਾਅ।"

ਉਸਨੇ ਆਪਣੀ ਜੇਬ 'ਚੋਂ ਇਕਰਾਰਨਾਮਾ ਕੱਢ ਕੇ ਟੁਕੜੇ-ਟੁਕੜੇ ਕਰ ਦਿੱਤਾ ਤੇ ਵਾਪਸ ਜਾਣ ਲਈ ਮੁੜ ਪਿਆ।

ਲਿਊ ਨੇ ਉਸਦਾ ਰੋਕਣ ਲਈ ਆਵਾਜ਼ ਵੀ ਮਾਰੀ, ਪਰ ਉਹ ਪਿਛਾਂਹ ਵੱਲ ਨੂੰ ਦੇਖੇ ਬਿਨਾਂ ਬਾਹਰ ਨਿਕਲ ਗਿਆ।

ਗੁੱਸੇ ਨਾਲ ਲਾਲ-ਪੀਲੇ ਹੋਏ ਲਿਊ ਨੇ ਡਿਊਲਾਨ ਨੂੰ ਵਾਲਾਂ ਤੋਂ ਫੜ ਕੇ ਘਸੀਟਦੇ ਨੇ ਆਪਣੀ ਗੁੜਗੁੜੀ ਵਗਾਹ ਕੇ ਉਸਦੇ ਮੱਥੇ 'ਚ ਦੇ ਮਾਰੀ।

............

ਵਿਹੜੇ 'ਚ ਪਸਰਿਆ ਧੂੜ-ਧੂਆਂ ਉੱਡ ਚੁੱਕਾ ਸੀ।

ਅਣਜਾਣੇ ਹੀ ਡਿਊਲਾਨ ਤੋਂ ਲਿਊ ਚਿਨਕਵਾਈ ਦੀ ਗੁੜਗੁੜੀ ਦੀ ਮਾਰ ਨਾਲ ਮੱਥੇ ਤੇ ਪਏ ਨਿਸ਼ਾਨ ਤੇ ਆਪਣਾ ਹੱਥ ਰੱਖਿਆ ਗਿਆ। ਹੁਣ ਵੀ ਉਸਨੂੰ ਇਸ ਥਾਂ ਹੋ ਰਹੀ ਪੀੜ ਮਹਿਸੂਸ ਹੋਈ। ਲਿਊ ਨੂੰ ਭਾਵੇਂ ਉਹਦੇ ਨਾਲ ਕੀਤੀਆਂ ਅਨੇਕਾਂ ਜ਼ਿਆਦਤੀਆਂ ਭੁੱਲ-ਭੁਲਾ ਗਈਆਂ ਹੋਣ, ਪਰ ਡਿਊਲਾਨ ਨੂੰ ਸਭ ਕੁਝ ਉਵੇਂ ਦਾ ਉਵੇਂ ਯਾਦ ਸੀ।

ਘਰ ਦੇ ਦਰਵਾਜ਼ੇ 'ਚ ਖੜੀ-ਖੜੀ ਦੀ ਉਸਦੀ ਨਿਗਾਹ ਵੱਡੇ ਗੇਟ ਦੇ ਉੱਪਰ ਬਣੀ ਇੱਟਾਂ ਦੀ ਛਾਂਟ ਤੇ ਪਈ, ਉਸਦੀ ਉਮਰ ਦੇ ਬਹੁਤੇ ਵਰ੍ਹੇ ਇਸੇ ਥਾਂ ਰਹਿੰਦਿਆਂ ਹੀ ਲੰਘੇ ਸਨ - ਪਹਿਲਾਂ ਇੱਕ ਨੌਕਰਾਣੀ ਵਜੋਂ ਤੇ ਫਿਰ ਘਰ-ਗ੍ਰਹਿਣੀ ਬਣ ਕੇ। ਪਹਿਲਾਂ ਉਹ ਬਹੁਤ ਗਰੀਬ ਤੇ ਦੁਖੀ ਸੀ ਤੇ ਹੁਣ.. ਹੁਣ ਅਮੀਰ ਨਾ ਹੁੰਦਿਆਂ ਵੀ ਸੁਖੀ ਸੀ। ਜਿਸ ਦਿਨ ਉਹ ਲਿਊ ਦੇ ਘਰੋਂ ਮੱਥੇ 'ਚੋਂ ਵਗਦਾ ਖੂਨ ਲੈ ਕੇ ਨਿਕਲੀ ਸੀ, ਉਸੇ ਦਿਨ ਇਸ ਪਿੰਡ ਦੇ ਗਰੀਬ ਲੋਕਾਂ ਨੇ ਉਸਨੂੰ ਇੱਕ ਛੋਟੀ ਜਿਹੀ ਕੁੱਲੀ ਬਣਾਉਣ 'ਚ ਸਹਾਇਤਾ ਕੀਤੀ ਸੀ।

ਵਿਆਹ ਤੋਂ ਦੂਜੇ ਦਿਨ ਹੀ ਜਦੋਂ ਸਵੋਛੰਗ ਕੋਈ ਛੋਟੇ-ਮੋਟੇ ਕੰਮ ਬਾਹਰ ਚਲਾ ਗਿਆ ਸੀ ਤਾਂ ਉਹ ਵੀ ਐਧਰੋਂ-ਉਧਰੋਂ ਕੁਝ ਨਾ ਕੁਝ ਮੰਗ ਲਿਆਉਣ ਲਈ ਨਿਕਲ ਪਈ ਸੀ। ਹੁਣ ਉਸਨੂੰ ਆਪਣਾ ਰੈਣ-ਬਸੇਰਾ ਬਣਾ ਲੈਣ ਦੀ ਖੁਸ਼ੀ ਸੀ। 1947 ਈ. ਵਿਚ ਜਦੋਂ ਪਿੰਡ ਆਜ਼ਾਦ ਹੋ ਗਿਆ ਤਾਂ ਕਿਸਾਨਾਂ ਨੇ ਲਿਊ ਨਾਲ ਆਪਣੀਆਂ ਪੁਰਾਣੀਆਂ ਦੁਸ਼ਮਣੀਆਂ ਕੱਢੀਆਂ ਸਨ। ਹੁਣ ਦਾ ਬੁੱਢਾ ਪਾਰਟੀ ਸਕੱਤਰ ਉਸ ਸਮੇਂ ਕਿਸਾਨ ਸਭਾ ਦਾ ਪ੍ਰਧਾਨ ਹੁੰਦਾ ਸੀ। ਉਸਨੇ ਸਵੋਛੰਗ ਤੇ ਡਿਊਲਾਨ ਨੂੰ ਲਿਊ ਦੇ ਘਰ ਲੈ ਜਾ ਕੇ ਕਿਹਾ ਸੀ "ਅੱਜ ਤੋਂ ਲਿਊ ਦਾ ਇਹ ਘਰ ਤੁਹਾਡਾ ਹੋਵੇਗਾ। ਇਹ ਤੁਹਾਡੇ ਖੂਨ-ਪਸੀਨੇ ਦੀ ਕਮਾਈ ਨਾਲ ਬਣਿਆ ਹੋਇਆ। ਹੁਣ ਇਹ ਅੱਗੇ ਤੋਂ ਤੁਹਾਡੇ ਪੁੱਤ-ਪੋਤਰਿਆਂ ਕੋਲ ਹੀ ਰਹੇਗਾ।"

ਡਿਊਲਾਨ ਉਸ ਘਰ ਦੇ ਵੱਡੇ ਗੇਟ ਤੇ ਖੜੀ ਰੋਣ ਲੱਗ ਪਈ ਸੀ। ਉਸ ਦਿਨ ਤੋਂ ਪਿੱਛੋਂ ਅੱਜ ਦਿਨ ਤੱਕ ਉਸਨੂੰ ਇਹ ਕਦੀਂ ਨਹੀਂ ਸੀ ਲੱਗਾ ਕਿ ਇਹ ਮਕਾਨ ਮੁੜ ਉਸਤੋਂ ਖੋਹ ਲਿਆ ਜਾਵੇਗਾ। ਉਹਨਾਂ ਦਿਨਾਂ 'ਚ ਵੀ ਨਹੀਂ ਜਦੋਂ ਹਾਲਾਤ ਬਹੁਤ ਹੀ ਖਰਾਬ ਹੋ

ਗਏ ਸਨ।

1947 'ਚ ਜਦੋਂ ਕੌਮਿਨਤਾਂਗ ਨੇ ਮੁਕਤ ਹੋਏ ਬੇਸ-ਏਰੀਏ ਤੇ ਹਮਲਾ ਕੀਤਾ ਤਾਂ ਜ਼ਿਮੀਂਦਾਰਾਂ ਦੇ ਘਰ ਵਾਪਸ ਕਰਵਾਉਣ ਵਾਲੀ ਫੌਜੀ ਟੁਕੜੀ ਇਸ ਪਿੰਡ ਵਿਚ ਪੁੱਜ ਗਈ ਸੀ ਤਾਂ ਥੋੜ੍ਹੇ ਕੁ ਡਰਪੋਕ ਕਿਸਮ ਦੇ ਪਿੰਡ ਵਾਸੀਆਂ ਨੇ ਭੂਮੀ ਸੁਧਾਰ ਵੇਲੇ ਦੀਆਂ ਮਿਲੀਆਂ ਕਈ ਸਾਰੀਆਂ ਚੰਗੀਆਂ ਚੀਜ਼ਾਂ-ਵਸਤਾਂ ਵੀ ਲਿਊ ਨੂੰ ਅੱਪੜਦੀਆਂ ਕਰ ਦਿੱਤੀਆਂ ਸਨ। ਡਿਊਲਾਨ ਨੇ ਉਸ ਵੇਲੇ ਵੀ ਕੁਝ ਨਹੀਂ ਸੀ ਮੋੜਿਆ। ਲਿਊ ਚਿਨਕਵਈ ਏਨਾ ਤਾਂ ਹੁਸ਼ਿਆਰ ਹੈਗਾ ਹੀ ਸੀ, ਉਸਨੇ ਛੇਤੀ ਦੇਣੀ ਕੋਈ ਅਣਉੱਚਿਤ ਕਾਰਵਾਈ ਨਹੀਂ ਸੀ ਕੀਤੀ।

ਕੌਮਿਨਤਾਂਗ ਫੌਜਾਂ ਜਦੋਂ ਚੀਨ ਦੀ ਧਰਤੀ ਤੋਂ ਪਿਛਾਂਹ ਹਟ ਗਈਆਂ ਤਦ ਲਿਊ ਚਿਨਕਵਾਈ ਤੇ ਉਸਦਾ ਪੁੱਤਰ ਦੌੜ ਕੇ ਪਹਿਲਾਂ ਤਾਇਵਾਨ ਪੁੱਜ ਗਏ, ਫਿਰ ਵਿਦੇਸ਼ ਚਲੇ ਗਏ। 1962 ਵਿਚ ਜਦੋਂ ਕੌਮਿਨਤਾਂਗ ਨੇ, ਸੀਮਾ ਨਾਲ ਲੱਗਦੇ ਇਲਾਕਿਆਂ ਦੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਛੋਟੀ-ਮੋਟੀ ਫੌਜੀ ਕਾਰਵਾਈ ਫਿਰ ਚਾਲੂ ਕਰ ਦਿੱਤੀ ਤਾਂ ਉਸ ਸਮੇਂ ਸਵੋਛੰਗ ਘਬਰਾ ਗਿਆ ਸੀ। ਪਰ ਡਿਊਲਾਨ ਉਦੋਂ ਵੀ ਨਹੀਂ ਸੀ ਡਰੀ। ਉਸਦਾ ਵਿਸ਼ਵਾਸ ਸੀ ਕਿ ਕਮਿਊਨਿਸਟ ਰਾਜਪ੍ਰਬੰਧ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ।

ਫਿਰ ਵੱਡੇ ਜ਼ਿਮੀਂਦਾਰਾਂ ਤੇ ਧਨੀ ਕਿਸਾਨਾਂ ਦਾ ਮੁੜ ਤੋਂ ਵਰਗੀਕਰਨ ਕਰ ਦਿੱਤਾ ਗਿਆ। ਉਹ ਪਹਿਲਾਂ ਵਾਲੀ ਜਮਾਤ 'ਚ ਨਹੀਂ ਸੀ ਰਹੇ। ਇਹ ਇਸ ਕਾਰਨ ਹੋਇਆ ਸੀ ਕਿ ਉਹ ਵਰ੍ਹਿਆਂ ਤੋਂ ਦੱਬੇ-ਕੁਚਲੇ ਰਹੇ ਸਨ। ਉਹਨਾਂ ਵਿਚੋਂ ਕਈਆਂ ਨੇ ਨਵੇਂ ਪ੍ਰਬੰਧ ਅਨੁਸਾਰ ਜੀਣਾ ਸ਼ੁਰੂ ਕਰ ਦਿੱਤਾ ਸੀ। ਪਰ ਸੁੰਨ ... ਸੁੰਨ ਕਿਹੜੀ ਚਾਲ ਚੱਲ ਰਿਹਾ ਸੀ? ਕੀ ਉਸਨੂੰ ਕਮਿਊਨਿਸਟਾਂ ਨੇ ਕੋਈ ਇਸ਼ਾਰਾ ਕੀਤਾ ਸੀ? ਜਾਂ...!"

ਡਿਊਲਾਨ ਨੂੰ ਗਰਮੀ ਲੱਗਣ ਲੱਗੀ। ਉਸਦਾ ਸਿਰ ਭਾਰਾ-ਭਾਰਾ ਹੋਣ ਲੱਗ ਪਿਆ। ਖੂਹ ਵੱਲ ਜਾਣ ਦੀ ਥਾਂ ਉਹ ਆਪਣੇ ਕਮਰੇ ਅੰਦਰ ਗਈ ਤੇ ਬਿਸਤਰੇ 'ਤੇ ਲੇਟ ਗਈ। ਸਵੋਛੰਗ ਨੇ ਡਾਕਟਰ ਨੂੰ ਸੱਦ ਲਿਆਉਣ ਅਤੇ ਉਸ ਲਈ ਮੂੰਗੀ ਦਾ ਸੂਪ ਬਣਾਉਣ ਬਾਰੇ ਉਸਤੋਂ ਪੁੱਛਿਆ ਤਾਂ ਉਸਨੇ ਤੁਰੰਤ ਉੱਤਰ ਦਿੱਤਾ "ਐਡੇ ਵੱਡੇ ਝੰਜਟ ਦੀ ਲੋੜ ਨਹੀਂ, ਤੂੰ ... ਤੂੰ ਬੱਸ ਮੇਰਾ ਸਿਰ ਘੁੱਟ ਦੇ।"

ਸਵੋਛੰਗ ਆਪਣੇ ਹੱਥਾਂ ਦੇ ਅੰਗੂਠਿਆਂ ਨਾਲ ਉਸਦੇ ਮੱਥੇ ਦੀ ਮਾਲਿਸ਼ ਕਰਨ ਲੱਗ ਪਿਆ ਸੀ।

ਸ਼ਾਮੀ ਜਦ ਪਾਰਟੀ ਸਕੱਤਰ ਆਇਆ ਤਾਂ ਡਿਊਲਾਨ ਨੇ ਉਸਤੋਂ ਪੁੱਛਿਆ - "ਕੀ ਏਹ ਸੱਚ ਐ ਕਿ ਪੁਰਾਣਾ ਪ੍ਰਬੰਧ ਫਿਰ ਤੋਂ ਚਾਲੂ ਹੋ ਜਾਵੇਗਾ?"

ਪਾਰਟੀ ਸਕੱਤਰ ਨੇ ਆਪਣੀ ਗੁੜਗੁੜੀ ਮਘ੍ਹਾ ਕੇ ਉਸਦੇ ਲਾਗੇ ਬੈਠ ਕੇ ਮੁਸਕਰਾਉਂਦੇ ਨੇ ਕਿਹਾ - "ਮੈਨੂੰ ਹੈਰਾਨੀ ਐ ਕਿ ਤੇਰੇ ਵਰਗੀ ਅਡੋਲ ਇਸਤਰੀ ਵੀ ਇਹੋ ਜਿਹਾ ਸਵਾਲ



ਕਰਨ ਲੱਗੀ ਆ।"

ਸਵੋਛੰਗ ਨੇ ਪਤਨੀ ਵੱਲ ਦੀ ਗੱਲ ਕਰਦਿਆਂ ਕਿਹਾ - "ਡਿਊਲਾਨ ਠੀਕ ਹੀ ਤਾਂ ਪੁੱਛਦੀ ਹੈਗਾ। ਲੱਗਦਾ ਹਵਾ ਫਿਰ ਤੋਂ ਧਨੀ ਤੇ ਸ਼ਕਤੀ ਸੰਪੰਨ ਲੋਕਾਂ ਦੇ ਹੱਕ 'ਚ ਵਗਣ ਲੱਗ ਪਈ ਐ।"

"ਬੇਵਕੂਫਾਂ ਵਾਲੀਆਂ ਗੱਲਾਂ ਨਾ ਕਰ ਸਵੋਛੰਗ। ਯਾਦ ਰੱਖ ਇਹ ਇੱਕ ਕਮਿਊਨਿਸਟ ਦੇਸ਼ ਹੈ।"

"ਡਾਇਰੈਕਟਰ ਸੁੰਨ ਵਰਗੇ ਕਮਿਊਨਿਸਟਾਂ ਲਈ ਮੇਰੇ ਦਿਲ 'ਚ ਕੋਈ ਜਗ੍ਹਾ ਨਹੀਂ"

"ਤਾਂ ਫਿਰ ਤੂੰ ਉਸ ਨਾਲ ਸਵਾਲ-ਜਵਾਬ ਕਿਉਂ ਨਹੀਂ ਕੀਤੇ?"

ਡਿਊਲਾਨ ਨੇ ਆਪਣੇ ਪਤੀ ਵੱਲ ਨੂੰ ਰੋਸ ਭਰੀਆਂ ਨਜ਼ਰਾਂ ਨਾਲ ਦੇਖਿਆ "ਏਹ ਤਾਂ ਡਰ ਦਾ ਮਾਰਾ ਅੰਦਰ ਈ ਜਾ ਲੁਕਿਆ ਸੀ।"

ਪਾਰਟੀ ਸਕੱਤਰ ਨੇ ਸਵੋਛੰਗ ਨੂੰ ਪਈ ਝਾੜ ਕਾਰਨ ਉਸਦੇ ਰੰਗ ਬਦਲੇ ਚਿਹਰੇ ਵੱਲ ਨੂੰ ਦੇਖਿਆ ਤਾਂ ਹੱਸ ਪਿਆ। ਡਿਊਲਾਨ ਨੇ ਬੋਲਣਾ ਜਾਰੀ ਰੱਖਿਆ "ਪਰ ਸੁੰਨ ਤਾਂ ਏਥੇ ਕਮਿਊਨਿਸਟ ਅਫ਼ਸਰ ਦੀ ਹੈਸੀਅਤ ਵਜੋਂ ਹੀ ਆਇਆ ਸੀ ਨਾ।"

ਸਕੱਤਰ ਨੇ ਆਪਣੀ ਗੁੜਗੁੜੀ ਦਾ ਖਿੱਚਵਾਂ ਕਸ਼ ਲਾਇਆ ਤਾਂ ਇਸ ਅੰਦਰਲਾ ਤਮਾਖੂ ਮਘ੍ਹ ਕੇ ਲਾਲ ਹੋ ਗਿਆ "ਇਹ ਤੂੰ ਇੱਕ ਬਹੁਤ ਹੀ ਕੰਮ ਦੀ ਗੱਲ ਕੀਤੀ ਐ। ਉਹਦੇ ਵਰਗੇ ਨਾਲਾਇਕ ਕਮਿਊਨਿਸਟਾਂ ਕਾਰਨ ਹੀ ਸਾਡੀ ਪਾਰਟੀ ਦੇ ਵਕਾਰ ਨੂੰ ਵੱਡਾ ਧੱਕਾ ਲੱਗਾ ਤੇ ਲੋਕ ਹੁਣ ਪਹਿਲਾਂ ਵਾਂਗ ਸਾਡੇ ਤੇ ਵਿਸ਼ਵਾਸ ਨਹੀਂ ਕਰ ਰਹੇ। ਸੁੰਨ ਤੇ ਉਸਦੇ ਵਰਗੇ ਹੋਰ ਲੋਕ ਰਾਜਨੀਤਿਕ ਹਵਾ ਦੇ ਅਨੁਸਾਰੀ ਹੋ ਕੇ ਹੀ ਤੁਰਨਾ ਜਾਣਦੇ ਨੇ। ਉਹ ਆਪਣੀ ਸ਼ਕਤੀ ਦਾ ਪ੍ਰਯੋਗ ਲੋਕਾਂ ਨੂੰ ਡਰਾਉਣ-ਧਮਕਾਉਣ ਲਈ ਹੀ ਕਰਦੇ ਹਨ। ਉਹ ਸਾਰੇ ਦੇ ਸਾਰੇ ਜਾਹਲ ਤੇ ਨਿਕੰਮੇ ਹਨ। ਇਹੋ ਜਿਹੇ ਲੋਕੀਂ ਜੋ ਕਹਿੰਦੇ ਆ, ਜੋ ਕਰਦੇ ਆ, ਉਹਨਾਂ ਦੇ ਇਸ ਕਿਰਦਾਰ ਤੋਂ ਸਾਨੂੰ ਕਮਿਊਨਿਸਟ ਪਾਰਟੀ ਦੀ ਕਾਰਗੁਜ਼ਾਰੀ ਬਾਰੇ ਕੋਈ ਝੱਟਪਟ ਦਾ ਫੈਸਲਾ ਨਹੀਂ ਕਰ ਲੈਣਾ ਚਾਹੀਦਾ। ਕਿਉਂ ਸਵੋਛੰਗ ਠੀਕ ਐ ਨਾ?"

"ਜੀ ਮੈਂ ਤੁਹਾਡੇ ਨਾਲ ਸਹਿਮਤ ਹਾਂ।"

ਸੋਚਵਾਨ ਹੋਈ ਡਿਊਲਾਨ ਆਪਣੇ ਬੁੱਲ੍ਹ ਚਬਾ ਰਹੀ ਸੀ।

ਪਾਰਟੀ ਸਕੱਤਰ ਨੂੰ ਗੁੜਗੁੜੀ 'ਚੋਂ ਸੁਆਹ ਝਾੜਦੇ ਨੇ ਪੁੱਛਿਆ - "ਕਿਉਂ ਡਿਊਲਾਨ ਤੇਰਾ ਕੀ ਵਿਚਾਰ ਹੈ?"

ਮੁਸਕਰਾਉਂਦੀ ਹੋਈ ਡਿਊਲਾਨ ਨੇ ਉਲਟ-ਵਾਰ ਕਰਦੀ ਨੇ ਉਸਨੂੰ ਪੁੱਛ ਲਿਆ, 'ਅੱਛਾ ਕੱਲ ਨੂੰ ਆਪਾਂ ਨੇ ਕੀ ਕਰਨਾ?"

"ਪ੍ਰਾਹੁਣੇ ਨੂੰ ਜੀ ਆਇਆਂ ਤੂੰ ਕਹਿਣਾ ਹੀ ਕਹਿਣਾ। ਬਾਕੀ ਜਿੱਦਾਂ ਤੇਰੀ ਮਰਜ਼ੀ ਐ ਕਰ ਲਈ। ਅਸੀਂ ਸਾਰੀ ਗੱਲ ਤੇਰੇ ਤੇ ਸੁੱਟ ਦਿੱਤੀ ਐ।"

ਸਕੱਤਰ ਨੇ ਡਿਊਲਾਨ ਨੂੰ ਦੱਸਿਆ ਕਿ ਥੋੜਾ ਕੁ ਚਿਰ ਪਹਿਲਾਂ ਜ਼ਿਲਾ ਕਲਰਕ ਦਾ

ਫੋਨ ਆਇਆ ਸੀ ਕਿ ਪਾਰਟੀ ਸਕੱਤਰ ਚਾਂਗ ਨੇ ਸੁੰਨ ਦੀ ਕਾਫ਼ੀ ਖੁੰਭ ਠੱਪੀ ਐ। ਉਸਨੇ ਸੁੰਨ ਨੂੰ ਸਾਫ ਸ਼ਬਦਾਂ 'ਚ ਕਹਿ ਦਿੱਤਾ ਐ ਕਿ ਇਹ ਫੈਸਲਾ ਕਰਨਾ ਪਿੰਡ ਵਾਲਿਆਂ ਦਾ ਕੰਮ ਐ ਕਿ ਲਿਊ ਚਿਨਕਵਈ ਦਾ ਸੁਆਗਤ ਉਹਨਾਂ ਕਿੱਦਾਂ ਕਰਨਾ। ਕਿਉਂਕਿ ਉਹ ਏਥੇ ਸੈਰ ਕਰਨ ਹੀ ਆ ਰਿਹਾ। ਕੱਲ ਨੂੰ ਜ਼ਿਲਾ ਪ੍ਰਸ਼ਾਸਨ ਨੇ ਲਿਊ ਲਈ ਸਿਰਫ਼ ਇੱਕ ਕਾਰ ਹੀ ਦੇਣੀ ਐ ਸਫ਼ਰ ਲਈ। ਹੋਰ ਕੋਈ ਵੀ ਬੰਦਾ ਉਸ ਨਾਲ ਨਹੀਂ ਹੋਵੇਗਾ।

ਡਿਊਲਾਨ ਨੇ ਤਸੱਲੀ ਭਰੇ ਸਾਹ ਲਏ।

ਸਕੱਤਰ ਨੇ ਮੰਨਿਆ ਕਿ ਪਹਿਲਾਂ ਤਾਂ ਮੈਨੂੰ ਵੀ ਪਤਾ ਨਹੀਂ ਸੀ ਲੱਗਦਾ। ਮੈਂ ਸੋਚਦਾ ਸੀ ਕਿ ਸਾਨੂੰ ਆਪਣੇ ਕੱਟੜ ਦੁਸ਼ਮਣ ਦਾ ਸੁਆਗਤ ਇੱਕ ਖ਼ਾਸ ਮਹਿਮਾਨ ਵਜੋਂ ਨਹੀਂ ਕਰਨਾ ਚਾਹੀਦਾ। ਪਰੰਤੂ ਪਿੱਛੋਂ ਮੈਂ ਮਹਿਸੂਸ ਕੀਤਾ, ਮੈਂ ਸਮੇਂ ਨਾਲੋਂ ਕਾਫੀ ਪੱਛੜ ਗਿਆ ਹਾਂ। ਅਸੀਂ ਉਸ ਵਰਗੇ ਲੋਕਾਂ ਨਾਲ ਵਰ੍ਹਿਆਂ ਭਰ ਤੋਂ ਦੁਸ਼ਮਣਾਂ ਵਰਗਾ ਸਲੂਕ ਕਰਦੇ ਆਏ ਹਾਂ। ਇਹ ਅਨਿਆਏ ਹੈ। ਜੇ ਇਹਨਾਂ ਲੋਕਾਂ ਦਾ ਵਰਤਾਓ ਠੀਕ ਹੋ ਜਾਵੇ ਤੇ ਉਹ ਵੀ ਪਾਰਟੀ ਅਤੇ ਸਮਾਜਵਾਦ ਦਾ ਸਮਰਥਨ ਕਰਨ ਲੱਗ ਪੈਣ ਤਾਂ ਉਹਨਾਂ ਨਾਲ ਹਮੇਸ਼ਾ ਲਈ ਮੱਤਭੇਦ ਬਣਾਈ ਰੱਖਣਾ ਗਲਤ ਗੱਲ ਹੋਵੇਗੀ। ਔਰ ਫਿਰ ਲਿਊ ਚਿਨਕਵਈ ਤਾਂ ਦੇਸ਼ ਭਗਤ ਹੈ, ਚੀਨ ਵਾਸੀ ਐ।"

ਸਵੋਛੰਗ ਬੜੇ ਧਿਆਨ ਨਾਲ ਸੁਣਦਾ ਰਿਹਾ ਸੀ।

ਆਪਣਾ ਸਿਰ ਉਤਾਂਹ ਕਰਦੀ ਡਿਊਲਾਨ ਨੇ ਕਿਹਾ – "ਇਉਂ ਕਰੋ ਪਾਰਟੀ ਸਕੱਤਰ ਚਾਂਗ ਨੂੰ ਫੋਨ ਕਰਕੇ ਦੱਸ ਦਿਓ ਕਿ ਮੇਰੀ ਅੰਤਰ ਆਤਮਾ ਵੀ ਇੱਕ ਚੀਨੀ ਦੀ ਹੈ ਹੈ ਤੇ ਮੈਂ ਕਦੀ ਵੀ ਕਮਿਊਨਿਸਟ ਪਾਰਟੀ ਦੀ ਕੋਈ ਬਦਖੋਈ ਨਹੀਂ ਕਰਾਂਗੇ ਤੇ ਤੇ ਕਿਰਪਾ ਕਰਕੇ ਮੇਰੇ ਵਲੋਂ ਲਿਊ ਨੂੰ ਏਥੇ ਆਉਣ ਦਾ ਨਿਮੰਤਰਣ ਦੇ ਦਿਓ।"

ਸਕੱਤਰ ਪ੍ਰਸੰਨਚਿੱਤ ਹੋ ਗਿਆ।

ਸਵੋਛੰਗ ਨੇ ਪੁੱਛਿਆ – "ਇਸ ਖੂਹ ਦਾ ਕੀ ਕਰਨਾ?"

"ਇਸਨੂੰ ਪੁੱਟਣਾ ਚਾਲੂ ਰੱਖੋ।"

**4.**

ਖੂਹ ਦੀ ਵੱਟ ਦੇ ਸਹਾਰੇ, ਇੱਕ ਰੇੜ੍ਹੀ ਉਲਟੀ ਕਰਕੇ ਰੱਖੀ ਹੋਈ ਸੀ। ਜਿਸਦੇ ਪਹੀਏ ਤੋਂ ਸਵੋਛੰਗ ਤੇ ਉਸਦਾ ਪਰਿਵਾਰ ਵਾਲੇ ਖੂਹ ਅੰਦਰੋਂ ਪੱਥਰ-ਮਿੱਟੀ ਦੀਆਂ ਭਰੀਆਂ ਟੋਕਰੀਆਂ ਬਾਹਰ ਕੱਢਣ ਲਈ ਘਰੇੜੀ ਦਾ ਕੰਮ ਲੈਂਦੇ ਸਨ। ਉਹ ਸਾਰੇ ਖੂਹ ਪੁੱਟਣ ਲੱਗੇ ਹੋਏ ਸਨ, ਇੱਕਠੇ ਹੋ ਕੇ। ਵਿਚਵਾਰ ਡਿਊਲਾਨ ਹੱਲਾ-ਸ਼ੇਰੀ ਦੇਣ ਲਈ 'ਖਿੱਚ ਕੀਲੀ .... ਹਈ ਸ਼ਾਵਾ' ਦੀਆਂ ਅਵਾਜ਼ਾਂ ਕੱਸਦੀ ਰਹਿੰਦੀ।

ਇੱਕ ਦਿਨ ਸਵੇਰ ਵੇਲੇ ਦੀ ਧੁੱਪ ਸਾਰੇ ਵਿਹੜੇ 'ਚ ਪਸਰੀ ਪਈ ਸੀ। ਸੂਰ ਆਪਣਾ ਰੱਜ ਮਾਰ ਕੇ ਵਾੜੇ ਦੀਆਂ ਕੰਧਾਂ ਨਾਲ ਪਿੱਠਾਂ ਰਗੜ ਰਹੇ ਸਨ। ਇੱਕ ਵੱਡਾ ਸਾਰਾ ਚਿੱਟਾ ਕੁੱਕੜ ਕੰਧ ਤੇ ਖੜਾ ਬਾਂਗਾਂ ਦੇ ਰਿਹਾ ਸੀ। ਹਵਾ ਚੱਲਦੀ ਹੋਣ ਕਾਰਨ ਝੌਂਪੜੀ ਦੇ ਛੱਪਰ



ਤੇ ਵਿਛੀ ਕੱਦੂ ਦੀ ਵੇਲ ਵਿਚੋਂ ਤ੍ਰੇਲ ਤੁਪਕੇ ਹੇਠਾਂ ਡਿੱਗ ਰਹੇ ਸਨ।

ਇੱਕ ਖਾਲੀ ਟੋਕਰੀ ਖੂਹ 'ਚ ਲਮਕਾਉਣ ਪਿੱਛੋਂ ਡਿਊਲਾਨ ਨੇ ਮੱਥੇ ਤੋਂ ਪਸੀਨਾ ਪੂੰਝਿਆ ਤੇ ਸਹਿਜ ਦੇਣੀ ਬੋਲੀ "ਤੀਹ ਵਰ੍ਹੇ ਲੰਘ ਚੁੱਕੇ ਆ, ਹੁਣ ਤਾਂ ਉਹ ਬੁੱਢਾ ਲੱਗਣ ਲੱਗ ਪਿਆ ਹੋਣਾ।"

ਸਵੋਛੰਗ ਨੇ ਵੀ ਉਸਦੇ ਆਖੇ ਦਾ ਸਮਰਥਨ ਕੀਤਾ, "ਹੁਣ ਤਾਂ ਉਸਦੀ ਉਮਰ ਸੱਤਰ ਸਾਲਾਂ ਤੋਂ ਵੀ ਉੱਪਰ ਹੋਣੀ ਆ।"

"ਮੈਥੋਂ ਤਾਂ ਉਹ ਭਾਵੇਂ ਪਛਾਣਿਆ ਵੀ ਨਾ ਜਾਵੇ।"

"ਜਾਪਾਨ ਜਾ ਕੇ ਹੋਰ ਵਿਆਹ ਵੀ ਕਰਵਾ ਲਿਆ ਸੀ?"

"ਮੈਨੂੰ ਜਿੱਥੋਂ ਤੱਕ ਜਾਣਕਾਰੀ ਐ, ਉਸਨੇ ਇਉਂ ਨਹੀਂ ਕੀਤਾ।"

"ਉਥੋਂ ਦੀ ਆਰਾਮ-ਪ੍ਰਸਤੀ ਛੱਡ ਕੇ, ਹੁਣ ਏਥੇ ਕੀ ਕਰਨ ਆ ਗਿਆ?ਆਪਣੀ ਜ਼ਮੀਨ ਜਾਇਦਾਦ ਵਾਪਸ ਲੈਣ। ਸਕੱਤਰ ਚਾਂਗ ਤਾਂ ਕਹਿੰਦਾ ਸੀ ਉਹ ਸਿਰਫ਼ ਘੁੰਮਣ ਫਿਰਨ ਈ ਆਇਆ। ਕੀ ਤੇਰੇ ਇਹ ਗੱਲ ਮੰਨਣ 'ਚ ਆਉਂਦੀ ਐ?"

"ਆਪਣਾ ਦੇਸ਼ ਛੱਡਣਾ ਬੜਾ ਮੁਸ਼ਕਲ ਹੁੰਦਾ। ਜਦੋਂ ਉਹ ਏਥੋਂ ਜਾਣ ਲੱਗਾ ਸੀ ਤਾਂ ਸਾਡੇ ਗੁਆਂਢੀਆਂ ਨੇ ਉਸਨੂੰ ਰੋਂਦੇ ਨੂੰ ਦੇਖਿਆ ਸੀ। ਵਿਚਾਰਾ....!"

ਸਵੋਛੰਗ ਨੂੰ ਗੁੱਸਾ ਆ ਗਿਆ – "ਜਦ ਉਹਨੇ ਸਾਡੇ ਤੇ ਕਦੀ ਤਰਸ ਨਹੀਂ ਕੀਤਾ, ਹੁਣ ਤੈਨੂੰ ਉਸ ਤੇ ਕਿਉਂ ਤਰਸ ਆਈ ਜਾਂਦਾ?"

ਉਹ ਤਾਂ ਹੁਣ ਪੁਰਾਣੀਆਂ ਗੱਲਾਂ ਨੇ। ਜੋ ਬੀਤ ਗਿਆ, ਉਸਨੂੰ ਭੁਲਾ ਦੇਣ 'ਚ ਹੀ ਭਲਾਈ ਐ।

ਖੂਹ ਵਿਚ ਚਲਦੇ ਕੰਮ ਦੀ ਜਾਣਕਾਰੀ ਨਾਲੋ-ਨਾਲ ਮਿਲ ਰਹੀ ਸੀ। ਹੁਣ ਅਸੀਂ ਗਿੱਲੀ ਮਿੱਟੀ ਤੱਕ ਅੱਪੜ ਗਏ ਆਂ ... ਹੁਣ ਸਾਨੂੰ ਪਾਣੀ ਦੀ ਧਾਰ ਜਿਹੀ ਨਜ਼ਰੀ ਪਈ ਐ। ਹੁਣ ਸਾਨ...।" ਇਵੇ ਹੀ ਹੋਰ ਵੀ।

ਤਿੰਨਾਂ ਦਿਨਾਂ ਦੀ ਸਖ਼ਤ ਮਿਹਨਤ ਪਿੱਛੋਂ ਖੂਹ ਤੀਹ ਫੁੱਟ ਡੂੰਘਾ ਪੁੱਟ ਲਿਆ ਗਿਆ ਸੀ।

ਅਗਲੀ ਸਵੇਰ ਨੌਂ ਕੁ ਵਜੇ ਇੱਕ ਕਾਰ ਦੇ ਇੰਜਣ ਦੀ ਘੁਰ-ਘੁਰ ਸੁਣਾਈ ਦਿੱਤੀ। ਸਵੋਛੰਗ ਨੇ ਘਬਰਾਉਂਦੇ ਹੋਏ ਨੇ ਕਿਹਾ, "ਲੈ... ਉਹ ਆ ਗਿਆ।"

ਡਿਊਲਾਨ ਨੇ ਪਲ ਭਰ ਲਈ ਕੁਝ ਸੋਚ-ਵਿਚਾਰ ਕੀਤੀ ਤੇ ਕਿਹਾ "ਸ਼ਿਨਹੂਵਾਏ ਦੇ ਪਾਪਾ, ਤੂੰ ਜਾ ਕੇ ਸਾਫ਼ ਕੱਪੜੇ ਪਾ ਲੈ, ਬਿਸਤਰੇ ਦੇ ਗੱਦੇ ਦੇ ਥੱਲੇ ਪਏ ਆ।

ਉਸਦੇ ਅੰਦਰ ਜਾਣ ਪਿੱਛੋਂ ਡਿਊਲਾਨ ਨੇ ਆਪਣੇ ਪੁੱਤਰ ਨੂੰ ਕਿਹਾ – "ਤੂੰ ਆਪਣੀ ਸਾਈਕਲ ਤੇ ਜਾ ਕੇ ਪਿੰਡ ਦੇ ਚੜ੍ਹਦੀ ਬਨਿਓਂ ਥੋੜ੍ਹਾ ਕੁ ਚਰਬੀ ਵਾਲਾ ਮੀਟ ਲੈ ਆ। ਉਹਦੇ ਲਈ ਮੀਟ ਦੇ ਸਮੋਸੇ ਬਣਾਈਏ। ਉਹਨੂੰ ਏਹ ਬਹੁਤ ਪਸੰਦ ਨੇ।"

ਸ਼ਿਨਹੂਵਾਏ ਦੇ ਜਾਣ ਪਿੱਛੋਂ, ਸਵੋਛੰਗ ਨੇ ਖਿੜਕੀ ਦੇ ਵਾਧਰੇ 'ਤੇ ਪਈ ਸਿਗਰਟਾਂ

ਦੀ ਡੱਬੀ ਚੁੱਕੀ ਤੇ ਹੇਠਾਂ ਖੂਹ ਅੰਦਰ ਕੰਮ ਕਰਦੇ ਬੰਦਿਆਂ ਵੱਲ ਸੁੱਟਦੇ ਨੇ ਕਿਹਾ - "ਮੁਆਫ਼ ਕਰਨਾ, ਘਰ ਪ੍ਰਾਹੁਣੇ ਆ ਗਏ ਐ, ਜਦ ਪਾਣੀ ਨਿਕਲ ਆਇਆ, ਖ਼ਬਰ ਕਰ ਦੇਣਾ।"

ਸਾਰੇ ਪ੍ਰਬੰਧ ਮੁਕੰਮਲ ਕਰਕੇ ਡਿਊਲਾਨ ਨੇ ਵੀ ਆਪਣੇ ਕੱਪੜੇ ਝਾੜੇ ਤੇ ਵੱਡੇ ਗੇਟ ਤੇ ਜਾ ਖਲੋਈ।

ਇੱਕ ਕੰਬਦਾ-ਕੰਬਦਾ, ਮੱਧਰਾ ਜਿਹਾ ਬੁੱਢਾ ਅੰਦਰ ਆਇਆ। ਉਸਦੇ ਪਿੱਛੇ-ਪਿੱਛੇ ਨਿਆਣਿਆਂ ਦੀ ਭੀੜ ਸੀ। ਉਸਦੇ ਝੁਰੜੀਆਂ ਭਰੇ, ਮੁਰਝਾਏ ਚਿਹਰੇ ਤੇ ਬਿਰਧ ਉਮਰਾਂ ਦੇ ਨਿਸ਼ਾਨ ਸਾਫ ਦਿਖਾਈ ਦੇ ਰਹੇ ਸਨ। ਉਸਦੀਆਂ  ਲੱਤਾਂ ਬਹੁਤ ਕਮਜ਼ੋਰ ਸਨ ਤੇ ਉਸਨੂੰ ਤੁਰਨ-ਫਿਰਨ ਲਈ ਖੂੰਡੀ ਦਾ ਆਸਰਾ ਲੈਣਾ ਪੈ ਰਿਹਾ ਸੀ। ਉਸਦੀ ਕਮਰ ਵੀ ਝੁਕ ਗਈ ਸੀ। ਉਸਦੇ ਖੱਬੇ ਹੱਥ 'ਚ ਹੁਣ ਵੀ ਇੱਕ ਗੁੜਗੁੜੀ ਫੜੀ ਹੋਈ ਸੀ। ਜਿਸ ਵਿਚੋਂ ਧੂੰਆਂ ਉੱਠ ਰਿਹਾ ਸੀ।

ਗੁੜਗੁੜੀ ਨੂੰ ਦੇਖਦਿਆਂ ਸਾਰ ਡਿਊਲਾਨ ਖਿਝ ਗਈ।

ਲਿਊ ਕਾਲੇ ਵੱਡੇ ਗੇਟ ਨੇੜੇ ਪੁੱਜ ਕੇ ਥੋੜ੍ਹਾ ਕੁ ਰੁਕਿਆ ਤੇ ਲਾਗੇ ਖੜੀ ਇਸਤਰੀ ਵੱਲ ਨੂੰ ਦੇਖਦਾ ਅੱਖਾਂ ਝਮਕਣ ਲੱਗਾ। ਉਸਨੇ ਭੈੜਾ ਜਿਹਾ ਮੁਸਕਰਾਉਂਦੇ ਨੇ ਪਹਿਚਾਣੇ ਬਿਨਾਂ ਹੀ ਸਿਰ ਹਿਲਾਇਆ। ਅਚਨਚੇਤ ਉਸਦੇ ਹੱਥ ਕੰਬ ਗਏ ਤੇ ਗੁੜਗੁੜੀ ਹੇਠਾਂ ਡਿੱਗ ਪਈ। ਹੁਣ ਉਸਨੇ ਸਾਹਮਣੇ ਖੜੀ ਇਸਤਰੀ ਦੇ ਮੱਥੇ ਤੇ ਪਏ ਜ਼ਖ਼ਮ ਦੇ ਨਿਸ਼ਾਨ ਨੂੰ ਦੇਖ ਲਿਆ ਸੀ। ਪੀੜ-ਪੀੜ ਹੁੰਦੇ ਨੇ ਉਸਨੇ ਆਪਣੀਆਂ ਬੁਝੀਆਂ-ਬੁਝੀਆਂ ਅੱਖਾਂ ਬੰਦ ਕਰ ਲਈਆਂ।

ਡਿਊਲਾਨ ਦੇ ਵੀ ਬੁੱਲ੍ਹ ਕੰਬਣ ਲੱਗ ਪਏ ਸਨ। ਉਸਨੇ ਦਰਵਾਜ਼ੇ ਦੀ ਚੁਗਾਠ ਨੂੰ ਏਨਾਂ ਘੁੱਟ ਕੇ ਫੜਿਆ ਕਿ ਉਸਦੇ ਨਹੁੰ ਪੋਟੇ ਜਿਵੇਂ ਲੱਕੜੀ 'ਚ ਖੁੱਭ ਹੀ ਗਏ।

ਦੋਨਾਂ 'ਚੋਂ ਕਿਸੇ ਨੇ ਵੀ ਕੋਈ ਸ਼ਬਦ ਨਾ ਬੋਲਿਆ।

ਲਾਗੇ ਖੜੇ ਬੱਚਿਆਂ ਚੋਂ ਇਕ ਜਣੇ ਨੇ ਉੱਚੀ ਸਾਰੀ ਆਖਿਆ "ਦੇਖੋ ਦੇਖੋ, ਬੁੱਢੇ ਦੀ ਗੁੜਗੁੜੀ ਈ ਡਿੱਗ ਪਈ।" ਬਾਕੀ ਜਣੇ ਖਿੜ-ਖਿੜਾ ਕੇ ਹੱਸ ਪਏ।

ਡਿਊਲਾਨ ਦੀਆਂ ਭਾਵਨਾਵਾਂ ਦੇ ਅੰਤਰ-ਦਵੰਦ ਨੇ ਉਸਨੂੰ ਝੰਜੋੜਿਆ।

ਉਸਨੇ ਠੱਠਾ ਕਰਦੇ ਬਾਲਾਂ ਨੂੰ ਝਿੜਕ ਦੇ ਦੁੜਾ ਦਿੱਤਾ। ਬੱਚੇ ਉਥੋਂ ਹੱਟ ਕੇ ਥੋੜਾ ਕੁ ਪਰੇ ਜਾ ਫਿਰ ਉਸ ਵੱਲ ਨੂੰ ਵੇਖਣ ਲੱਗ ਪਏ। ਡਿਊਲਾਨ ਨੇ ਅੱਗੇ ਹੋ ਕੇ ਹੇਠਾਂ ਡਿੱਗੀ ਗੁੜਗੁੜੀ ਚੁੱਕੀ। ਇਹ ਉਹੀ ਗੁੜਗੁੜੀ ਸੀ ਤਾਂਬੇ ਦੀ ਬਣੀ। ਹੁਣ ਇਸ ਤੇ ਕਾਫੀ ਸਾਰੀਆਂ ਝਰੀਟਾਂ ਪੈ ਗਈਆਂ ਸਨ।

"ਏਨੇ ਸਾਰੇ ਵਰ੍ਹਿਆਂ 'ਚ ਲਿਊ ਅੰਦਰ ਵੀ ਕੁਝ ਨਾ ਕੁਝ ਤਬਦੀਲੀ ਜ਼ਰੂਰ ਆਈ ਹੋਵੇਗੀ, ਡਿਊਲਾਨ ਦੇ ਅੰਦਰ ਹੀ ਅੰਦਰ ਇਵੇਂ ਦਾ ਵਿਚਾਰ ਸਹਿ-ਸੁਭਾ ਜਾਗਿਆ - ਉੱਭਰਿਆ।



ਲਿਊ ਨੇ ਆਪਣਾ ਕੰਬਦਾ-ਕੰਬਦਾ ਹੱਥ ਅੱਗੇ ਵਧਾਉਂਦੇ ਨੇ ਕਿਹਾ - ਜੇ ਮੈਂ ਭੁਲਦਾ ਨਾ ਹੋਵਾਂ ਤਾਂ ਤੂੰ... ਤੂੰ ਡਿਊਲਾਨ ਹੀ ਹੈਂ ਨਾ। ਤੈਨੂੰ ਅਤੇ ਆਪਣੇ ਜੱਦੀ ਪਿੰਡ ਨੂੰ ਦੇਖ ਕੇ ਮੈਂ ਬਹੁਤ ਖੁਸ਼ ਹਾਂ।" ਗੁੜਗੁੜੀ ਦੀ ਨਲਕੀ ਤੇ ਲੱਗਾ ਘੱਟਾ ਪੂੰਝ ਕੇ ਲਿਊ ਨੂੰ ਪਕੜਾਉਂਦੀ ਡਿਊਲਾਨ ਦੀਆਂ ਅੱਖਾਂ ਵੀ ਭਰ ਆਈਆਂ "ਆਓ ਆਓ ਅੰਦਰ ਲੰਘ ਆਓ। ਸਵੋਛੰਗ ਨੇ ਤੁਹਾਡੇ ਲਈ ਵਧੀਆ ਤਮਾਖੂ ਲਿਆ ਰੱਖਿਆ।"

"ਸਵੋਛੰਗ ਦਾ ਕੀ ਹਾਲ ਐ," ਲਿਊ ਨੇ ਆਪਣੇ ਦੋਨਾਂ ਹੱਥ ਅੱਗੇ ਵਧਾ ਕੇ ਡਿਊਲਾਨ ਤੋਂ ਗੁੜਗੁੜੀ ਫੜ ਲਈ।

"ਠੀਕ ਹੈ, ਸਭ ਪਾਰਟੀ ਦੀ ਮਿਹਰਬਾਨੀ ਐ।" ਉਸਨੇ ਘਰ ਦੇ ਅੰਦਰ ਵੱਲ ਨੂੰ ਮੂੰਹ ਕਰਕੇ ਆਵਾਜ਼ ਮਾਰੀ "ਸ਼ਿਨਹੂਵਾਏ ਦੇ ਪਾਪਾ, ਸਾਡੇ ਘਰ ਪ੍ਰਾਹੁਣੇ ਆਏ ਆ।"

ਕੁੜਤੀ ਦੇ ਬਟਨ ਬੰਦ ਕਰਦਾ ਸਵੋਛੰਗ ਦੌੜਾ-ਦੌੜਾ ਬਾਹਰ ਆਇਆ, ਪਰ ਲਿਊ ਨੂੰ ਦੇਖ ਕੇ ਉਹ ਥਾਏਂ ਰੁਕ ਗਿਆ ਹੈਰਾਨ ਜਿਹੇ ਹੋਏ ਤੋਂ ਉਸੋਂ ਕੁਝ ਨਾ ਬੋਲਿਆ ਗਿਆ।

ਲਿਊ ਨੇ ਵੀ ਭਾਵੁਕ ਹੋਏ ਨੂੰ ਉਸਨੂੰ ਕਿਹਾ, "ਤੂੰ ਵੀ ਬੁੱਢਾ ਹੋ ਗਿਐਂ ਸਵੋਛੰਗ" ਕਿੰਨਾ ਚਿਰ ਚੁੱਪ ਰਹਿਣ ਪਿੱਛੋਂ ਸਵੋਛੰਗ ਨੇ ਉੱਤਰ ਦਿੱਤਾ ਸੀ 'ਮੈਂ ਮੁਰਗਾ ਵਰ੍ਹੇ ਪੈਦਾ ਹੋਇਆ ਸੀ। ਹੁਣ ਸੱਠਾਂ ਸਾਲਾਂ ਦਾ ਹੋ ਗਿਆ।"

ਡਿਊਲਾਨ ਹੱਸ ਪਈ।

ਤਨਾਓ ਖ਼ਤਮ ਹੋ ਚੁੱਕਾ ਸੀ। ਉਹ ਵਿਹੜੇ ਅੰਦਰ ਪ੍ਰਵੇਸ਼ ਕਰ ਆਏ। ਜਦ ਡਿਊਲਾਨ ਨੇ ਲਿਊ ਨੂੰ ਖੂਹ ਬਾਰੇ ਜਾਣਕਾਰੀ ਦਿੱਤੀ ਤਾਂ ਲਿਊ ਨੇ ਕਿਹਾ -"ਏਥੇ ਧਰਤੀ ਹੇਠਾਂ ਬਹੁਤ ਵਧੀਆ ਪਾਣੀ ਐ। ਇਹ ਮਕਾਨ ਬਣਾਉਣ ਲੱਗਿਆ ਮੈਨੂੰ ਵੀ ਖੂਹ ਪੁਟਵਾ ਲੈਣਾ ਚਾਹੀਦਾ ਸੀ। ਪਰ ਮੇਰਾ ਵਿਚਾਰ ਇਸ ਡਰ ਕਾਰਨ ਬਦਲ ਗਿਆ ਸੀ ਕਿ ਖੂਹ ਕਾਰਨ ਮੇਰੇ ਪਰਿਵਾਰ ਤੇ ਕੋਈ ਬਿਪਤਾ ਹੀ ਨਾ ਆ ਡਿੱਗੇ।" ਉਸਨੂੰ ਆਪਣੇ ਪੁਰਾਣੇ ਅੰਧਵਿਸ਼ਵਾਸੀ ਵਿਚਾਰਾਂ ਤੇ ਹਾਸਾ ਆ ਗਿਆ।

ਖੂਹ ਦੇ ਅੰਦਰੋਂ ਆਵਾਜ਼ ਆਈ - "ਪਾਣੀ ਮਿਲ ਗਿਆ ... ਪਾਣੀ।"

ਡਿਊਲਾਨ ਨੇ ਉਤਸ਼ਾਹਤ ਹੁੰਦੀ ਨੇ ਤਾੜੀ ਮਾਰੀ ਤੇ ਖੂਹ ਵੱਲ ਨੂੰ ਨੱਠ ਤੁਰੀ। ਖੂਹ ਅੰਦਰ ਝਾਕਦੀ ਨੇ ਉਸਨੇ ਪੁੱਛਿਆ - "ਕਿੰਨਾਕੁ ਐ, ਬਹੁਤ ਪਾਣੀ ਆ।"

"ਹਾਂ... ਹਾਂ, ਇੱਕ ਛੋਟੇ ਜਿਹੇ ਛੇਕ ਵਿਚੋਂ ਦੀ ਉਛਲ-ਉਛਲ ਕੇ ਨਿਕਲ ਰਿਹਾ।"

ਡਿਊਲਾਨ ਨੇ ਆਪਣੇ ਪਤੀ ਨੂੰ ਆਵਾਜ਼ ਮਾਰ ਕੇ ਕਿਹਾ - "ਸ਼ਿਨਹੂਵਾਏ ਦੇ ਪਾਪਾ ਇੱਕ ਕੌਲੀ ਲੈ ਆ।"

ਡਿਊਲਾਨ ਤੇ ਘੀਆ ਕੱਦੂ ਦੀ ਬਣੀ ਇੱਕ ਵੱਡੀ ਕੌਲੀ ਟੋਕਰੀ 'ਚ ਰੱਖ ਕੇ ਖੂਹ ਵਿਚ ਉਤਾਰ ਦਿੱਤੀ। ਜਦ ਉਹ ਉੱਪਰ ਮੁੜੀ ਤਾਂ ਪਾਣੀ ਨਾਲ ਭਰੀ ਹੋਈ ਸੀ।

"ਸ਼ਿਨਹੂਵਾਏ ਦੀ ਮੰਮੀ, ਜਰਾ ਦੇਖ ਤਾਂ ਪਾਣੀ ਮਿੱਠਾ ਐ ਕਿ ਖਾਰਾ।" ਸਵੋਛੰਗ ਨੇ ਮੰਗ ਕੀਤੀ।

ਡਿਊਲਾਨ ਨੇ ਭਰੀ ਭਰਾਈ ਕੌਲੀ ਪਤਲੀ ਵੱਲ ਨੂੰ ਵਧਾਉਣ ਦੀ ਬਜਾਏ, ਲਿਊ ਵੱਲ ਨੂੰ ਵਧਾ ਦਿੱਤੀ "ਕਿਰਪਾ ਕਰਕੇ ਪਹਿਲਾਂ ਤੁਸੀਂ ਪੀਓ ... ਆਪਣੇ ਪਿੰਡ ਦਾ ਪਾਣੀ ਪਹਿਲਾਂ ਤੁਸੀਂ....।"

ਲਿਊ ਬੇਹੱਦ ਭਾਵੁਕ ਹੋ ਗਿਆ ਸੀ ਤਾਂ ਵੀ ਉਸਦਾ ਕੌਲੀ ਫੜਨ ਦਾ ਹੌਂਸਲਾ ਨਹੀਂ ਸੀ ਪੈ ਰਿਹਾ।

"ਲਓ... ਲਓ... ਲਓ, ਪਹਿਲਾਂ ਤੁਸੀਂ ਪੀਓ" ਡਿਊਲਾਨ ਨੇ ਉਸਨੂੰ ਬੇਨਤੀ ਕਰਦਿਆਂ ਕਿਹਾ, "ਅਸੀਂ ਤਾਂ ਪਿੱਛੋਂ ਪੀਂਦੇ ਹੀ ਰਹਿਣਾ।"

"ਪੀਓ ਜੀ ਤੁਸੀਂ ਸਾਡੇ ਪ੍ਰਾਹੁਣੇ ਹੋ।" ਸਵੋਛੰਗ ਨੇ ਵੀ ਪਤਨੀ ਦੀ ਹਾਂ 'ਚ ਹਾਂ ਮਿਲਾ ਦਿੱਤੀ।

ਲਿਊ ਨੇ ਕੰਬਦੇ ਹੱਥਾਂ ਨਾਲ ਕੌਲੀ ਫੜ ਲਈ ਤੇ ਪਾਣੀ 'ਚ ਮਿਲੀ ਮਿੱਟੀ ਨੂੰ ਹੇਠਾਂ ਬੈਠਣ ਦੀ ਉਡੀਕ ਕੀਤੇ ਬਿਨਾਂ, ਵੱਡੇ-ਵੱਡੇ ਘੁੱਟ ਭਰ ਲਏ। ਅੱਧਮੀਟੀਆਂ ਅੱਖਾਂ ਨਾਲ ਉਹ ਪਾਣੀ ਦਾ ਸਵਾਦ ਲੈਂਦਾ ਰਿਹਾ।

"ਮਿੱਠਾ ਐ...?" ਸਵੋਛੰਗ ਨੇ ਪੁੱਛਿਆ

ਲਿਊ ਨੇ ਕੌਲੀ ਮੂੰਹ ਨੂੰ ਲਾ ਕੇ ਥੋੜ੍ਹੇ ਕੁ ਘੁੱਟ ਹੋਰ ਭਰ ਲਏ। ਹੁਣ ਉਸਦੀਆਂ ਅੱਖਾਂ 'ਚ ਹੰਝੂ ਤਿਲਕ ਆਏ।

ਡਿਊਲਾਨ ਨੇ ਵੀ ਆਪਣੀਆਂ ਹੰਝੂਆਂ ਨਾਲ ਭਰ ਆਈਆਂ ਅੱਖਾਂ ਦੂਜੇ ਪਾਸੇ ਵੱਲ ਨੂੰ ਮੋੜ ਲਈਆਂ। •

ਅਨੁਵਾਦ - ਲਾਲ ਸਿੰਘ


## ਹਰਭਜਨ ਸਿੰਘ ਹੁੰਦਲ ਦੀਆਂ ਨਵੀਆਂ ਵਾਰਤਕ ਲਿਖਤਾਂ

1. **ਸੰਨ ਸੰਤਾਲੀ ਦੇ ਦਿਨ** (ਯਾਦਾਂ ਵੰਡ ਦੀਆਂ)
2. **ਨਜ਼ਰਬੰਦੀ ਦੇ ਦਿਨ** (ਐਮਰਜੈਂਸੀ ਦੀਆਂ ਯਾਦਾਂ)
   *(ਪ੍ਰਕਾਸ਼ਨ ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਾਲੋਨੀ, ਦਿੱਲੀ)*
3. **ਰੂਸ ਦੇ ਗਦਰੀ ਬਾਬੇ** (ਦਸੰਬਰੀਆਂ ਦਾ ਇਤਿਹਾਸ)
4. **ਚੀ-ਗਵੇਰਾ** (ਸੰਖੇਪ ਜੀਵਨੀ)

*ਕੁਕਨੂਸ ਪ੍ਰਕਾਸ਼ਨ ਨਵਾਂ ਜ਼ਮਾਨਾ ਬੁੱਕ ਸ਼ਾਪ, ਜਲੰਧਰ*

## ਕੁਕਨੂਸ ਪ੍ਰਕਾਸ਼ਨ, ਜਲੰਧਰ

ਪੰਜਾਬੀ ਪ੍ਰਕਾਸ਼ਨ ਦੇ ਖੇਤਰ ਵਿਚ ਇੱਕ ਨਵਾਂ ਤਜ਼ਰਬਾ ਤੇ ਵੱਖਰਾ ਵਰਤਾਰਾ ਹੈ। ਇਹ ਸਸਤੀਆਂ ਤੇ ਵਧੀਆਂ ਪੁਸਤਕਾਂ ਦੀ ਲੋੜ ਪੂਰੀ ਕਰਨ ਵਾਲੀ ਸੰਸਥਾ ਹੈ ਤੇ ਇਹ ਛਪੀ ਪੁਸਤਕ ਨੂੰ ਪਾਠਕ ਦੇ ਘਰ ਤੇ ਸ਼ਹਿਰ ਤੀਕ ਲੈ ਕੇ ਜਾਂਦੀ ਹੈ।

ਕੁਕਨੂਸ ਪ੍ਰਕਾਸ਼ਨ, ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ, ਜਲੰਧਰ
ਫੋਨ :- 94635-40352






# ਆਖਾਂ ਜੀਵਾਂ /ਸੁਸ਼ੀਲ ਦੁਸਾਂਝ

ਡਾ. ਬਲਜਿੰਦਰ ਪਾਲ

ਅਖ਼ਬਾਰਾਂ ਵਿਚ ਖ਼ਬਰਾਂ ਅਤੇ ਸੰਪਾਦਕੀ ਟਿੱਪਣੀਆਂ ਤੋਂ ਇਲਾਵਾ ਕਾਲਮਾਂ ਦਾ ਅਹਿਮ ਯੋਗਦਾਨ ਹੁੰਦਾ ਹੈ। ਕਾਲਮ ਲਿਖਣਾ ਵੀ ਇਕ ਕਲਾ ਹੈ। ਇਸ ਵਿਚ ਥੋੜ੍ਹੇ ਸ਼ਬਦਾਂ ਵਿਚ ਸੰਬੰਧਿਤ ਵਿਸ਼ੇ ਨੂੰ ਸਮੇਟਣਾ ਹੁੰਦਾ ਹੈ ਅਤੇ ਪਾਠਕ ਅਕਾਊ ਮਹਿਸੂਸ ਨਾ ਕਰੇ, ਇਸ ਲਈ ਵਿਸ਼ੇ ਨੂੰ ਸੁਆਦਲਾ ਅਤੇ ਮਨੋਰੰਜਕ ਬਣਾਉਣਾ ਹੁੰਦਾ ਹੈ। ਕਾਲਮ ਵਿਚ ਆਮ ਤੌਰ 'ਤੇ ਕਿਸੇ ਇੱਕ ਘਟਨਾ ਜਾਂ ਸਮੱਸਿਆ ਨੂੰ ਵਿਸ਼ਾ ਬਣਾਇਆ ਜਾਂਦਾ ਹੈ ਅਤੇ ਉਸਦੇ ਆਲ਼ੇ-ਦੁਆਲ਼ੇ ਸਾਰੀ ਗੱਲਬਾਤ ਹੁੰਦੀ ਹੈ। ਕਾਲਮ ਵਿਚ ਖਿੱਚ ਭਰਪੂਰ ਬਣਾਉਣ ਲਈ, ਵਿਅੰਗ, ਸ਼ਿਅਰ ਅਤੇ ਚੁਟਕਲਿਆਂ ਆਦਿ ਦਾ ਪ੍ਰਯੋਗ ਵੀ ਸਹਾਈ ਹੁੰਦਾ ਹੈ।

ਅਖ਼ਬਾਰਾਂ ਵਿਚ ਕੁਝ ਸਥਾਈ ਕਾਲਮ ਨਵੀਸ ਹੁੰਦੇ ਹਨ ਅਤੇ ਕੁਝ ਅਸਥਾਈ ਕਾਲਮਾਂ ਨੂੰ ਪਾਠਕ ਵਰਗ ਬੜੀ ਹੀ ਦਿਲਚਸਪੀ ਨਾਲ ਪੜ੍ਹਦਾ ਹੈ। ਅਖ਼ਬਾਰਾਂ ਵਿਚ ਜੋ ਕਾਲਮ ਲਿਖੇ ਜਾਂਦੇ ਹਨ ਉਹ ਉਸ ਅਖ਼ਬਾਰ ਦੇ ਪਾਠਕ ਵਰਗ ਨੂੰ ਧਿਆਨ ਹਿੱਤ ਰੱਖਦਿਆਂ ਲਿਖੇ ਜਾਂਦੇ ਹਨ। ਅਖ਼ਬਾਰਾਂ ਵਿਚ ਛਪਦੇ ਕਾਲਮ ਜਿਵੇਂ 'ਗਰਗ ਦੀ ਗਰਗਬਾਣੀ', ਆਤਿਸ਼ ਦੀ 'ਆਤਿਸ਼ਬਾਜੀ', ਖੁਸ਼ਵੰਤ ਸਿੰਘ ਦਾ ਕਾਲਮ 'ਨਾ ਕਾਹੂੰ ਸੇ ਦੋਸਤੀ ਨਾ ਕਾਹੂੰ ਸੇ ਬੈਰ', ਜਸਪਾਲ ਭੱਟੀ ਦਾ 'ਉਲਟਾ ਪੁਲਟਾ' ਆਦਿ ਨੇ ਅਖ਼ਬਾਰਾਂ ਨੂੰ ਖਿੱਚ ਭਰਪੂਰ ਬਣਾਉਣ ਲਈ ਅਹਿਮ ਹਿੱਸਾ ਪਾਇਆ ਹੈ। ਇਸੇ ਤਰ੍ਹਾਂ ਰੋਜ਼ਾਨਾ ਅਜੀਤ ਵਿਚ ਛਪਦਾ ਹਫ਼ਤਾਵਰੀ ਕਾਲਮ ਹੈ 'ਆਇਨੇ ਦੇ ਆਰ ਪਾਰ' ਜਿਸ ਵਿਚ ਸਮਾਜਿਕ, ਆਰਥਿਕ ਤੇ ਰਾਜਨੀਤਿਕ ਮਸਲਿਆਂ ਨੂੰ ਬੜੀ ਹੀ ਸੰਜੀਦਗੀ ਅਤੇ ਤਰਕ ਨਾਲ ਪੇਸ਼ ਕੀਤਾ ਜਾਂਦਾ ਹੈ। ਇਸਨੂੰ ਲਿਖਣ ਵਾਲਾ ਕਾਲਮ ਨਵੀਸ ਹੈ - ਸੁਸ਼ੀਲ ਦੁਸਾਂਝ।

ਸੁਸ਼ੀਲ ਦੁਸਾਂਝ ਵੀ ਸਮਾਜ ਲਈ ਕੁਝ ਕਰਨਾ ਲੋਚਦਾ ਹੈ। ਜਿਸ ਦਾ ਪਤਾ ਸਹਿਜੇ ਹੀ ਉਸਦੇ ਕਾਲਮਾਂ ਤੋਂ ਲਾਇਆ ਜਾ ਸਕਦਾ ਹੈ। ਉਹ ਆਪਣੇ ਕਾਲਮਾਂ ਵਿਚ ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਦੀ ਤਰ੍ਹਾਂ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਸਮਾਜ ਦੇ ਬਾਕੀ ਵਰਗਾਂ ਨੂੰ ਉਨ੍ਹਾਂ ਦੇ ਹੱਕਾਂ ਲਈ ਜਾਗ੍ਰਿਤ ਕਰਨਾ ਚਾਹੁੰਦਾ ਹੈ। ਉਹ ਆਪਣੇ ਕਾਲਮਾਂ ਵਿਚ ਬਹੁਕੌਮੀ ਕੰਪਨੀਆਂ ਦੇ ਜਾਲ, ਨਾਗਰਿਕਾਂ ਦੀ ਸਿਹਤ ਨਾਲ ਖਿਲਵਾੜ, ਫਿਰਕਾਪ੍ਰਸਤੀ ਅਤੇ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰਨਾ ਚਾਹੁੰਦਾ ਹੈ। ਸੁਸ਼ੀਲ ਦੁਸਾਂਝ ਦੇ ਕਾਲਮਾਂ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਵੀ ਹੈ ਕਿ ਉਹ ਲੋਕ ਘੋਲਾਂ ਵਿਚ ਪਰਣਾਇਆ ਹੋਇਆ ਨਿਧੜਕ ਸਿਪਾਹੀ ਹੈ। ਉਹ ਮਾਰਕਸ ਦੀ ਵਰਗ ਰਹਿਤ ਸਮਾਜ ਦੀ ਸਿਰਜਣਾ ਦੇ ਸਿਧਾਂਤ ਦਾ ਹਾਮੀ ਹੈ। ਉਹ ਆਪਣੀ ਵਿੱਦਿਆ ਪ੍ਰਾਪਤੀ ਸਮੇਂ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਜਥੇਬੰਦ ਕਰਕੇ ਉਨ੍ਹਾਂ ਦੀਆਂ ਹੱਕੀ ਮੰਗਾਂ ਲਈ ਲੜਾਈ ਲੜਦਾ ਰਿਹਾ ਹੈ। ਉਸਦੇ ਸਰੀਰ ਅੰਦਰ ਸ਼ਾਇਰਾਨਾ ਦਿਲ ਧੜਕਦਾ ਹੈ ਜੋ ਸੰਜੀਦਾ ਗ਼ਜ਼ਲ ਅਤੇ

ਪ੍ਰਗਤੀਵਾਦੀ ਕਵਿਤਾ ਲਿਖਦਾ ਹੈ। ਉਹ ਪੱਤਰਕਾਰ ਤੇ ਰੇਡੀਉ ਨਿਊਜ਼ ਰੀਡਰ ਹੈ ਜੋ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੂੰ ਪੰਜਾਬ ਦੀ ਮਿੱਟੀ ਦੀ ਮਹਿਕ ਅਤੇ ਭਾਰਤੀ ਸੱਭਿਆਚਾਰ ਨਾਲ ਜੋੜ ਕੇ ਰੱਖ ਰਿਹਾ ਹੈ। ਉਹ ਪੰਜਾਬੀ ਸੱਭਿਆਚਾਰ ਅਤੇ ਮਾਤ ਭਾਸ਼ਾ ਦੀ ਸੇਵਾ ਵਿਚ ਹਰ ਸਮੇਂ ਤੱਤਪਰ ਹੈ, ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸਕੱਤਰ ਹੈ। ਉਹ ਪੰਜਾਬੀ ਦੇ ਤਿਮਾਹੀ ਰਸਾਲੇ 'ਹੁਣ' ਦਾ ਸੰਪਾਦਕ ਹੈ ਜੋ ਕਿ ਦੇਸ਼ਾਂ-ਵਿਦੇਸ਼ਾਂ ਵਿਚ ਖ਼ੂਬ ਸਰਾਹਿਆ ਜਾ ਰਿਹਾ ਹੈ।

ਉਸ ਦੇ ਇਨ੍ਹਾਂ ਸਾਰੇ ਗੁਣਾਂ ਕਰਕੇ ਹੀ ਉਸ ਦੁਆਰਾ ਅਖ਼ਬਾਰਾਂ ਵਿਚ ਲਿਖੇ ਜਾਂਦੇ ਕਾਲਮਾਂ ਨੂੰ ਬੜੀ ਗਹੁ ਅਤੇ ਦਿਲਚਸਪੀ ਨਾਲ ਪੜ੍ਹਿਆ ਜਾਂਦਾ ਹੈ। ਉਹ ਜੋ ਵੀ ਵਿਸ਼ਾ ਫੜਦਾ ਹੈ ਉਸ ਨਾਲ ਸਬੰਧਿਤ ਤੱਥਾਂ ਅਤੇ ਅੰਕੜਿਆਂ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕਰਦਾ। ਹਵਾ ਵਿਚ ਤੀਰ ਚਲਾਉਣਾ ਉਸ ਦੀ ਆਦਤ ਵਿਚ ਸ਼ੁਮਾਰ ਨਹੀਂ।

ਸੁਸ਼ੀਲ ਦੁਸਾਂਝ ਦੀ ਅਖ਼ਬਾਰੀ ਕਾਲਮਾਂ 'ਤੇ ਆਧਾਰਿਤ ਨਵ ਪ੍ਰਕਾਸ਼ਿਤ ਪੁਸਤਕ 'ਆਖਾਂ ਜੀਵਾਂ' ਪੜ੍ਹਨ ਦਾ ਮੌਕਾ ਮਿਲਿਆ ਤਾਂ ਮਨ ਵਿਚ ਕੁਝ ਲਿਖਣ ਦਾ ਵਿਚਾਰ ਆਇਆ। ਇਹ ਅਖਬਾਰੀ ਕਾਲਮਾਂ ਦਾ ਸੰਗ੍ਰਹਿ ਹੈ। 114 ਪੰਨਿਆਂ ਵਾਲਾ ਇਹ ਕਾਲਮ ਸੰਗ੍ਰਹਿ ਬੜਾ ਹੀ ਜਾਣਕਾਰੀ ਭਰਪੂਰ ਅਤੇ ਮਨੋਰੰਜਕ ਹੈ।

ਹਨੇਰਿਆਂ ਨੂੰ ਦੂਰ ਕਰਨ ਲਈ ਅਤੇ ਸਮਾਜ ਵਿਚ ਰੌਸ਼ਨੀਆਂ ਵੰਡਣ ਲਈ ਇਸ ਕਾਲਮ ਸੰਗ੍ਰਹਿ ਵਿਚ ਜਨ ਸਾਧਾਰਨ ਦੀਆਂ ਭਾਵਨਾਵਾਂ ਦੀ ਗੱਲ ਕੀਤੀ ਗਈ ਹੈ। ਇਹ ਪੁਸਤਕ ਲੋਕ ਮਸਲਿਆਂ ਨਾਲ ਪਰਨਾਈ ਹੋਈ ਹੈ। ਇਸ ਵਿਚ ਦੇਸ਼ ਭਗਤੀ, ਬਾਲ ਮਨਾਂ, ਕਿਸਾਨਾਂ, ਬਹੁਕੌਮੀ ਕੰਪਨੀਆਂ ਦੁਆਰਾ ਭਾਰਤੀ ਨਾਗਰਿਕਾਂ ਦਾ ਸ਼ੋਸ਼ਣ, ਬੇਰੁਜ਼ਗਾਰੀ, ਸਭਿਆਚਾਰ ਦੇ ਨਾਂ 'ਤੇ ਅਸ਼ਲੀਲਤਾ, ਔਰਤਾਂ ਦੀ ਸਥਿਤੀ, ਖੇਡਾਂ ਦੇ ਮਿਆਰ, ਪ੍ਰਵਾਸੀ ਭਾਰਤੀਆਂ ਦੇ ਯੋਗਦਾਨ, ਤਕਨਾਲੋਜੀ ਦੀ ਦੁਰਵਰਤੋਂ, ਸਿਹਤ ਅਤੇ ਵਿਦਿਅਕ ਸਹੂਲਤਾਂ ਦੀ ਖਸਤਾ ਹਾਲਤ, ਵਿੱਦਿਆ ਦਾ ਵਪਾਰੀਕਰਨ, ਨਸ਼ਿਆਂ ਦੇ ਵੱਧ ਰਹੇ ਰੁਝਾਨ ਆਦਿ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਹਰ ਕਾਲਮ ਤਕਰੀਬਨ ਦੋ ਤਿੰਨ ਸਫਿਆਂ ਵਿਚ ਸਮੇਟਿਆ ਗਿਆ ਹੈ। ਵਿਸ਼ੇ ਨੂੰ ਸਪੱਸ਼ਟ ਕਰਨ ਲਈ ਅੰਕੜੇ ਦਿੱਤੇ ਗਏ ਹਨ।

'ਆਖਾਂ ਜੀਵਾਂ' ਵਿਚ ਵਿਸ਼ਿਆਂ ਦੀ ਵੰਨ-ਸੁਵੰਨਤਾ ਹੈ। ਅਜੋਕੀਆਂ ਘਟਨਾਵਾਂ ਅਤੇ ਵਰਤਾਰਿਆਂ ਨੂੰ ਇਸ ਵਿਚ ਸਥਾਨ ਦਿੱਤਾ ਗਿਆ ਹੈ। ਇਸ ਵਿਚ ਹਰ ਵਰਗ ਨਾਲ ਸੰਬੰਧਿਤ ਮਸਲਿਆਂ ਨੂੰ ਉਠਾਉਣ ਦਾ ਜਿੱਥੇ ਉਪਰਾਲਾ ਕੀਤਾ ਗਿਆ ਹੈ। ਉਤੇ ਜਨ ਸਾਧਾਰਨ ਨੂੰ ਸੰਘਰਸ਼ ਦੇ ਮੈਦਾਨ ਵਿਚ ਕੁੱਦਣ ਦਾ ਸੱਦਾ ਵੀ ਦਿੱਤਾ ਗਿਆ ਹੈ। ਸੁਸ਼ੀਲ ਦੁਸਾਂਝ ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ ਇਸ ਦਾ ਪਤਾ ਉਸਦੇ ਪਹਿਲੇ ਹੀ ਕਾਲਮ ਤੋਂ ਲੱਗ ਜਾਂਦਾ ਹੈ। ਉਸਦਾ ਪਹਿਲਾ ਕਾਲਮ 'ਵਕਤ ਦੀ ਪਰਵਾਜ਼ 'ਚੋਂ ਇਤਿਹਾਸ ਮਨਫ਼ੀ ਨਾ ਕਰੋ' ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਸੰਬੰਧਿਤ ਹੈ। ਸੁਸ਼ੀਲ ਇਸ



ਗੱਲੋਂ ਡਾਢਾ ਚਿੰਤਤ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਦੇ ਆਦਰਸ਼ ਹਿਟਲਰ ਵਰਗੇ ਤਾਨਾਸ਼ਾਹ ਬਣ ਚੁੱਕੇ ਹਨ। ਉਹ ਇਸ ਦਾ ਮੁੱਖ ਕਾਰਨ ਨੌਜਵਾਨ ਪੀੜ੍ਹੀ ਅੰਦਰ ਫੈਲੀ ਘੋਰ ਨਿਰਾਸ਼ਾ ਅਤੇ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਮੰਨਦਾ ਹੈ। ਉਹ ਭਗਤ ਸਿੰਘ ਦੇ ਵਿਚਾਰਾਂ ਦੀ ਗੱਲ ਕਰਦਿਆਂ ਲਿਖਦਾ ਹੈ।

"ਸਵਾਲ ਇਹ ਹੈ ਕਿ ਭਗਤ ਸਿੰਘ ਦੀ ਲੜਾਈ ਕਿਹਦੇ ਖਿਲਾਫ ਸੀ? ਸਿਰਫ਼ ਅੰਗਰੇਜ਼ਾਂ ਖਿਲਾਫ਼ ਜਾਂ ਫਿਰ ਸਾਮਰਾਜ ਖਿਲਾਫ਼? ਮੁਲਕ ਦੀ ਜਵਾਨੀ ਲਈ ਇਹ ਸਮਝ ਲੈਣਾ ਬੇਹੱਦ ਜ਼ਰੂਰੀ ਹੈ ਕਿ ਭਗਤ ਸਿੰਘ ਸਿਰਫ਼ ਮੁਲਕ ਦੀ ਆਜ਼ਾਦੀ ਦੀ ਲੜਾਈ ਨਹੀਂ ਲੜ ਰਹੇ ਸਨ। ਉਨ੍ਹਾਂ ਦੀ ਲੜਾਈ ਲੋਕ ਮੁਕਤੀ ਦੀ ਲੜਾਈ ਸੀ।

ਸੁਸ਼ੀਲ ਦੁਸਾਂਝ ਦੀ ਚਿੰਤਾ ਬਿਲਕੁਲ ਵਾਜਿਬ ਹੈ ਕਿਉਂਕਿ ਅੱਜ ਦੀ ਨੌਜਵਾਨ ਪੀੜ੍ਹੀ ਕੁਰਾਹੇ ਤੁਰੀ ਜਾ ਰਹੀ ਹੈ। ਉਹ ਨਸ਼ਿਆਂ, ਗੰਦੀਆਂ ਫਿਲਮਾਂ, ਫੂਹੜ ਸੱਭਿਆਚਾਰ ਅਤੇ ਅਵਾਰਾਗਰਦੀ ਵਿਚ ਗਲਤਾਨ ਹੁੰਦੀ ਜਾ ਰਹੀ ਹੈ। ਦੇਸ਼ ਦੀਆਂ ਸਰਕਾਰਾਂ ਵੀ ਨੌਜਵਾਨਾਂ ਨੂੰ ਗੁੰਮਰਾਹ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀਆਂ ਕਿਉਂਕਿ ਜੇਕਰ ਦੇਸ਼ ਵਿਚ ਭਗਤ ਸਿੰਘ ਦੀ ਵਿਚਾਰਧਾਰਾ ਦੇ ਨੌਜਵਾਨ ਪੈਦਾ ਹੋਣਗੇ ਤਾਂ ਉਹ ਭ੍ਰਿਸ਼ਟ ਲੀਡਰਾਂ ਤੋਂ ਆਪਣੇ ਸਵਾਲਾਂ ਦੇ ਜਵਾਬ ਮੰਗਣਗੇ। ਉਹ ਵਿਦਿਆ ਤੇ ਰੁਜ਼ਗਾਰ ਦੀ ਮੰਗ ਕਰਨਗੇ। ਅਜਿਹੇ ਨੌਜਵਾਨ ਅੱਜ ਦੀ ਪੂੰਜੀਵਾਦੀ ਸਰਕਾਰ ਦੇ ਸਾਂਚੇ ਵਿਚ ਫਿੱਟ ਨਹੀਂ ਬੈਠਦੇ। ਦੇਸ਼ ਦੀਆਂ ਰਾਜਨੀਤਿਕ ਪਾਰਟੀਆਂ ਕਾਂਗਰਸ, ਪਰੰਪਰਾਗਤ ਕਮਿਊਨਿਸਟ ਪਾਰਟੀਆਂ ਆਪਣੇ ਨਿੱਜੀ ਮੁਫਾਦ ਲਈ ਭਗਤ ਸਿੰਘ ਦੇ ਨਾਂ ਦਾ ਮੁੱਲ ਵੱਟ ਰਹੀਆਂ ਹਨ ਪਰ ਉਸ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇ ਚੁੱਕੀਆਂ ਹਨ। ਇੱਥੋਂ ਤੱਕ ਕਿ ਫਿਰਕਾਪ੍ਰਸਤ ਪਾਰਟੀ ਭਾਜਪਾ ਵੀ ਆਪਣੇ ਇਸ਼ਤਿਹਾਰਾਂ ਵਿਚ ਭਗਤ ਸਿੰਘ ਦੇ ਚਿੱਤਰ ਛਾਪ ਕੇ ਆਪਣੇ ਆਪ ਨੂੰ ਸ਼ਹੀਦ ਭਗਤ ਸਿੰਘ ਦਾ ਅਸਲੀ ਵਾਰਿਸ ਤਸੱਵਰ ਕਰ ਰਹੀ ਹੈ।

'ਆਖਾਂ ਜੀਵਾਂ' ਵਿਚ ਜਿੱਥੇ ਬਾਜ਼ਾਰੀਕਰਨ ਦੇ ਵੱਧ ਰਹੇ ਰੁਝਾਨ ਦੀ ਗੱਲ ਕੀਤੀ ਗਈ ਹੈ, ਉੱਥੇ ਦੇਸ਼ ਦੀ ਸਰਕਾਰ ਵਲੋਂ ਦੇਸ਼ ਦੇ ਨਾਗਰਿਕਾਂ ਨੂੰ ਮੁਫ਼ਤ ਤੇ ਜ਼ਰੂਰੀ ਵਿੱਦਿਆ, ਸਿਹਤ ਸਹੂਲਤਾਂ ਅਤੇ ਰੁਜ਼ਗਾਰ ਦੇਣ ਦੀ ਜ਼ਿੰਮੇਵਾਰੀ ਤੋਂ ਭਗੌੜਾ ਹੋਣ ਦਾ ਮੁੱਦਾ ਉਠਾਇਆ ਗਿਆ ਹੈ। ਬੇਰੁਜ਼ਗਾਰੀ ਦਾ ਭੂਤ ਨੌਜਵਾਨ ਪੀੜ੍ਹੀ ਅੰਦਰ ਨਿਰਾਸ਼ਾ ਅਤੇ ਖੁਦਕੁਸ਼ੀਆਂ ਦਾ ਰੁਝਾਨ ਪੈਦਾ ਕਰ ਰਿਹਾ ਹੈ। ਵਿੱਦਿਆ ਦੇ ਨਿੱਜੀਕਰਨ ਦੇ ਚੱਲਦਿਆਂ ਵਿੱਦਿਆ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਚੁੱਕੀ ਹੈ। ਅੱਜ ਨੌਜਵਾਨਾਂ ਦਾ ਸ਼ੋਸ਼ਣ ਕਰਨ ਲਈ ਹਰ ਚੁਰਾਹੇ 'ਤੇ ਵਿੱਦਿਆ ਦੀਆਂ ਨਿਜੀ ਦੁਕਾਨਾਂ ਖੁੱਲ ਚੁੱਕੀਆਂ ਹਨ ਜੋ ਕਿ 'ਪੈਸਾ ਦਿਉ, ਵਿੱਦਿਆ ਲਉ' ਦੇ ਸਿਧਾਂਤ 'ਤੇ ਚੱਲ ਰਹੀਆਂ ਹਨ।

ਸੁਸ਼ੀਲ ਦੁਸਾਂਝ ਵਿਦਿਆਰਥੀ ਆਗੂ ਰਿਹਾ ਹੈ। ਜਿਸ ਦੀ ਝਲਕ ਉਸਦੇ ਕਈ ਕਾਲਮਾਂ ਵਿਚ ਮਿਲ ਜਾਂਦੀ ਹੈ। ਉਹ ਸਭ ਲਈ ਵਿੱਦਿਆ ਅਤੇ ਰੁਜ਼ਗਾਰ ਦਾ ਹਾਮੀ ਹੈ

ਕਿਉਂਕਿ ਪ੍ਰਾਈਵੇਟ ਸੰਸਥਾਵਾਂ ਮਸ਼ੀਨਾਂ ਤਾਂ ਤਿਆਰ ਕਰ ਸਕਦੀਆਂ ਹਨ, ਚੰਗੇ ਇਨਸਾਨ ਨਹੀਂ। ਸਰਕਾਰਾਂ ਅਤੇ ਬੈਂਕਾਂ ਵਲੋਂ ਵੀ ਸਿੱਖਿਆ ਲਈ ਦਿੱਤੇ ਜਾ ਰਹੇ ਕਰਜ਼ੇ ਕੋਈ ਨਰੋਆ ਉਪਰਾਲਾ ਨਹੀਂ ਹਨ। ਇਨਾਂ 'ਤੇ ਵਿਅੰਗ ਕਰਦਾ ਉਹ ਲਿਖਦਾ ਹੈ –

"ਸੱਚ ਤਾਂ ਇਹ ਹੈ ਕਿ ਜਿਹੜੇ ਬੱਚੇ ਅੱਜ ਪੜ੍ਹਾਈ ਵੀ ਕਰਜ਼ ਲੈ ਕੇ ਕਰਨਗੇ, ਉਹ ਭਵਿੱਖ ਦੇ ਪੜ੍ਹੇ ਲਿਖੇ ਬੰਧੂਆ ਮਜ਼ਦੂਰ ਹੋਣਗੇ। ਜਿਸ ਦੇਸ਼ ਵਿਚ ਪੜ੍ਹੇ ਲਿਖੇ ਬੇਰੁਜ਼ਗਾਰ ਹੀ ਏਨੇ ਹੋ ਗਏ ਹੋਣ ਕਿ ਜੇਕਰ ਉਨ੍ਹਾਂ ਨੂੰ ਇਕ ਦੂਸਰੇ ਦੇ ਮੋਢਿਆਂ 'ਤੇ ਖੜਾ ਕੀਤਾ ਜਾਵੇ ਤਾਂ ਉਹ ਚੰਦ ਨੂੰ ਆਪਣੀ ਮੁੱਠੀ ਵਿਚ ਕੈਦ ਕਰ ਲੈਣ।" (ਪੰਨਾ – 25)

ਹਿੰਦੁਸਤਾਨ ਦੇ ਲੋਕਾਂ ਨੂੰ ਪੀਣ ਵਾਲੇ ਸ਼ੁੱਧ ਪਾਣੀ ਦੀ ਸਮੱਸਿਆ ਨਾਲ ਵੀ ਦੋ-ਚਾਰ ਹੋਣਾ ਪੈ ਰਿਹਾ ਹੈ। ਸਰਕਾਰਾਂ ਨਾਗਰਿਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਾਉਣ ਦੀ ਬਜਾਏ ਬਹੁ-ਕੌਮੀ ਕੰਪਨੀਆਂ (ਕੋਕਾ ਕੋਲਾ, ਪੈਪਸੀ) ਨੂੰ ਦੇਸ਼ ਦੇ ਸਰੋਤ ਜ਼ਾਇਆ ਕਰਨ ਲਈ ਦੇ ਰਹੀਆਂ ਹਨ। 'ਆਖਾਂ ਜੀਵਾਂ' ਵਿਚ ਸੁਸ਼ੀਲ ਦੁਸਾਂਝ ਨੇ ਪਾਣੀ ਬਾਰੇ ਅੰਕੜਿਆਂ ਸਮੇਤ ਕਾਲਮ ਲਿਖੇ ਹਨ। ਸਾਫ ਅਤੇ ਪੀਣ ਵਾਲੇ ਪਾਣੀ ਦੇ ਅੰਕੜੇ ਪੇਸ਼ ਕਰਦਿਆਂ ਉਸਨੇ ਦੱਸਿਆ ਹੈ –

"ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਮੁਤਾਬਿਕ ਸੰਸਾਰ ਦੇ 11 ਅਰਬ ਲੋਕਾਂ ਨੂੰ ਤਾਂ ਪੀਣ ਲਈ ਸਾਫ ਪਾਣੀ ਵੀ ਮੁਹੱਈਆ ਨਹੀਂ ਤੇ 50 ਲੱਖ ਲੋਕ ਹਰ ਸਾਲ ਗੰਦਾ ਪਾਣੀ ਪੀਣ ਕਾਰਨ ਹੀ ਮਾਰੇ ਜਾਂਦੇ ਹਨ।"

ਇਸ ਤੋਂ ਪਤਾ ਲੱਗਦਾ ਹੈ ਕਿ ਸਮੇਂ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਦੀਆਂ ਮੁੱਢਲੀਆਂ ਸਹੂਲਤਾਂ ਲਈ ਕਿੰਨੀਆਂ ਕੁ ਸੰਜੀਦਾ ਹਨ। ਅੱਜ ਹਾਲਾਤ ਇਹ ਬਣਦੇ ਜਾ ਰਹੇ ਹਨ ਕਿ ਜਿਸ ਕੋਲ ਪੈਸਾ ਹੈ ਉਹ ਪੜ੍ਹੇ ਅਤੇ ਜੀਵੇ। ਜੋ ਗਰੀਬ ਹੈ ਉਸਨੂੰ ਪੜ੍ਹਨ ਤੇ ਜਿਊਣ ਦਾ ਕੋਈ ਅਧਿਕਾਰ ਨਹੀਂ ਹੈ। ਸੰਯੁਕਤ ਰਾਸ਼ਟਰ ਜਾਂ ਉਸ ਨਾਲ ਸੰਬੰਧਿਤ ਸੰਸਥਾਵਾਂ ਵੀ ਅਮਰੀਕਾ, ਇੰਗਲੈਂਡ ਵਰਗੀਆਂ ਸ਼ਕਤੀਆਂ ਦੀਆਂ ਪਿੱਠੂ ਬਣ ਚੁੱਕੀਆਂ ਹਨ। ਉਨ੍ਹਾਂ ਦੇ ਫ਼ਰਮਾਨਾਂ ਮੁਤਾਬਿਕ ਹੀ ਉਹ ਕਿਸੇ ਦੇਸ਼ ਲਈ ਜਾਂ ਬਿਮਾਰੀ ਲਈ ਗਰਾਂਟ ਜਾਰੀ ਕਰਦੀਆਂ ਹਨ।

ਜਿੱਥੇ ਉਪਰੋਕਤ ਮਸਲੇ ਬੜੇ ਹੀ ਗੰਭੀਰ ਤੇ ਧਿਆਨ ਦੀ ਮੰਗ ਕਰਦੇ ਹਨ। ਉੱਥੇ ਅੱਜ ਦੀ ਨੌਜਵਾਨ ਪੀੜ੍ਹੀ ਜਿਸ ਨੇ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦਾ ਰਾਹ ਲੱਭਣਾ ਸੀ, ਉਹ ਨਸ਼ਿਆਂ ਵਿਚ ਗਲਤਾਨ ਹੋ ਕੇ ਆਪਣੇ ਕੀਮਤੀ ਜੀਵਨ ਨੂੰ ਤਬਾਹ ਕਰ ਰਹੀ ਹੈ। ਇਨ੍ਹਾਂ ਨੌਜਵਾਨਾਂ ਦੇ ਭਵਿੱਖ ਦੇ ਸੁਪਨੇ ਕਤਲ ਹੋ ਚੁੱਕੇ ਹਨ।

'ਆਖਾਂ ਜੀਵਾਂ' ਦੇ ਕਾਲਮਾਂ ਤੋਂ ਪਤਾ ਲੱਗਦਾ ਹੈ ਕਿ ਨੌਜਵਾਨਾਂ ਅਤੇ ਬੱਚਿਆਂ ਦੀ ਮਾਨਸਿਕਤਾ ਨੂੰ ਤਬਾਹ ਕਰਨ ਵਿਚ ਟੀ. ਵੀ. ਚੈਨਲਾਂ ਅਤੇ ਫਿਲਮਾਂ ਨੇ ਅਹਿਮ ਰੋਲ ਅਦਾ ਕੀਤਾ ਹੈ। ਪੂੰਜੀਪਤੀਆਂ ਨੇ ਸੋਚੀ ਸਮਝੀ ਚਾਲ ਤਹਿਤ ਸਮਾਜ ਦੇ ਹਰ ਵਰਗ ਨੂੰ ਆਪਣੇ ਘੇਰੇ ਵਿਚ ਲੈ ਲਿਆ ਹੈ। ਹਰ ਉਮਰ ਵਰਗ ਦੇ ਲਈ ਉਸੇ ਤਰ੍ਹਾਂ ਦਾ ਚੈਨਲ ਹੈ, ਜੋ



24 ਘੰਟੇ ਉਨ੍ਹਾਂ ਦੀ ਕੁ-ਸੇਵਾ ਵਿਚ ਹਾਜ਼ਰ ਰਹਿੰਦਾ ਹੈ। ਅੱਜ ਦਾ ਬਚਪਨ 24 ਘੰਟੇ ਕਾਰਟੂਨ ਨੈਟਵਰਕ ਵਿਚ ਲੀਨ ਰਹਿੰਦਾ ਹੈ। ਨੌਜਵਾਨ ਡਬਲਯੂ. ਡਬਲਯੂ. ਐੱਫ. ਕੁਸ਼ਤੀਆਂ, ਅੰਗਰੇਜ਼ੀ ਫਿਲਮਾਂ ਅਤੇ ਫੈਸ਼ਨ ਟੀ. ਵੀ. ਵਿਚ, ਔਰਤਾਂ ਸਟਾਰ ਪਲੱਸ ਦੇ ਨਾਟਕਾਂ ਵਿਚ ਅਤੇ ਬੁੱਢੇ ਆਸਥਾ ਚੈਨਲਾਂ ਵਿਚ ਅਤੇ ਬਾਕੀ ਰਹਿੰਦੀ ਕਸਰ ਰਾਮਦੇਵ ਨੇ ਕੱਢ ਦਿੱਤੀ। ਪੜ੍ਹਿਆ ਲਿਖਿਆ ਵਰਗ ਯੋਗ ਸਾਧਨਾ ਵਿਚ ਜਾਂ ਸ਼ੇਅਰ ਮਾਰਕਿਟ ਵਿਚ ਲੀਨ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਨਾਲ ਕਿਸੇ ਵੀ ਵਰਗ ਕੋਲ ਅਸਲ ਸਮਾਜਿਕ ਮੁੱਦਿਆਂ ਵੱਲ ਧਿਆਨ ਦੇਣ ਦਾ ਸਮਾਂ ਹੀ ਨਹੀਂ ਬਚਿਆ। ਬੜੀ ਗਹਿਰੀ ਸੋਚੀ ਸਮਝੀ ਸਾਜ਼ਿਸ਼ ਤਹਿਤ ਸਾਮਰਾਜਵਾਦੀ ਤਾਕਤਾਂ ਨੇ ਵਿਕਾਸਸ਼ੀਲ ਦੇਸ਼ਾਂ ਵਿਚ ਇਹ ਜਾਲ ਵਿਛਾਇਆ ਹੈ। ਇਨ੍ਹਾਂ ਚੈਨਲਾਂ ਦਾ ਬੱਚਿਆਂ ਤੇ ਨੌਜਵਾਨਾਂ ਦੀ ਸਿਹਤ ਅਤੇ ਮਾਨਸਿਕਤਾ 'ਤੇ ਵੀ ਮਾਰੂ ਪ੍ਰਭਾਵ ਪੈ ਰਿਹਾ ਹੈ।

'ਆਖਾਂ ਜੀਵਾਂ' ਦੇ ਕਾਲਮਾਂ ਵਿਚ ਸਭਿਆਚਾਰ 'ਤੇ ਹੋ ਰਹੇ ਹਮਲਿਆਂ ਵੱਲ ਵੀ ਧਿਆਨ ਦਿਵਾਇਆ ਗਿਆ ਹੈ। ਸਭਿਆਚਾਰ ਦਾ ਵਪਾਰੀਕਰਨ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਸਭਿਆਚਾਰ ਦੇ ਨਾਂ 'ਤੇ ਹਰ ਤਰ੍ਹਾਂ ਦੇ ਗੀਤਾਂ ਵਿਚ ਨੰਗੇਜ਼ ਤੇ ਅਸ਼ਲੀਲਤਾ ਦਾ ਬੋਲਬਾਲਾ ਹੈ, ਜਿਸ ਹੇਠ ਅਸਲ ਸਭਿਆਚਾਰ ਦੱਬ ਕੇ ਰਹਿ ਗਿਆ। ਗੀਤਾਂ ਵਿਚ ਅੰਗ ਪ੍ਰਦਰਸ਼ਨ, ਕਾਮ ਅਕਸਾਉ ਹਰਕਤਾਂ ਆਦਿ ਸਭਿਆਚਾਰਕ ਕਦਰਾਂ ਕੀਮਤਾਂ ਨਾਲ ਕੋਝਾ ਮਜ਼ਾਕ ਕਰ ਰਹੀਆਂ ਹਨ। ਨੈਤਿਕ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਅੱਜ ਦੀ ਨੌਜਵਾਨ ਪੀੜ੍ਹੀ ਸਾਹਮਣੇ ਫੂਹੜ ਸਭਿਆਚਾਰ ਪਰੋਸਿਆ ਜਾ ਰਿਹਾ ਹੈ। ਸੁਸ਼ੀਲ ਦੁਸਾਂਝ ਅਨੁਸਾਰ ਅੱਜ ਅਸਲ ਸਭਿਆਚਾਰ ਅਤੇ ਸ਼ਬਦ ਸ਼ਕਤੀ ਨੂੰ ਖੁੰਡਾ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। 'ਬਾਂਸਾਂ ਦੇ ਬਾਜ਼ਾਰ ਵਿਚ ਸਿਸਕਣ ਬੰਸਰੀਆਂ' ਸਿਰਲੇਖ ਹੇਠ ਉਹ ਆਪਣੇ ਕਾਲਮ ਵਿਚ ਲਿਖਦਾ ਹੈ –

"ਸ਼ਬਦ ਕਦੇ ਮਰਦਾ ਨਹੀਂ, ਸ਼ਬਦ ਹੈ ਹੀ ਜੀਊਂਦੀ ਜਾਗਦੀ ਅਤੇ ਲੁੱਡੀਆਂ ਪਾਉਂਦੀ ਹੋਈ ਜ਼ਿੰਦਗੀ ਦਾ ਤਰਾਨਾ। ਪਰ ਕਈ ਵਾਰ ਅਜਿਹੇ ਦੌਰ ਵੀ ਆਉਂਦੇ ਹਨ, ਜੋ ਇਸ ਹੱਸਦੇ ਤਰਾਨੇ ਨੂੰ ਮਰਸੀਏ ਵਿਚ ਤਬਦੀਲ ਕਰ ਦਿੰਦੇ ਹਨ। ਅੱਜ ਵੀ ਸਾਡੇ ਆਲ਼ੇ-ਦੁਆਲ਼ੇ ਅਜਿਹੀ ਸਥਿਤੀ ਹੈ, ਜਿਸ ਵਿਚ ਸ਼ਬਦ ਨੂੰ ਤਾਕਤਹੀਣ ਕਰ ਦੇਣ ਦੀ ਸਾਜ਼ਿਸ਼ ਹੋ ਰਹੀ ਹੈ।"

ਸ਼ਬਦ ਜਾਂ ਕਵਿਤਾ ਅਜਿਹੇ ਰੂਪ ਹਨ ਜੋ ਕਦੇ ਮਰਦੇ ਨਹੀਂ। ਇਤਿਹਾਸ ਗਵਾਹ ਹੈ ਕਿ ਸਮੇਂ ਦੀਆਂ ਸਰਕਾਰਾਂ, ਪੂੰਜੀਪਤੀਆਂ, ਫਿਰਕੂ ਕੱਟੜਪੰਥੀਆਂ ਨੇ ਕਈ ਵਾਰ ਸ਼ਬਦ ਨੂੰ ਖ਼ਾਮੋਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਪਰ ਹਮੇਸ਼ਾ ਸ਼ਬਦ /ਕਵਿਤਾ ਦੀ ਜਿੱਤ ਹੋਈ ਹੈ। ਕਵੀ ਹਰਭਜਨ ਸਿੰਘ ਹੁੰਦਲ ਦੀਆਂ ਹੇਠ ਲਿਖੀਆਂ ਸਤਰਾਂ ਇਸ ਨਾਲ ਬਿਲਕੁਲ ਢੁੱਕਦੀਆਂ ਹਨ –

ਹੋਣ ਲੱਗੇ ਕਵਿਤਾ ਦੇ ਅਰਥ
ਅਨਰਥ

ਸਵਾਲ
ਜਵਾਬ
ਬਟੇਰ ਅੱਖਾਂ ਵਾਲੇ ਆਗੂ ਨੇ ਕਿਹਾ
ਬੰਦੇ ਦਾ ਪੁੱਤ ਬਣਦਾ ਏਂ ਤੂੰ
ਕਿ ਨਹੀਂ?
ਕਵਿਤਾ ਤਾਂ ਕੀ, ਲਾਸ਼ ਵੀ ਨਹੀਂ ਲੱਭਣੀ ਤੇਰੀ
ਇਹ ਭਵਨ, ਕਿਲਾ, ਪਹਿਰੇ, ਬੰਦੂਕਾਂ
ਕਿੱਧਰ ਭੱਜ ਜਾਵੇਂਗਾ ਤੂੰ ਇੱਥੋਂ?
ਕਵੀ ਨੇ ਚਾਰੇ ਪਾਸੇ ਤੱਕਿਆ
ਤੇ ਕਿਹਾ
ਕਵੀ ਮਰ ਸਕਦਾ ਹੈ
ਪਰ ਕਵਿਤਾ ਨਹੀਂ
ਕਿਵੇਂ ਕਤਲ ਕਰੋਗੇ ਕਵਿਤਾ ਨੂੰ ਤੁਸੀਂ?
ਅਦਾਲਤ ਚੁੱਪ ਸੀ
ਤੇ ਇੱਕ ਪ੍ਰਸ਼ਨ ਨੱਚਦਾ ਪਿਆ ਸੀ
ਕਵੀ ਦੇ ਬੁੱਲ੍ਹਾਂ ਉੱਤੇ। (ਮੁਖਬਰੀ ਕਦੇ ਦਿਨ, ਪੰਨਾ – 32)

ਇਸ ਤੋਂ ਇਲਾਵਾ 'ਆਖਾਂ ਜੀਵਾਂ' ਪੁਸਤਕ ਵਿਚ ਔਰਤ ਦੀ ਸਥਿਤੀ, ਬੱਚਿਆਂ ਨਾਲ ਹੁੰਦੀਆਂ ਜ਼ਿਆਦਤੀਆਂ, ਇਸਤਰੀ ਭਰੂਣ ਹੱਤਿਆ, ਮਲਟੀਨੈਸ਼ਨਲ ਦਾ ਜਾਲ, ਪ੍ਰਵਾਸੀ ਭਾਰਤੀਆਂ ਦੀ ਹਾਲਤ ਅਤੇ ਤਕਨੀਕਾਂ ਦੀ ਦੁਰਵਰਤੋਂ ਆਦਿ ਬਾਰੇ ਵੀ ਕਾਲਮ ਲਿਖੇ ਗਏ ਹਨ। ਸੁਸ਼ੀਲ ਦੁਸਾਂਝ ਦੀ ਇਹ ਪੁਸਤਕ ਸਮਾਜ ਦੇ ਹਰ ਦੱਬੇ ਕੁਚਲੇ ਵਰਗ ਨੂੰ ਸਮਰਪਿਤ ਹੈ, ਜਿਸ ਦਾ ਸ਼ੋਸ਼ਣ ਹੋ ਰਿਹਾ ਹੈ।

ਇਸਤਰੀ ਦੀ ਸਮਾਜ ਵਿਚ ਮਾੜੀ ਹਾਲਤ ਦਾ ਜ਼ਿਕਰ ਉਹ ਕਈ ਥਾਵਾਂ 'ਤੇ ਕਰਦਾ ਹੈ। ਅੱਜ ਔਰਤ ਦੇ ਹੱਕਾਂ ਤੇ ਆਜ਼ਾਦੀ ਦੀ ਦੁਹਾਈ ਹਰ ਪਾਸੇ ਪਾਈ ਜਾ ਰਹੀ ਹੈ। ਪਰ ਉਹ ਅੱਜ ਵੀ 33 ਪ੍ਰਤੀਸ਼ਤ ਰਿਜ਼ਰਵੇਸ਼ਨ ਲਈ ਤਰਸ ਰਹੀ ਹੈ। ਮੀਡੀਆ ਅਤੇ ਸਰਮਾਏਦਾਰੀ ਨੇ ਔਰਤਾਂ ਦੀ ਆਜ਼ਾਦੀ ਦੇ ਨਾਂ 'ਤੇ ਉਨ੍ਹਾਂ ਨੂੰ ਸ਼ੋ-ਪੀਸ ਬਣਾ ਦਿੱਤਾ ਹੈ, ਫੈਸ਼ਨ ਟੀ. ਵੀ., ਸੁੰਦਰਤਾ ਮੁਕਾਬਲੇ, ਔਰਤਾਂ ਦੀ ਪ੍ਰਤਿਭਾ ਨਿਖਾਰਨ ਨਾਲੋਂ ਘੱਟ ਉਨ੍ਹਾਂ ਦੇ ਅੰਗ ਪ੍ਰਦਰਸ਼ਨ ਅਤੇ ਮੁਨਾਫਾਖੋਰੀ ਨਾਲ ਜ਼ਿਆਦਾ ਜੁੜੇ ਹੋਏ ਹਨ। ਹਰ ਤਰ੍ਹਾਂ ਦੀ ਇਸ਼ਤਿਹਾਰਬਾਜ਼ੀ ਵਿਚ ਬਹੁਕੌਮੀ ਕੰਪਨੀਆਂ ਔਰਤਾਂ ਦੇ ਅੰਗਾਂ ਦੀ ਨੁਮਾਇਸ਼ ਲਾ ਕੇ ਸਾਮਾਨ ਵੇਚ ਰਹੀਆਂ ਹਨ। ਇਹ ਆਜ਼ਾਦੀ ਨਾਲੋਂ ਵਪਾਰ ਵਧੇਰੇ ਲੱਗਦਾ ਹੈ। ਸੁਸ਼ੀਲ ਦੁਸਾਂਝ ਵੀ ਸਮਾਜ ਵਿਚ ਔਰਤ ਦੀ ਹੋ ਰਹੀ ਬੇਕਦਰੀ 'ਤੇ ਉਂਗਲ ਧਰਦਾ ਹੈ। ਜਿਵੇਂ ਅੱਜ ਵੀ ਭਾਰਤ ਦੇ ਬਹੁਤ ਸਾਰੇ ਮੰਦਿਰਾਂ ਵਿਚ ਔਰਤਾਂ / ਦਲਿਤਾਂ ਨੂੰ ਪ੍ਰਵੇਸ਼ ਦੀ ਮਨਾਹੀ ਹੈ।



ਕੇਰਲ ਵਰਗੇ ਸੂਬੇ ਵਿਚ ਜਿੱਥੇ 100% ਸਾਖਰਤਾ ਹੈ ਉੱਤੇ ਵੀ ਔਰਤ ਦੀ ਹਾਲਤ ਜ਼ਿਆਦਾ ਚੰਗੀ ਨਹੀਂ।

"ਜੇ ਧਰਮ ਬਿਲਕੁਲ ਨਿੱਜੀ ਮਾਮਲਾ ਹੈ ਅਤੇ ਕੋਈ ਵੀ ਵਿਅਕਤੀ ਆਪੋ-ਆਪਣੀ ਆਸਥਾ ਲਈ ਸੁਤੰਤਰ ਹੈ ਤਾਂ ਫਿਰ ਧਾਰਮਿਕ ਅਸਥਾਨਾਂ ਨੂੰ ਚਲਾਉਣ ਵਾਲਿਆਂ ਨੂੰ ਇਹ ਹੱਕ ਕਿਸਨੇ ਦਿੱਤਾ ਹੈ ਕਿ ਉਹ ਇਹ ਤੈਅ ਕਰਨ ਕਿ ਕੌਣ ਇਨ੍ਹਾਂ ਅਸਥਾਨਾਂ 'ਤੇ ਆ ਸਕਦਾ ਹੈ ਕੌਣ ਨਹੀਂ? ਕੀ ਇਹ ਲੋਕ ਭਾਰਤੀ ਸੰਵਿਧਾਨ ਤੋਂ ਵੀ ਉਪਰ ਹਨ? 21ਵੀਂ ਸਦੀ ਵਿਚ ਵਿਚਰਦਿਆਂ ਇਹ ਕਿਆਸ ਕਰਨਾ ਹੀ ਕਿੰਨਾ ਅਜੀਬ ਲੱਗਦਾ ਹੈ ਕਿ ਆਪਣੇ ਮੁਲਕ ਵਿਚ ਹਾਲੇ ਵੀ ਅਜਿਹੇ ਧਾਰਮਿਕ ਸਥਾਨ ਹਨ, ਜਿਨ੍ਹਾਂ ਅੰਦਰ ਔਰਤ, ਦਲਿਤਾਂ ਅਤੇ ਕੁਝ ਹੋਰ ਵਿਸ਼ੇਸ਼ ਲੋਕਾਂ ਦਾ ਦਾਖਲਾ ਇੱਕ ਗੁਨਾਹ ਹੈ। (ਪੰਨਾ 109)

ਸਥਿਤੀ ਇਸ ਤੋਂ ਵੀ ਬਦਤਰ ਹੈ। ਸੁਸ਼ੀਲ ਦੁਸਾਂਝ ਅਨੁਸਾਰ 36 ਕਰੋੜ ਦੇਵਤਿਆਂ ਦੀ ਇਸ ਧਰਤੀ 'ਤੇ ਜਨਮ ਤੋਂ ਪਹਿਲਾਂ ਹੀ ਬੱਚੀਆਂ ਦੇ ਭਰੂਣ ਨੂੰ ਕੁੱਖਾਂ ਵਿਚ ਕਤਲ ਕਰਨ ਦੀ ਆਧੁਨਿਕ ਤੋਂ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ। ਜਿਸ ਕਾਰਨ ਲਿੰਗ ਅਨੁਪਾਤ ਲਗਾਤਾਰ ਘੱਟਦਾ ਜਾ ਰਿਹਾ ਹੈ। ਪੜ੍ਹੇ ਲਿਖੇ ਵਰਗ ਅਤੇ ਵਿਕਸਤ ਸੂਬਿਆਂ ਵਿਚ ਇਹ ਸਥਿਤੀ ਹੋਰ ਵੀ ਖਤਰਨਾਕ ਹੈ ਕਿਉਂਕਿ ਅਨਪੜ੍ਹ/ ਗਰੀਬ ਤਾਂ ਸ਼ਾਇਦ ਬੱਚਿਆਂ ਨੂੰ ਰੱਬ ਦੀ ਦੇਣ ਮੰਨ ਕੇ ਲੜਕੀਆਂ ਪੈਦਾ ਕਰ ਲੈਂਦੇ ਹਨ। ਮੱਧ ਵਰਗ ਜੋ ਪੜ੍ਹਿਆ ਲਿਖਿਆ ਸਿੱਖਿਅਤ ਹੈ, ਉਹ ਤਾਂ ਲੜਕੀਆਂ ਕਿਸੇ ਵੀ ਕੀਮਤ '+ਤੇ ਪੈਦਾ ਨਹੀਂ ਕਰਨਾ ਚਾਹੁੰਦਾ। ਇਸ ਦਾ ਅੰਦਾਜ਼ਾ ਪੰਜਾਬ, ਹਰਿਆਣਾ ਅਤੇ ਦਿੱਲੀ ਵਰਗੇ ਸੂਬਿਆਂ ਤੋਂ ਲਾਇਆ ਜਾ ਸਕਦਾ ਹੈ। 'ਆਖਾਂ ਜੀਵਾਂ' ਵਿਚ ਲੇਖਕ ਚਿਤਾਵਨੀ ਦਿੰਦਾ ਹੈ ਕਿ ਲਿੰਗ ਅਨੁਪਾਤ ਦੇ ਘੱਟਣ ਨਾਲ ਲੜਕਿਆਂ ਅੰਦਰ ਗਲਤ ਰੁਝਾਨ ਪੈਦਾ ਹੋ ਰਹੇ ਹਨ। ਲੜਕੀਆਂ ਨਾਲ ਬਲਾਤਕਾਰ, ਛੇੜਛਾੜ ਅਤੇ ਤੇਜ਼ਾਬ ਸੁੱਟਣ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਦੇਸ਼ ਦਾ ਪ੍ਰਸ਼ਾਸਨ, ਮੀਡੀਆ ਇਨ੍ਹਾਂ ਵੱਲ ਧਿਆਨ ਦੇਣ ਦੀ ਬਜਾਇ ਦੋਸ਼ੀਆਂ ਦੇ ਨਾਲ ਖੜਾ ਹੋ ਜਾਂਦਾ ਹੈ।

'ਆਖਾਂ ਜੀਵਾਂ' ਵਿਚ ਜਿੱਥੇ ਔਰਤ ਦੀ ਮਰਦ 'ਤੇ ਨਿਰਭਰਤਾ ਅਤੇ ਉਸਦੇ ਸ਼ੋਸ਼ਣ ਦੀ ਗੱਲ ਕੀਤੀ ਗਈ ਹੈ। ਉਥੇ ਮਾਪਿਆਂ ਨੂੰ ਆਪਣੇ ਬੱਚਿਆਂ ਪ੍ਰਤੀ ਮੁੱਢਲੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਇਆ ਗਿਆ ਹੈ ਕਿਉਂਕਿ ਬੱਚੇ ਮੁੱਢਲੀ ਅਵਸਥਾ ਵਿਚ ਆਪਣੇ ਚੰਗੇ ਬੁਰੇ ਦਾ ਫੈਸਲਾ ਕਰਨ ਦੇ ਸਮਰੱਥ ਨਹੀਂ ਹੁੰਦੇ। ਬੱਚਿਆਂ ਨੂੰ ਹਰ ਕਦਮ 'ਤੇ ਮਾਂ ਬਾਪ ਦੀ ਅਗਵਾਈ ਦੀ ਲੋੜ ਰਹਿੰਦੀ ਹੈ।

ਇਸ ਤੋਂ ਇਲਾਵਾ ਸਾਡੇ ਸਮਾਜ ਵਿਚ ਬੱਚੇ (ਵਿਸ਼ੇਸ਼ ਕਰਕੇ ਲੜਕੀਆਂ) ਸਮਾਜਿਕ ਅਸੁਰੱਖਿਆ ਦਾ ਸ਼ਿਕਾਰ ਹਨ। ਨਿਤਾ-ਪ੍ਰਤੀ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ ਵਾਪਰ ਰਹੀਆਂ ਹਨ। ਜਿਸ ਵਿਚ ਬੱਚਿਆਂ ਦਾ ਯੌਨ ਸ਼ੋਸ਼ਣ ਖਾਸ ਧਿਆਨ ਦੀ ਮੰਗ

ਕਰਦਾ ਹੈ। ਪਰਿਵਾਰ, ਸਕੂਲ ਅਤੇ ਸਮਾਜ ਵਿਚ ਵਸਦੇ ਦਰਿੰਦੇ ਬੱਚਿਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਹਨ ਅਤੇ ਕਈ ਸਥਿਤੀਆਂ ਵਿਚ ਤਾਂ ਮੌਤ ਦੇ ਘਾਟ ਵੀ ਉਤਾਰ ਦਿੰਦੇ ਹਨ। ਇਸ ਦੀ ਤਾਜ਼ਾ ਮਿਸਾਲ ਨਿਠਾਰੀ ਕਾਂਡ ਹੈ। ਇਸ ਤੋਂ ਵੀ ਸ਼ਰਮਸਾਰ ਕਰਨ ਵਾਲਾ ਤੱਥ ਇਹ ਹੈ ਕਿ ਇਹ ਦਰਿੰਦੇ ਪੈਸੇ ਅਤੇ ਰਾਜਨੀਤਿਕ ਪਹੁੰਚ ਕਾਰਨ ਪਾਕ ਸਾਫ ਬਰੀ ਹੋ ਜਾਂਦੇ ਹਨ। ਜਦੋਂ ਕਿ ਪੀੜਤ ਬੱਚਾ ਸਾਰੀ ਜ਼ਿੰਦਗੀ ਉਸ ਘਟਨਾ ਵਿਚੋਂ ਬਾਹਰ ਨਹੀਂ ਨਿਕਲ ਸਕਦਾ। ਸੁਸ਼ੀਲ ਦੁਸਾਂਝ ਆਪਣੇ ਕਾਲਮਾਂ ਵਿਚ ਇਸ ਮਸਲੇ ਨੂੰ ਉਠਾਉਂਦਾ ਹੈ।

"ਬਾਲਪਨ ਕਿਸ ਕਦਰ ਅਸੁਰੱਖਿਆ ਦੇ ਘੇਰੇ ਵਿਚ ਹੈ, ਇਸ ਦਾ ਅੰਦਾਜ਼ਾ ਦਿੱਲੀ ਦੇ ਗੈਰ ਸਰਕਾਰੀ ਸੰਗਠਨ 'ਰਾਹੀਂ' ਦੇ ਇਕ ਸਰਵੇ ਤੋਂ ਲਗਾਇਆ ਜਾ ਸਕਦਾ ਹੈ। ਸਰਵੇ ਮੁਤਾਬਿਕ 76 ਫੀਸਦੀ ਇਸਤਰੀਆਂ ਆਪਣੇ ਬਚਪਨ ਵਿਚ ਹੀ ਯੌਨ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ। ਇਨ੍ਹਾਂ ਵਿਚੋਂ 31ਫੀਸਦੀ ਨਾਲ ਕੁਕਰਮ ਉਨ੍ਹਾਂ ਦੇ ਨੇੜਲੇ ਲੋਕਾਂ ਵਲੋਂ ਕੀਤਾ ਜਾਂਦਾ ਹੈ ਜਦੋਂ ਕਿ 40 ਫੀਸਦੀ ਕੁਕਰਮੀ ਉਨ੍ਹਾਂ ਦੇ ਆਪਣੇ ਹੀ ਪਰਿਵਾਰ ਵਿਚੋਂ ਹੁੰਦੇ ਹਨ।"

ਇਹ ਤੱਥ ਦਿਲ ਹਿਲਾ ਦੇਣ ਵਾਲੇ ਹਨ। ਸੋਚਿਆ ਜਾਵੇ ਤਾਂ ਫਿਰ ਬੱਚੀਆਂ ਸੁਰੱਖਿਅਤ ਕਿੱਥੇ ਹਨ? ਸੁਸ਼ੀਲ ਦੁਸਾਂਝ ਅਨੁਸਾਰ ਮਾਪੇ ਸਮਾਜ ਵਿਚ ਆਪਣੀ ਝੂਠੀ ਇੱਜ਼ਤ ਖਾਤਰ ਬੋਲਣ ਦੀ ਬਜਾਇ ਚੁੱਪ ਰਹਿਣ ਨੂੰ ਤਰਜੀਹ ਦਿੰਦੇ ਹਨ। ਕਈ ਕੇਸਾਂ ਵਿਚ ਤਾਂ ਬੱਚਿਆਂ ਦੀ ਗੱਲ ਵੱਲ ਧਿਆਨ ਹੀ ਨਹੀਂ ਦਿੱਤਾ ਜਾਂਦਾ। ਉਸ ਅਨੁਸਾਰ ਇਸ ਮਸਲੇ ਦਾ ਹੱਲ ਬੱਚਿਆਂ ਨੂੰ ਸੈਕਸ ਸਿੱਖਿਆ ਦੇਣਾ ਅਤੇ ਮਾਪਿਆਂ ਦਾ ਬੱਚਿਆਂ ਨਾਲ ਮਿੱਤਰਤਾ ਪੂਰਨ ਵਿਵਹਾਰ ਹੋ ਸਕਦਾ ਹੈ।

'ਆਖਾਂ ਜੀਵਾਂ' ਵਿਚ ਪ੍ਰਵਾਸੀ ਭਾਰਤੀਆਂ ਵਲੋਂ ਆਪਣੇ ਸੂਬੇ ਅਤੇ ਪਿੰਡਾਂ ਦੇ ਵਿਕਾਸ ਵਿਚ ਪਾਏ ਯੋਗਦਾਨ ਦੀ ਤਾਰੀਫ ਕੀਤੀ ਗਈ ਹੈ। ਇਸ ਦੇ ਨਾਲ ਹੀ ਉਨ੍ਹਾਂ ਪ੍ਰਤੀ ਸਰਕਾਰਾਂ ਦੀ ਬੇਰੁਖੀ ਨੂੰ ਵੀ ਰੇਖਾਂਕਿਤ ਕੀਤਾ ਗਿਆ ਹੈ। ਅੱਜ ਜਿੱਥੇ ਹਰ ਸੂਬੇ ਦੀ ਸਰਕਾਰ ਬਹੁਕੌਮੀ ਕੰਪਨੀਆਂ ਨੂੰ ਆਪਣੇ ਸੂਬੇ ਵਿਚ ਨਿਵੇਸ਼ ਕਰਨ ਲਈ ਤਲੀਆਂ ਵਿਛਾ ਰਹੀ ਹੈ ਉੱਥੇ ਬਿਨਾਂ ਕਿਸੇ ਲਾਲਚ ਦੇ ਪੰਜਾਬ ਅੰਦਰ ਪ੍ਰਵਾਸੀਆਂ ਵਲੋਂ ਬਣਾਏ ਜਾ ਰਹੇ ਸਕੂਲਾਂ, ਹਸਪਤਾਲਾਂ ਅਤੇ ਖੇਡ ਮੈਦਾਨਾਂ ਦਾ ਕੋਈ ਸਵਾਗਤ ਨਹੀਂ ਕੀਤਾ ਜਾਂਦਾ। ਪ੍ਰਵਾਸੀਆਂ ਦੀਆਂ ਔਕੜਾਂ ਵੱਲ ਕਿਸੇ ਸਰਕਾਰ ਦਾ ਕੋਈ ਧਿਆਨ ਨਹੀਂ ਜਾ ਰਿਹਾ। ਦੁਆਬੇ ਦਾ ਜੰਮਪਲ ਹੋਣ ਕਾਰਨ ਸੁਸ਼ੀਲ ਪ੍ਰਵਾਸੀ ਭਾਰਤੀਆਂ ਦੇ ਯੋਗਦਾਨ ਅਤੇ ਔਕੜਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ। ਉਹ ਕਬੂਤਰਬਾਜ਼ੀ, ਏਜੰਟਾਂ ਦੀ ਧੋਖਾਧੜੀ, ਮੁਸ਼ਕਿਲ ਵੀਜ਼ਾ ਨਿਯਮਾਂ ਅਤੇ ਮਾਲਟਾ ਵਰਗੇ ਕਾਂਡਾਂ ਲਈ ਸਰਕਾਰ ਦੀਆਂ ਗਲਤ ਨੀਤੀਆਂ ਨੂੰ ਦੋਸ਼ੀ ਮੰਨਦਾ ਹੈ। ਸੁਸ਼ੀਲ ਦੁਸਾਂਝ ਪ੍ਰਵਾਸੀਆਂ ਵਲੋਂ ਕਰਵਾਏ ਜਾਂਦੇ ਖੇਡ ਮੇਲਿਆਂ ਦਾ ਸਵਾਗਤ ਕਰਦਾ ਹੈ। ਉਹ ਸਰਕਾਰ ਨੂੰ ਸੱਦਾ ਦਿੰਦਾ ਹੈ ਕਿ ਉਹ ਪ੍ਰਵਾਸੀ ਭਾਰਤੀਆਂ ਦੀ



ਮਦਦ ਨਾਲ ਖੇਡ ਅਕਾਦਮੀਆਂ ਸਥਾਪਿਤ ਕਰੇ ਤਾਂ ਜੋ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਰੁਝਾਨ ਵਾਲੇ ਪਾਸਿਓਂ ਮੋੜਿਆ ਜਾ ਸਕੇ।

ਸਾਹਿਤਕਾਰ ਹੋਣ ਦੇ ਨਾਤੇ ਸੁਸ਼ੀਲ ਦੁਸਾਂਝ ਨੇ 'ਆਖਾਂ ਜੀਵਾਂ' ਵਿਚ ਲੋਕ ਭਾਸ਼ਾਵਾਂ ਦੀ ਹੋ ਰਹੀ ਬੇਕਦਰੀ ਅਤੇ ਕਈ ਬੋਲੀਆਂ ਦੇ ਅਲੋਪ ਹੋਣ ਵੱਲ ਪਾਠਕ ਵਰਗ ਦਾ ਧਿਆਨ ਦਿਵਾਇਆ ਹੈ। ਮਾਪੇ ਅੱਜ ਆਪਣੇ ਬੱਚਿਆਂ ਨੂੰ ਕਿਸੇ ਵੀ ਕੀਮਤ 'ਤੇ ਅੰਗਰੇਜ਼ੀ ਪੜ੍ਹਾਉਣਾ ਚਾਹੁੰਦੇ ਹਨ। ਉਹ ਸਿੱਖਿਆ ਨੂੰ ਪੂਰੀ ਤਰ੍ਹਾਂ ਪੈਸੇ ਨਾਲ ਜੋੜ ਕੇ ਦੇਖਦੇ ਹਨ। ਜਿਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਅੱਜ ਦੀ ਪੀੜ੍ਹੀ ਆਪਣੇ ਸਭਿਆਚਾਰ ਅਤੇ ਸੰਸਕ੍ਰਿਤੀ ਤੋਂ ਕੋਹਾਂ ਦੂਰ ਜਾ ਚੁੱਕੀ ਹੈ। ਇਸ ਤੋਂ ਵੀ ਅੱਗੇ ਕਈ ਭਾਸ਼ਾਵਾਂ ਵਿਸ਼ਵ ਨਕਸ਼ੇ ਤੋਂ ਹੀ ਪੂਰੀ ਤਰ੍ਹਾਂ ਅਲੋਪ ਹੋ ਚੁੱਕੀਆਂ ਹਨ ਅਤੇ ਕਈ ਭਾਸ਼ਾਵਾਂ ਆਖਰੀ ਸਾਹ ਲੈ ਰਹੀਆਂ ਹਨ।

"ਅਮਰੀਕਾ ਅਤੇ ਕੈਨੇਡਾ ਵਿਚ ਸੌ ਸਾਲ ਪਹਿਲਾਂ ਰੈੱਡ ਇੰਡੀਅਨ ਅਤੇ ਐਸਕਿਮੋ ਆਦਿ ਭਾਸ਼ਾਵਾਂ ਸਣੇ 187 ਭਾਸ਼ਾਵਾਂ ਸਨ। ਪਰ ਅੱਜ ਇਨ੍ਹਾਂ ਵਿਚੋਂ ਸਿਰਫ 38 ਭਾਸ਼ਾਵਾਂ ਹੀ ਬਚੀਆਂ ਹਨ। ਬਾਕੀ ਪੂਰੀ ਤਰ੍ਹਾਂ ਲੁਪਤ ਹੋ ਚੁੱਕੀਆਂ ਹਨ। ਆਸਟਰੇਲੀਆ ਵਿਚ ਵੀ 300 ਵਿਚੋਂ ਸਿਰਫ਼ 65 ਭਾਸ਼ਾਵਾਂ ਬਚੀਆਂ ਹਨ, ਇਨ੍ਹਾਂ ਦੇ ਸਾਹ ਵੀ ਬਹੁਤੀ ਤੇਜ਼ ਚਲਦੇ ਨਜ਼ਰੀ ਨਹੀਂ ਆਉਂਦੇ। ਇਸੇ ਤਰ੍ਹਾਂ ਅਲਾਸਕਾ ਵਿਚ 20 ਵਿਚੋਂ ਸਿਰਫ਼ 10 ਭਾਸ਼ਾਵਾਂ ਬਚੀਆਂ ਹਨ।" ਭਾਰਤ ਵਿਚ ਬ੍ਰਿਜ, ਅਵਧੀ, ਮੈਥਿਲੀ ਆਦਿ ਭਾਸ਼ਾਵਾਂ ਖਤਮ ਹੋ ਚੁੱਕੀਆਂ ਹਨ ਅਤੇ ਭੋਜਪੁਰੀ ਆਖਰੀ ਸਾਹ ਲੈ ਰਹੀ ਹੈ। ਇਸ ਲਈ ਸੁਸ਼ੀਲ ਦੁਸਾਂਝ ਮਾਂ ਬੋਲੀ ਪੰਜਾਬੀ ਦੀ ਰਾਖੀ ਲਈ ਸਮੂਹ ਪੰਜਾਬੀਆਂ ਦੇ ਸਾਂਝੇ ਯਤਨਾਂ ਦੀ ਮੰਗ ਕਰਦਾ ਹੈ।

'ਆਖਾਂ ਜੀਵਾਂ' ਕਾਲਮ ਸੰਗ੍ਰਹਿ ਵਿਚ ਬਹੁਕੌਮੀ ਕੰਪਨੀਆਂ ਦੁਬਾਰਾ ਦੇਸ਼ ਦੀ ਆਰਥਿਕਤਾ ਨੂੰ ਖੋਖਲਾ ਕਰਨ ਦੀ ਗੱਲ ਵਾਰ-ਵਾਰ ਆਈ ਹੈ। ਸੁਸ਼ੀਲ ਦੁਸਾਂਝ ਬਹੁਕੌਮੀ ਕੰਪਨੀਆਂ ਦੇ ਪਸਾਰੇ ਤੋਂ ਡਾਢਾ ਚਿੰਤਤ ਹੈ। ਉਸ ਦੇ ਹਰ ਕਾਲਮ ਵਿਚ ਬਹੁਕੌਮੀ ਕੰਪਨੀਆਂ ਦੇ ਮੱਕੜੀ ਜਾਲ ਦੀ ਗੱਲ ਹੈ। ਚਿੰਤਾ ਹੈ ਵੀ ਵਾਜਬ ਕਿਉਂਕਿ ਇਹ ਕੰਪਨੀਆਂ ਭਾਰਤੀ ਲੋਕਾਂ ਦੀ ਸਿਹਤ, ਸਿੱਖਿਆ ਅਤੇ ਆਰਥਿਕਤਾ ਨਾਲ ਖਿਲਵਾੜ ਕਰ ਰਹੀਆਂ ਹਨ ਜੋ ਪਰੋਡਕਟਸ ਭਾਰਤੀ ਲੋਕਾਂ ਨੂੰ ਮੁਹੱਈਆ ਕਰਵਾਏ ਜਾ ਰਹੇ ਹਨ। ਉਹ ਵਿਸ਼ਵ ਪੱਧਰੀ ਮਿਆਰ 'ਤੇ ਪੂਰੇ ਨਹੀਂ ਉਤਰਦੇ। ਕੋਕਾ ਕੋਲਾ - ਪੈਪਸੀ ਠੰਡਿਆਂ ਰਾਹੀਂ ਲੋਕਾਂ ਵਿਚ ਨਿਰਾ ਜ਼ਹਿਰ ਵੰਡਿਆ ਜਾ ਰਿਹਾ ਹੈ। ਫਿਲਮੀ ਸਿਤਾਰਿਆਂ, ਕ੍ਰਿਕਟਰਾਂ ਦੀ ਮੱਦਦ ਲੈ ਕੇ ਪ੍ਰਚਾਰ ਰਾਹੀਂ ਇਹ ਕੰਪਨੀਆਂ ਆਪਣੀ ਜ਼ਹਿਰ ਭਾਰਤੀ ਬਾਜ਼ਾਰ ਵਿਚ ਸ਼ਰੇਆਮ ਵੇਚ ਰਹੀਆਂ ਹਨ। ਭ੍ਰਿਸ਼ਟ ਲੀਡਰਾਂ ਅਤੇ ਸਰਕਾਰਾਂ ਦੀ ਮੱਦਦ ਨਾਲ ਇਹ ਕੰਪਨੀਆਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੀਆਂ ਹਨ ਅਤੇ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੀਆਂ ਹਨ। ਹਰ ਪ੍ਰੋਡਕਟਸ ਲਾਗਤ ਨਾਲੋਂ 100 ਫੀਸਦੀ ਮੁਨਾਫੇ 'ਤੇ ਵੇਚਿਆ ਜਾ ਰਿਹਾ ਹੈ। ਕੋਕਾ-ਪੈਪਸੀ ਵਿਚ ਕੀਟਨਾਸ਼ਕਾਂ ਦੀ ਵਰਤੋਂ ਦੇ ਸਿੱਧ ਹੋਣ ਦੇ

ਬਾਵਜੂਦ ਇਸ ਦੀ ਵਿਕਰੀ 'ਤੇ ਕੋਈ ਪਾਬੰਦੀ ਆਦਿ ਨਹੀਂ ਕੀਤੀ ਗਈ। ਇਸੇ ਬਾਰੇ ਵਿਅੰਗ ਕਰਦਿਆਂ ਸੁਸ਼ੀਲ ਦੁਸਾਂਝ ਲਿਖਦਾ ਹੈ –

"ਸੈਂਟਰ ਫਾਰ ਸਾਇੰਸਜ਼ ਐਂਡ ਐਨਵਾਇਰਮੈਂਟ (ਸੀ. ਏ. ਐੱਸ. ਸੀ.) ਨੇ ਠੰਡਿਆਂ ਵਿਚ ਜ਼ਹਿਰੀਲੇ ਤੱਤਾਂ ਦੀ ਮੌਜੂਦਗੀ ਨੂੰ ਪ੍ਰਮਾਣਤ ਕਰਕੇ ਸਰਕਾਰ ਨੂੰ ਕਟਹਿਰੇ ਵਿਚ ਲਿਆ ਖੜਾ ਕੀਤਾ ਹੈ। ਕੁਝ ਬੁਨਿਆਦੀ ਸਵਾਲ ਹਨ। ਆਓ ਇਨ੍ਹਾਂ ਦੇ ਰੂ-ਬ-ਰੂ ਹੋਈਏ। ਸਭ ਤੋਂ ਮਹੱਤਵਪੂਰਨ ਅਤੇ ਅਜੀਬ ਗੱਲ ਇਹ ਹੋਈ ਕਿ ਜਦੋਂ ਪਹਿਲਾਂ ਠੰਡਿਆਂ ਵਿਚ ਕੀਟਨਾਸ਼ਕ ਹੋਣ ਦੀ ਗੱਲ ਸਾਹਮਣੇ ਆਈ ਤਾਂ ਤੁਰੰਤ ਸੰਸਦ ਭਵਨ ਦੀ ਕੰਟੀਨ ਵਿਚ ਇਨ੍ਹਾਂ 'ਤੇ ਰੋਕ ਲਗਾ ਦਿੱਤੀ ਗਈ। ਪੰਜਾਬ ਵਿਧਾਨ ਸਭਾ ਦੀ ਕੰਟੀਨ ਵਿਚ ਵੀ ਇਹ ਪਾਬੰਦੀ ਲਗਾ ਦਿੱਤੀ ਗਈ। ਕੀ ਇਸ ਤੋਂ ਇਹ ਸਮਝਿਆ ਜਾਵੇ ਕਿ ਸੰਸਦ ਭਵਨ ਜਾਂ ਪੰਜਾਬ ਵਿਧਾਨ ਸਭਾ ਵਿਚ ਬੈਠਣ ਵਾਲੇ ਤਾਂ ਮਨੁੱਖ ਹਨ ਪਰ ਬਾਕੀ ਭਾਰਤ ਵਾਸੀ ਕੀੜੇ-ਮਕੌੜੇ।"

'ਆਖਾਂ ਜੀਵਾਂ' ਕਾਲਮ ਸੰਗ੍ਰਹਿ ਵਿਚ ਸੁਸ਼ੀਲ ਦੁਸਾਂਝ ਨੇ ਉਦਾਹਰਨਾਂ ਦੇ ਕੇ ਬਹੁਕੌਮੀ ਕੰਪਨੀਆਂ ਦੇ ਅਸਲ ਮਨਸੂਬਿਆਂ ਨੂੰ ਨੰਗਾ ਕਰਨ ਦਾ ਯਤਨ ਕੀਤਾ ਹੈ। ਅੱਜ ਇਹ ਕੰਪਨੀਆਂ ਸੋਚੀ ਸਮਝੀ ਸਾਜ਼ਿਸ਼ ਤਹਿਤ ਦੇਸ਼ ਦੇ ਆਰਥਿਕ ਢਾਂਚੇ ਦੇ ਨਾਲ਼-ਨਾਲ਼ ਵਿੱਦਿਆ, ਸਿਹਤ ਅਤੇ ਜਨਸੰਚਾਰ ਸਾਧਨਾਂ 'ਤੇ ਕਾਬਜ਼ ਹੋ ਰਹੀਆਂ ਹਨ। ਦੇਸ਼ ਦੁਬਾਰਾ ਫਿਰ ਗੁਲਾਮੀ ਵੱਲ ਜਾ ਰਿਹਾ ਹੈ। ਅਠਾਰਵੀਂ ਸਦੀ ਵਿਚ ਇੰਗਲੈਂਡ ਦੀ ਇੱਕੋ-ਇਕ ਵਪਾਰਕ ਕੰਪਨੀ 'ਬ੍ਰਿਟਸ਼ ਈਸਟ ਇੰਡੀਆ ਕੰਪਨੀ' ਨੇ ਭਾਰਤ ਨੂੰ ਤਕਰੀਬਨ ਦੋ ਸੌ ਸਾਲ ਗੁਲਾਮ ਬਣਾ ਕੇ ਰੱਖਿਆ ਸੀ। ਅੱਜ ਵਿਦੇਸ਼ੀ ਕੰਪਨੀਆਂ ਦੀ ਭਰਮਾਰ ਕੀ ਗੁੱਲ ਖਿਲਾਏਗੀ ਇਹ ਆਉਣ ਵਾਲਾ ਵਕਤ ਹੀ ਦੱਸੇਗਾ।

'ਆਖਾਂ ਜੀਵਾਂ' ਵਿਚ ਸੁਸ਼ੀਲ ਦੁਸਾਂਝ ਇਸ ਗੁਲਾਮੀ ਦੇ ਖਿਲਾਫ਼ ਕਈ ਥਾਵਾਂ 'ਤੇ ਲੜਾਈ ਦਾ ਸੱਦਾ ਦਿੰਦਾ ਹੈ। ਸੁਸ਼ੀਲ ਦੁਸਾਂਝ ਆਪਣੇ ਸੰਗ੍ਰਹਿ ਦੀ ਸਮਾਪਤੀ ਵੀ ਸੰਘਰਸ਼ ਨਾਲ ਸੰਬੰਧਿਤ ਕਾਲਮ ਲਿਖ ਕੇ ਹੀ ਕਰਦਾ ਹੈ। ਉਹ ਦੇਸ਼ ਦੇ ਹਰ ਵਰਗ ਨੂੰ ਸਾਂਝਾ ਸੰਘਰਸ਼ ਕਰਨ ਦਾ ਹੋਕਾ ਦਿੰਦਾ ਹੈ। ਉਹ ਆਪਣੇ ਕਾਲਮ 'ਬੜੇ ਚਾਲਾਕ ਸੌਦਾਗਰ ਨੇ ਸਾਰੇ' ਵਿਚ ਸੰਘਰਸ਼ ਦਾ ਬਿਗਲ ਵਜਾਉਂਦਾ ਹੈ।

ਇਸ ਤਰ੍ਹਾਂ ਨਾਲ ਸੁਸ਼ੀਲ ਦੁਸਾਂਝ ਸਮਿਆਂ ਦੀ ਮੰਗ ਨੂੰ ਸਮਝਦਾ ਹੋਇਆ ਸੰਘਰਸ਼ਾਂ ਦੇ ਰਾਹ ਚੱਲਣ ਦਾ ਅਹਿਦ ਕਰਦਾ ਹੈ ਅਤੇ ਪੂਰੀ ਲੋਕਾਈ ਨੂੰ ਨਾਲ ਚੱਲਣ ਦਾ ਸੱਦਾ ਦਿੰਦਾ ਹੈ ਤਾਂ ਜੋ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਫਸਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਟੁੱਕਿਆ ਜਾ ਸਕੇ। ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪਰਣਾਇਆ ਹੋਣ ਕਾਰਨ ਸੁਸ਼ੀਲ ਦੁਸਾਂਝ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਦੀ ਮੁਖਾਲਫ਼ਤ ਕਰਦਾ ਹੈ। ਉਹ ਆਪਣੇ ਜ਼ਿਹਨ ਅੰਦਰ ਵਰਗ ਰਹਿਤ ਸਮਾਜ ਦੀ ਸਿਰਜਣਾ ਦਾ ਸੁਪਨਾ ਸੰਜੋਏ ਹੋਏ ਹੈ। ਇਸ ਲਈ ਉਸਦੇ ਸਾਰੇ ਦੇ ਸਾਰੇ ਕਾਲਮ ਕਿਸੇ ਨਾਲ ਕਿਸੇ ਤਰ੍ਹਾਂ ਦੀ ਲੋਕ ਸਮੱਸਿਆ ਨਾਲ ਜੁੜੇ ਹੋਏ ਹਨ।

ਸੁਸ਼ੀਲ ਦੁਸਾਂਝ ਦੇ ਕਾਲਮਾਂ ਬਾਰੇ ਵਿਚਾਰ ਪ੍ਰਗਟ ਕਰਦਿਆਂ ਪੁਸਤਕ ਦੇ ਮੁੱਖ ਬੰਦ



ਵਿਚ ਰਮਨ ਨੇ ਲਿਖਿਆ ਹੈ –

"ਸੁਸ਼ੀਲ ਦੁਸਾਂਝ ਆਪਣੇ ਕਾਲਮਾਂ ਵਿਚ ਸਮਕਾਲੀ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ ਅਤੇ ਸਭਿਆਚਾਰਕ ਵਿਸ਼ਿਆਂ ਉੱਪਰ ਇਸ ਤਰ੍ਹਾਂ ਚਰਚਾ ਕਰਦਾ ਹੈ ਕਿ ਆਮ ਆਦਮੀ ਹਮੇਸ਼ਾ ਇਨ੍ਹਾਂ ਦੇ ਕੇਂਦਰ ਵਿਚ ਖੜਾ ਦਿਖਾਈ ਦਿੰਦਾ ਹੈ। ਨਾਂਮੁਖੀ ਵਰਤਾਰਿਆਂ ਪ੍ਰਤੀ ਉਹ ਕੇਵਲ ਆਪਣੇ ਪਾਠਕ ਨੂੰ ਸੁਚੇਤ ਹੀ ਨਹੀਂ ਕਰਦਾ ਸਗੋਂ ਲੋਹੜੇ ਦੀ ਫਿਕਰਮੰਦੀ ਦਾ ਇਜ਼ਹਾਰ ਵੀ ਕਰਦਾ ਹੈ। ਵਿਸ਼ੇ ਦੀ ਗੰਭੀਰਤਾ ਦਾ ਇਸ਼ਾਰਾ ਤਾਂ ਉਹ ਕਾਲਮ ਦੇ ਸਿਰਲੇਖ ਵਿਚ ਹੀ ਦੇ ਦਿੰਦਾ ਹੈ। ਜੋ ਕਿ ਕਿਸੇ ਚਰਚਿਤ ਸ਼ਿਅਰ ਦਾ ਭਾਵਪੂਰਤ ਮਿਸਰਾ ਹੁੰਦਾ ਹੈ। ਸੁਸ਼ੀਲ ਦੁਸਾਂਝ ਅਕਸਰ ਇਸਨੂੰ ਗੁੱਝੇ ਕਟਾਖਸ਼ ਵਜੋਂ ਵਰਤਦਾ ਹੈ। ਅਜਿਹਾ ਕਰਕੇ ਉਹ ਇੱਕ ਪਾਸੇ ਮਨੁੱਖੀ ਜੀਵਨ ਵਿਚ ਵਿਕ੍ਰਿਤੀਆਂ ਪੈਦਾ ਕਰਨ ਵਾਲਿਆਂ ਦਾ ਦੰਭ ਉਘਾੜਦਾ ਹੈ, ਦੂਜੇ ਪਾਸੇ ਆਪਣੀ ਵਿਲੱਖਣ ਕਾਲਮ ਸ਼ੈਲੀ ਦੀ ਸਿਰਜਣਾ ਵੀ ਕਰਦਾ ਹੈ।

'ਆਖਾਂ ਜੀਵਾਂ' ਨੂੰ ਦਿਲਚਸਪ ਬਣਾਉਣ ਲਈ ਸੁਸ਼ੀਲ ਦੁਸਾਂਝ ਨੇ ਢੁੱਕਵੇਂ ਸ਼ਿਅਰਾਂ ਦੀ ਭਰਪੂਰ ਵਰਤੋਂ ਕੀਤੀ ਹੈ। ਉਸਨੇ ਲੋਕ ਤੁਕਾਂ ਦਾ ਪ੍ਰਯੋਗ ਕਰਕੇ ਆਪਣੇ ਕਾਲਮਾਂ ਨੂੰ ਖਿੱਚ ਭਰਪੂਰ ਬਣਾਇਆ ਹੈ। ਇਸ ਪੁਸਤਕ ਵਿਚ ਮੁਹਾਵਰਿਆਂ ਦੀ ਵਰਤੋਂ ਨੇ ਇਸ ਦੇ ਰੂਪਕ ਪੱਖ ਵਿਚ ਵਾਧਾ ਕੀਤਾ ਹੈ। ਜਿਵੇਂ 'ਸਰਘੀ ਨੂੰ ਅਰਘ ਦੇਣਾ' 'ਰੋਸ਼ਨੀ ਦੇ ਦੀਵੇ ਬਾਲਣੇ' ਆਦਿ। ਸੁਸ਼ੀਲ ਕੋਲ ਸ਼ਬਦਾਂ ਦਾ ਭੰਡਾਰ ਹੈ, ਉਹ ਨਵੇਂ-ਨਵੇਂ ਸ਼ਬਦਾਂ ਦਾ ਪ੍ਰਯੋਗ ਕਰਕੇ ਪਾਠਕਾਂ ਅੰਦਰ ਉਤਸੁਕਤਾ ਪੈਦਾ ਕਰਦਾ ਹੈ। ਉਸਨੇ ਗੰਭੀਰ ਤੋਂ ਗੰਭੀਰ ਮਸਲਿਆਂ ਨੂੰ ਆਪਣੀ ਸਿੱਧੀ ਸਾਦੀ ਭਾਸ਼ਾ ਨਾਲ ਖਿੱਚ ਭਰਪੂਰ ਬਣਾਇਆ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਸੁਸ਼ੀਲ ਦੁਸਾਂਝ ਦਾ ਕਾਲਮ ਸੰਗ੍ਰਹਿ 'ਆਖਾਂ ਜੀਵਾਂ' ਇਕ ਸਫਲ ਰਚਨਾ ਹੈ। ਜਿਸ ਵਿਚ ਸਮਾਜ ਨਾਲ ਜੁੜੇ ਮਸਲਿਆਂ ਨੂੰ ਬੜੀ ਹੀ ਸੰਜੀਦਗੀ ਨਾਲ ਉਠਾਇਆ ਗਿਆ ਹੈ। ਕੰਨਿਆ ਭਰੂਣ ਹੱਤਿਆ, ਇਸਤਰੀ, ਬੱਚਿਆਂ, ਦਲਿਤਾਂ ਦੀ ਮਾੜੀ ਅਵਸਥਾ, ਸਿੱਖਿਆ, ਸਿਹਤ ਸਹੂਲਤਾਂ ਦਾ ਨਿੱਜੀਕਰਨ ਅਤੇ ਵਪਾਰੀਕਰਨ ਆਦਿ ਸਮਾਜਿਕ ਮਸਲਿਆਂ ਨੂੰ ਉਠਾਇਆ ਗਿਆ ਹੈ। ਇਸ ਦੇ ਨਾਲ ਹੀ ਬਹੁਕੌਮੀ ਕੰਪਨੀਆਂ ਦੁਆਰਾ ਦੇਸ਼ ਦੀ ਆਰਥਿਕਤਾ ਨੂੰ ਤਬਾਹ ਕਰਨ ਦੀਆਂ ਨੀਤੀਆਂ ਅਤੇ ਇਨ੍ਹਾਂ ਨਾਲ ਸਰਕਾਰਾਂ ਦੀ ਮਿਲੀਭੁਗਤ ਅਤੇ ਭ੍ਰਿਸ਼ਟਾਚਾਰ 'ਤੇ ਸਿੱਧੀ ਉਂਗਲ ਧਰੀ ਹੈ। ਸੁਸ਼ੀਲ ਦੁਸਾਂਝ ਅਗਾਂਹਵਧੂ ਵਿਚਾਰਧਾਰਾ ਦਾ ਧਾਰਨੀ ਹੋਣ ਕਾਰਨ ਹਰ ਗੱਲ ਨੂੰ ਸਪੱਸ਼ਟ ਅਤੇ ਕਲਾਮਈ ਸ਼ਬਦਾਂ ਵਿਚ ਕਹਿੰਦਾ ਹੈ। ਉਸਦੇ ਕਾਲਮਾਂ ਦੀ ਲੋਕਪ੍ਰਿਯਤਾ ਉਸ ਦੀ ਨਰੋਈ ਸੋਚ ਅਤੇ ਪ੍ਰਤਿਭਾ ਦਾ ਸਬੂਤ ਹੈ। ਉਮੀਦ ਹੈ ਕਿ ਸੁਸ਼ੀਲ ਦੁਸਾਂਝ ਅੱਗੇ ਵੀ ਇਸੇ ਸ਼ਿੱਦਤ ਨਾਲ ਕਾਲਮ ਲਿਖਦਾ ਰਹੇਗਾ ਅਤੇ ਆਪਣੇ ਪਾਠਕਾਂ ਅਤੇ ਜਨਸਾਧਾਰਨ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਸੁਚੇਤ ਕਰਦਾ ਰਹੇਗਾ। •

**ਪਿੰਡ-ਡਾਕਖਾਨਾ ਖੀਵਾ ਕਲਾਂ (ਮਾਨਸਾ)**

# ਸੰਪਾਦਕੀ ਟਿੱਪਣੀ ਦਾ ਅਸਰ

ਸੇਵਾ ਵਿਖੇ,

ਵੀ. ਕੇ. ਭੰਵਰਾ
ਪੁਲਸ ਮੁਖੀ
ਕਪੂਰਥਲਾ

ਵਿਸ਼ਾ :- ਇੱਕ ਕਾਮਰੇਡ ਵਲੋਂ ਗਾਲ੍ਹਾਂ ਕੱਢਣ ਸੰਬੰਧੀ।

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਜ਼ਿਲਾ ਕਪੂਰਥਲਾ ਦੇ ਅਧੀਨ ਪੈਂਦੇ ਫੱਤੂ ਚੱਕ ਵਿਖੇ ਰਹਿੰਦਾ ਰਿਟਾਇਰਡ ਮਾਸਟਰ ਹਰਭਜਨ ਸਿੰਘ ਹੁੰਦਲ, ਜੋ ਕਿ ਇੱਕ ਕਾਮਰੇਡ ਹੈ ਅਤੇ ਤਿੰਨ ਮਹੀਨੇ ਪਿੱਛੋਂ 'ਚਿਰਾਗ਼' ਨਾਂ ਦਾ ਰਸਾਲਾ ਕੱਢਦਾ ਹੈ। ਉਹ ਹਰ ਸਮੇਂ ਦੀਆਂ ਸਰਕਾਰਾਂ ਅਤੇ ਲੇਖਕਾਂ ਦੇ ਖਿਲਾਫ਼ ਆਪਣੇ ਰਸਾਲੇ ਵਿਚ ਆਮ ਕਰਕੇ ਟਿੱਪਣੀਆਂ ਕਰਦਾ ਰਹਿੰਦਾ ਹੈ। ਆਪਣੇ ਰਸਾਲੇ ਦੇ ਤਾਜ਼ਾ ਅੰਕ ਵਿਚ ਉਸਨੇ ਸੰਪਾਦਕੀ ਲਿਖਦਿਆਂ ਮੇਰੇ ਉੱਤੇ ਟਿੱਪਣੀ ਕੀਤੀ ਹੈ। ਇਸ ਸੰਬੰਧ ਵਿਚ ਜਦੋਂ ਮੈਂ ਉਸ ਨੂੰ ਫੋਨ ਕਰਕੇ ਸ਼ਿਕਵਾ ਕੀਤਾ ਤਾਂ ਉਸਨੇ ਗੰਦੀਆਂ ਗਾਲ੍ਹਾਂ ਕੱਢਣੀਆਂ ਸ਼ੁਰੂ ਕੀਤੀਆਂ ਤੇ ਧਮਕੀਆਂ ਵੀ ਦਿੱਤੀਆਂ। ਉਸਦੇ ਦੁਰ-ਵਿਹਾਰ ਦਾ ਮੈਂ ਭਾਵੇਂ ਗੁੱਸਾ ਨਹੀਂ ਕਰਦਾ ਪ੍ਰੰਤੂ ਆਪ ਜੀ ਦੇ ਧਿਆਨ ਵਿਚ ਲਿਆਉਂਦਿਆਂ ਅਤਿ ਜ਼ਰੂਰੀ ਸਮਝਦਾ ਹਾਂ ਕਿ ਇਹੋ ਜਿਹੇ ਗ਼ਲਤ ਅਨਸਰ ਇਸ ਜ਼ਿਲ੍ਹੇ ਵਿਚ ਹੀ ਰਹਿੰਦੇ ਹਨ ਜੋ ਆਪਣੀ ਕਲਮ ਦੀ ਦੁਰਵਰਤੋਂ ਕਰਦੇ ਹਨ।

ਮੈਂ ਪੰਜਾਬ ਸਰਕਾਰ ਦੇ ਰਾਜ ਸਲਾਹਕਾਰ ਬੋਰਡ ਦਾ ਮੈਂਬਰ ਹਾਂ ਅਤੇ 30 ਪੁਸਤਕਾਂ ਲਿਖ ਚੁੱਕਾ ਹਾਂ ਅਤੇ 30 ਸਾਲ ਮੇਰੀ ਉਮਰ ਵੀ ਨਹੀਂ ਹੈ, ਇਸ ਕਰਕੇ ਬੁੱਢੇ ਲੇਖਕ ਅਕਸਰ ਹੀ ਮੇਰੇ ਨਾਲ ਈਰਖਾ ਕਰਦੇ ਰਹਿੰਦੇ ਹਨ। ਹਰਭਜਨ ਸਿੰਘ ਹੁੰਦਲ ਦੇਰ ਤੋਂ ਚਾਹੁੰਦਾ ਹੈ ਕਿ ਉਸਨੂੰ ਸਰਕਾਰ ਇਸ ਕਮੇਟੀ ਦਾ ਮੈਂਬਰ ਬਣਾਵੇ, ਪਰ ਉਸਨੂੰ ਕਦੇ ਮੈਂਬਰ ਨਹੀਂ ਬਣਾਇਆ ਗਿਆ। ਆਪ ਜੀ ਦੇ ਧਿਆਨ ਵਿਚ ਉਪਰੋਕਤ ਗੱਲਾਂ ਲਿਆਉਣੀਆਂ ਮੈਂ ਆਪਣਾ ਫਰਜ਼ ਸਮਝਦਾ ਹਾਂ।

ਸਤਿਕਾਰ ਸਹਿਤ, ਨਿੰਦਰ ਘੁਗਿਆਣਵੀ
ਪਿੰਡ ਤੇ ਡਾਕ. ਘੁਗਿਆਣਾ ਜ਼ਿਲ੍ਹਾ ਫਰੀਦਕੋਟ
ਫੋਨ ਨੰ. 94174-21700

## ਹੋਇਆ ਕੀ?

ਚਿਰਾਗ਼ ਦੇ ਅੰਕ ਨੰ. 61 ਜੁਲਾਈ-ਸਤੰਬਰ 2007 ਵਿਚਲੀ ਟਿੱਪਣੀ 'ਪੁਰਸਕਾਰ ਸਲਾਹਕਾਰ ਕਮੇਟੀਆਂ' ਪੜ੍ਹ ਕੇ, ਜਿਸ ਵਿਚ ਘੁਗਿਆਣਵੀ ਬਾਰੇ ਸੰਕੇਤ ਸੀ। ਉਸਨੇ ਮਿਤੀ 22-8-07 ਨੂੰ ਪਟਿਆਲਾ ਯੂਨੀਵਰਸਿਟੀ ਵਿਚ, ਆਪਣੇ ਦੋਸਤਾਂ ਨਾਲ ਸ਼ਰਾਬ ਪੀ ਕੇ ਇਸ ਸੰਪਾਦਕੀ ਬਾਰੇ ਮੈਨੂੰ ਗਾਲ੍ਹਾਂ ਕੱਢੀਆਂ ਤੇ ਕਿਹਾ ਕਿ ਮੈਂ ਤੈਨੂੰ ਭਾਸ਼ਾ ਵਿਭਾਗ ਦਾ ਸ਼੍ਰੋਮਣੀ ਪੁਰਸਕਾਰ ਨਹੀਂ ਲੈਣ ਦਿਆਂਗਾ। ਤੂੰ ਹਰ ਇੱਕ ਦੇ ਖਿਲਾਫ਼ ਲਿਖਦਾ ਰਹਿੰਦਾ ਹੈ। ਇਸ ਪਿੱਛੋਂ ਸ਼ਰਾਬੀ ਹੋਣ ਕਾਰਨ ਇਸਦਾ ਉਸ ਸ਼ਾਮ ਐਕਸੀਡੈਂਟ ਹੋ ਗਿਆ ਅਤੇ ਇਸਦੇ ਸਿਰ ਵਿਚ ਸੱਟ ਕਾਰਨ ਇਸਨੂੰ ਸੀ. ਐਮ. ਸੀ. ਹਸਪਤਾਲ ਵਿਚ ਦਾਖਲ ਹੋਣਾ ਪਿਆ। ਮੈਨੂੰ ਇਸ ਬਾਰੇ ਉਸਦੇ ਪਿੰਡ ਦੇ ਲੇਖਕ ਨਵਰਾਹੀ ਘੁਗਿਆਣਵੀ ਦਾ ਹਸਪਤਾਲ ਵਿਚੋਂ ਫੋਨ ਆਇਆ ਕਿ ਨਿੰਦਰ ਤੁਹਾਡੇ ਕੋਲੋਂ ਮੁਆਫ਼ੀ ਮੰਗਣੀ ਚਾਹੁੰਦਾ ਹੈ। ਫਿਰ ਉਸਨੇ ਮਿੰਨਤਾਂ ਕਰਦੇ ਹੋਏ ਰੋਣਾ ਸ਼ੁਰੂ ਕਰ ਦਿੱਤਾ ਤੇ ਹੋਏ ਬੀਤੇ ਦੀ ਮੁਆਫ਼ੀ ਮੰਗੀ। ਪਰ ਨਾਲ ਹੀ ਮੇਰੇ ਖਿਲਾਫ਼ ਐਸ. ਪੀ. ਕਪੂਰਥਲੇ ਨੂੰ ਦਰਖਾਸਤ ਲਿਖ ਦਿੱਤੀ। ਦੋ ਸਿਪਾਹੀ ਮਿਤੀ 25-9-07 ਨੂੰ ਮੇਰੇ ਘਰ ਆਏ ਤੇ ਮੇਰੀ ਰਾਏ ਪੁੱਛੀ। ਸਾਰੀ ਗੱਲ ਲਿਖ ਕੇ ਉਹ ਵਾਪਸ ਚਲੇ ਗਏ ਤੇ ਨਿੰਦਰ ਨੇ ਸਿਪਾਹੀਆਂ ਦੇ ਸਾਹਮਣੇ ਮੇਰੇ ਕੋਲੋਂ ਮੁਆਫ਼ੀ ਮੰਗੀ। ਬਾਕੀ ਉਸਦੀ ਲਿਖੀ ਦਰਖਾਸਤ ਹੀ ਦੱਸ ਦਿੰਦੀ ਹੈ ਕਿ ਉਹ ਕਿੱਡਾ ਕੁ ਵੱਡਾ ਲੇਖਕ ਹੈ। •

ਹਰਭਜਨ ਸਿੰਘ ਹੁੰਦਲ, ਸੰਪਾਦਕ





# ਭਾਰਤ ਦੀ ਕਲਾ ਦੇ ਝੁਕਾਅ

ਅੰਮ੍ਰਿਤਾ ਸ਼ੇਰਗਿੱਲ

ਕਿਸੇ ਦੇਸ਼ ਦੀ ਕਲਾ ਇਸ ਦੇ ਲੋਕਾਂ ਦੀ ਮਾਨਸਿਕਤਾ ਦਾ ਪ੍ਰਛਾਵਾਂ ਹੁੰਦੀ ਹੈ। ਉਸ ਕਲਾ ਦੀ ਕਿਸਮ, ਉਸਦੀ ਰਚਨਾਤਮਿਕ ਸ਼ਕਤੀ ਦੀ ਅਮੀਰੀ ਜਾਂ ਗਰੀਬੀ ਨੂੰ ਪ੍ਰਤੀਬਿੰਬਤ ਕਰਦੀ ਹੈ ਤੇ ਉਸ ਕਲਾ ਦੀ ਪ੍ਰਸ਼ੰਸ਼ਾ ਦੀ ਕਿਸਮ, ਬਦਲੇ ਵਿਚ ਉਸਦੇ ਲੋਕਾਂ ਦੇ ਸੁਹਜਾਤਮਿਕ ਅਤੇ ਬੌਧਿਕ ਵਿਕਾਸ ਦੀ ਨਿਸ਼ਾਨੀ ਹੁੰਦੀ ਹੈ। ਸਾਡੇ ਦੇਸ਼ ਵਿਚ ਕਲਾ ਦੀ ਦਸ਼ਾ ਖਾਸ ਤੌਰ 'ਤੇ ਸਭਿਆਚਾਰਕ ਪੁਨਰ-ਜਾਗ੍ਰਤੀ ਦੀ ਪਾਲਣਾ ਕਰਨ ਵੱਲ ਪਬਲਿਕ ਦਾ ਵਤੀਰਾ ਉਤਸ਼ਾਹਹੀਣ ਨਿਰਾਸ਼ਾਮਈ ਹੈ। ਕੋਈ ਕੋਸ਼ਿਸ਼ ਲੋਕਾਂ ਦੀ ਰੁਚੀ ਨੂੰ ਸਿੱਖਿਅਤ ਕਰਨ ਦੀ ਹੋਣੀ ਚਾਹੀਦੀ ਹੈ ਅਤੇ ਸਿੱਟੇ ਵਜੋਂ ਅਸ਼ਲੀਲਤਾ ਕਿਰਤਾਂ ਦੀ ਉਪਜ ਨੂੰ ਸ਼ਕਤੀ ਮਿਲਣੀ ਚਾਹੀਦੀ ਹੈ। ਜਿੰਨੀ ਦੇਰ ਤੀਕ ਵਧੇਰੇ ਗਿਣਤੀ ਵਿਚ ਕਲਾਕਾਰ, ਆਪਣੇ ਗੁਜ਼ਾਰੇ ਲਈ ਪਬਲਿਕ ਦੀ ਨਵੀਂ ਰੁਚੀ ਦੀ ਪੂਰਤੀ ਲਈ ਕੰਮ ਕਰਦੇ ਹਨ। ਸਾਡੀ ਕਲਾ ਦੀ ਪੱਧਰ ਵਿਚ ਵਰਨਣਯੋਗ ਸੁਧਾਰ ਨਹੀਂ ਹੋ ਸਕਦਾ।

ਕਲਾਤਮਿਕ ਆਨੰਦ ਵਾਸਤੇ ਆਪਣੇ ਮਾਡਲਾਂ ਦੀ ਸੁੰਦਰਤਾ ਦੀ ਥਾਂ, ਇੱਕ ਪੇਂਟਿੰਗ ਜਾਂ ਇੱਕ ਬੁੱਤ ਦੀ ਰੰਗਾਤਮਿਕ ਸੁੰਦਰਤਾ ਉੱਤੇ ਨਿਰਭਰ ਕਰਨਾ ਕਲਾ ਦਾ ਊੜਾ-ਐੜਾ ਹੈ। ਕੁਦਰਤੀ ਹੀ ਇਸ ਤਰ੍ਹਾਂ ਦੀ ਪ੍ਰਸੰਸਾ ਉੱਚੇ ਪੱਧਰ ਦੀ ਗੱਲ ਹੈ ਤੇ ਇਸ ਨੂੰ ਪ੍ਰਾਪਤ ਕਰਨਾ ਬਹੁਤ ਮੁਸ਼ਕਿਲ ਹੈ ਅਤੇ ਬੇਹੱਦ ਦੁਰਲੱਭ ਤੇ ਕੀਮਤੀ ਵੀ।

ਭਾਰਤ ਵਿਚ ਕਲਾ ਦੀ ਮੇਰੀ ਆਲੋਚਨਾ, ਪਰੰਪਰਾਵਾਂ ਨਾਲ ਚੰਬੜੇ ਰਹਿਣ ਦੇ ਵਿਰੁੱਧ ਹੈ, ਜਿਹੜੀਆਂ ਪਰੰਪਰਾਵਾਂ ਕਦੇ ਬੜੀਆਂ ਸ਼ਕਤੀਸ਼ਾਲੀ, ਸੁਹਿਰਦ ਅਤੇ ਸ਼ਾਨਦਾਰ ਸਨ ਤੇ ਜਿਹੜੀਆਂ ਹੁਣ ਖੋਖਲੇ ਗੁਰਮੰਤਰਾਂ ਵਰਗੀਆਂ ਕੋਈ ਸ਼ੈਆਂ ਹਨ। ਸਿਵਾਏ ਕੁਝ ਕੁ ਕਲਾਕਾਰਾਂ ਦੇ ਜਿਹਨਾਂ ਦੀ ਐਸੀ ਸ਼ਖ਼ਸੀਅਤ ਹੈ, ਜਿਹੜੀ ਪੁਰਾਣੇ ਰਵਾਇਤੀ ਰੂਪ ਵਿਚੋਂ ਵੀ ਕੋਈ ਨਵੀਂ ਚੀਜ਼ ਸਿਰਜ ਲੈਂਦੇ ਹਨ। ਕਿਉਂਕਿ ਉਹ 1200 ਸਾਲ ਪੁਰਾਣੇ ਭਾਰਤ ਨੂੰ ਦੁਬਾਰਾ ਸਿਰਜਣਾ ਚਾਹੁੰਦੇ ਹਨ। (ਜ਼ਰੂਰੀ ਤੌਰ ਤੇ ਇਹ ਸਵੈ-ਧੋਖਾ ਹੈ) ਅਤੇ ਉਹ ਇਹ ਕੁਝ ਪੱਛਮੀ ਕਲਾ ਦੀ ਪੰਜਵੇਂ ਦਰਜੇ ਦੀ ਗੁਲਾਮਾਂ ਵਾਲੀ ਅਤੇ ਪੁਰਾਣੀ (ਬੁੱਢੀ) ਨਕਲ ਦੇ ਮੁਕਾਬਲੇ ਉੱਤੇ ਕਰਨਾ ਚਾਹੁੰਦੇ ਹਨ। (ਕਿਉਂਕਿ ਬਦਕਿਸਮਤੀ ਨਾਲ ਸਾਡੇ ਵਿਚੋਂ ਬਹੁਤਿਆਂ ਕੋਲ, ਜੋ ਕਲਾ ਸਹੀ ਤੌਰ ਤੇ ਚੰਗੀ ਹੈ ਤੇ ਜੋ ਬਿਲਕੁਲ ਹੀ ਨਿਕੰਮੀ ਹੈ, ਦੇ ਵਿਚਕਾਰ ਪਛਾਣ ਕਰਨ ਦੀ ਸੋਝੀ ਨਹੀਂ ਹੈ।)

ਮੈਂ ਇਹ ਵੇਖਣਾ ਚਾਹੁੰਦੀ ਹਾਂ ਕਿ ਭਾਰਤ ਦੀ ਕਲਾ ਦੋਹਾਂ ਨਾਲੋਂ ਨਾਤਾ ਤੋੜ, ਕੋਈ ਐਸੀ ਕਲਾ ਸਿਰਜੇ, ਜਿਹੜੀ ਏਥੋਂ ਦੀ ਜਾਨਦਾਰ ਮਿੱਟੀ ਨਾਲ ਜੁੜੀ ਹੋਵੇ ਅਤੇ ਫੇਰ ਵੀ ਮੁੱਖ ਤੌਰ ਤੇ ਭਾਰਤੀ ਹੋਵੇ। ਮੈਂ ਨਿਜੀ ਤੌਰ ਤੇ ਖ਼ੁਦ ਰੇਖਾ, ਰੰਗ ਤੇ ਡਿਜ਼ਾਇਨ ਦੇ ਮਾਧਿਅਮ ਰਾਹੀਂ ਲੋਕਾਂ ਦੇ ਜੀਵਨ ਦੀ ਵਿਆਖਿਆਕਾਰ ਬਣਨਾ ਚਾਹੁੰਦੀ ਹਾਂ।

ਖ਼ਾਸ ਤੌਰ ਤੇ ਗਰੀਬ ਅਤੇ ਉਦਾਸ ਲੋਕਾਂ ਦੇ ਜੀਵਨ ਦੀ ਪਰ ਮੈਂ ਇਸ ਸਮੱਸਿਆ ਨੂੰ ਰੰਗਾਂ ਦੀ ਸ਼ੁੱਧਤਾ ਪੱਖੋਂ ਕੁਝ ਵਧੇਰੇ ਹੀ ਅਮੂਰਤ ਪੱਧਰ ਉੱਤੇ ਪਕੜਦੀ ਹਾਂ, ਇਸ ਕਾਰਨ ਨਹੀਂ ਕਿ ਮੈਂ ਮੁੱਖ ਤੌਰ 'ਤੇ ਇੱਕ ਪੇਂਟਰ ਹਾਂ। ਸਗੋਂ ਇਸ ਕਾਰਨ ਕਿ ਮੈਂ ਸਸਤੀ ਜਜ਼ਬਾਤੀ ਅਪੀਲ ਨੂੰ ਘ੍ਰਿਣਾ ਕਰਦੀ ਹਾਂ ਅਤੇ ਇਸ ਲਈ ਮੈਂ ਐਸੀ ਤਸਵੀਰ ਦੀ ਪ੍ਰਚਾਰਕ ਨਹੀਂ ਜੋ ਕੋਈ ਬਾਤ ਪਾਉਂਦੀ ਹੋਵੇ।

ਭਾਰਤ ਵਿਚ ਏਨੀਆਂ ਅਸਚਰਜ ਅਤੇ ਸ਼ਾਨਦਾਰ ਚੀਜ਼ਾਂ ਹਨ,. ਏਨੀਆਂ ਜ਼ਿਆਦਾ ਅਣਵਰਤੀਆਂ ਰੰਗਾਂ ਵਾਲੀਆਂ ਸੰਭਾਵਨਾਵਾਂ ਹਨ ਕਿ ਇਹ ਬੜੀ ਤਰਸ ਦੀ ਗੱਲ ਹੈ ਕਿ ਸਾਡੇ ਵਿਚੋਂ ਬਹੁਤ ਘੱਟ ਲੋਕਾਂ ਨੇ ਇਹਨਾਂ ਵੱਲ ਤੱਕਣ ਦੀ ਤੇ ਵਿਆਖਿਆ ਕਰਨ ਦੀ ਹੋਰ ਵੀ ਘੱਟ ਕੋਸ਼ਿਸ਼ ਕੀਤੀ ਹੈ।

ਅੱਖਾਂ ਦੇ ਹੁੰਦਿਆਂ ਅਸੀਂ ਵੇਖਦੇ ਨਹੀਂ।

ਕੰਨਾਂ ਦੇ ਹੁੰਦਿਆਂ, ਅਸੀਂ ਸੁਣਦੇ ਨਹੀਂ। •

## ਵੰਡ ਦੇ ਅੱਲੇ ਜ਼ਖ਼ਮ

### ਮਿਹਰ ਸਿੰਘ ਰੰਧਾਵਾ

ਹਥਲੀ ਪੁਸਤਕ ਮਿਹਰ ਸਿੰਘ ਰੰਧਾਵਾ ਦੀ ਸੰਨ ਸੰਤਾਲੀ ਦੀਆਂ ਦੇਸ਼-ਵੰਡ ਨਾਲ ਸੰਬੰਧਤ ਯਾਦਾਂ ਦਾ ਸੰਗ੍ਰਹਿ ਹੈ। ਹੈਰਾਨੀ ਦੀ ਗੱਲ ਹੈ ਕਿ ਦੇਸ਼-ਵੰਡ ਦੇ ਸੱਠ ਸਾਲ ਬਾਅਦ, ਯਾਦਾਂ ਦਾ ਇਹ ਸੰਗ੍ਰਹਿ ਸਾਡੇ ਪੇਸ਼ ਹੋਇਆ ਹੈ। ਏਨੇ ਦਹਾਕੇ ਇਹ ਖ਼ੌਫ਼ਨਾਕ ਅਨੁਭਵ ਲੇਖਕ ਦੇ ਚਿੰਤਨ ਅਤੇ ਅਰਧ ਚਿੰਤਨ ਮਨ ਵਿਚ ਰਿੜਕੀਂਦਾ ਰਿਹਾ ਏ ਤੇ ਹੁਣ ਜੋ ਕੁਝ ਕਿਤਾਬ ਦੇ ਪੰਨਿਆਂ ਉੱਤੇ ਅੰਕਿਤ ਹੋਇਆ ਹੈ, ਉਹ ਕਸ਼ੀਦ ਕੀਤਾ ਦਰਦਨਾਕ ਅਨੁਭਵ ਹੈ। ਲੇਖਕ ਵੰਡ ਸਮੇਂ ਨੌਂ ਸਾਲ ਦਾ ਸੀ। ਭਾਵੇਂ ਉਸ ਨੇ ਸਾਰਾ ਕੁਝ ਖੁਦ ਅੱਖੀਂ ਨਹੀਂ ਵੇਖਿਆ, ਪਰ ਆਪਣੇ ਵੱਡੇ-ਵਡੇਰਿਆਂ ਕੋਲੋਂ ਸੁਣ-ਸੁਣਾ ਕੇ ਉਸਨੇ ਉਹਨਾਂ ਸਮਿਆਂ ਦੀ ਦਰਦਨਾਕ ਦਾਸਤਾਨ ਲਿਖ ਕੇ, ਇਸ ਵੱਡੇ ਘੱਲੂਘਾਰੇ ਦੀਆਂ ਦੋ ਚਾਰ ਝਲਕੀਆਂ ਵਿਖਾਲ ਦਿੱਤੀਆਂ ਹਨ। ਵੰਡ ਦੇ ਕਾਰਨ ਲੱਖਾਂ ਹੀ ਲੋਕ ਚੜ੍ਹਦੇ ਤੋਂ ਲਹਿੰਦੇ ਅਤੇ ਲਹਿੰਦੇ ਤੋਂ ਚੜ੍ਹਦੇ ਪੰਜਾਬ ਵਿਚ ਹਿਜਰਤ ਕਰਨ ਲਈ ਮਜਬੂਰ ਹੋਏ ਸਨ। ਲੱਖਾਂ ਹੀ ਲੋਕ ਫਿਰਕੂ ਜਨੂੰਨ ਦੀ ਅੱਗ ਵਿਚ ਮਾਰੇ ਜਾਂ ਲੁੱਟੇ ਗਏ। ਅਫਸੋਸ ਹੈ ਕਿ ਨਿਰਦੋਸ਼ ਮਾਰੇ ਗਏ ਇਹਨਾਂ ਲੋਕਾਂ ਦਾ ਅੱਜ ਕੋਈ ਰਿਕਾਰਡ ਨਹੀਂ ਮਿਲਦਾ।

ਹੌਲ਼ੀ-ਹੌਲ਼ੀ ਵੰਡ ਦਾ ਦੁੱਖ ਝੱਲਣ ਵਾਲੇ ਲੋਕ ਇਸ ਧਰਤੀ ਤੋਂ ਤੁਰੇ ਜਾ ਰਹੇ ਹਨ ਤੇ ਉਹ ਆਪਣੇ ਦਰਦ ਨੂੰ ਵੀ ਨਾਲ ਹੀ ਲਈ ਜਾ ਰਹੇ ਹਨ। ਕਾਸ਼ ਹਰ ਦੁਖਿਆਰਾ ਆਪਣੇ ਇਸ ਦਰਦ ਨੂੰ ਰੰਧਾਵਾ ਜੀ ਵਾਂਗ ਅੰਕਤ ਕਰ ਸਕਦਾ।

ਫਿਰਕੂ ਕਤਲਾਮ ਨਾਲ ਸੰਬੰਧਤ ਕਾਂਡ ਅੱਜ ਵੀ ਲੂੰ ਕੰਡੇ ਕਰ ਦਿੰਦੇ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਫਿਰਕੂ ਝੱਖੜ ਝੁੱਲਣ ਦੇ ਉਹਨਾਂ ਦਿਨਾਂ ਵਿਚ ਵੀ ਅਜਿਹੇ ਚੰਗੇ ਲੋਕ ਖਤਮ ਨਹੀਂ ਸੀ ਹੋ ਗਏ, ਜਿਹਨਾਂ ਨੇ ਆਪਣੇ ਧਾਰਮਿਕ ਵਖਰੇਵੇਂ ਭੁੱਲ ਕੇ ਮਨੁੱਖੀ ਫਰਜ਼ਾਂ ਨੂੰ ਨਿਭਾਇਆ।

ਲੇਖਕ ਦੇ ਪਿਤਾ ਦੇ ਮੁਸਲਮਾਨ ਮਿੱਤਰ ਨੇ ਸਿੱਖ ਸਰਦਾਰਾਂ ਦੀ ਸਾਰੀ ਫਸਲ 'ਤੇ ਕਬਜ਼ਾ ਕਰਨ ਤੋਂ ਨਾਂਹ ਹੀ ਨਹੀਂ ਕੀਤੀ ਸਗੋਂ ਆਪਣੇ ਬਲਦ ਵੀ ਉਨ੍ਹਾਂ ਨੂੰ ਦੇਣ ਦੀ ਪੇਸ਼ਕਸ਼ ਕੀਤੀ ਸੀ ਤਾਂ ਕਿ ਉਸ ਦੇ ਸਿੱਖ ਮਿੱਤਰਾਂ ਨੂੰ ਰਾਹ ਵਿਚ ਕਾਫਲੇ ਸਮੇਂ ਕੋਈ ਔਕੜ ਨਾ ਆਵੇ। ਇੰਝ ਹੀ ਕਾਫਲੇ ਵਿਚ ਉਧਾਲੀ ਲੜਕੀ ਦੀ ਵਾਪਸੀ ਵੀ ਮਨੁੱਖ ਦੀ ਚੰਗਿਆਈ ਵਿਚ ਸਾਡੇ ਵਿਸ਼ਵਾਸ ਨੂੰ ਪੱਕਾ ਕਰਦੀ ਹੈ।

ਰੰਧਾਵਾ ਜੀ ਨੇ ਆਪਣੇ ਕਾਂਡਾਂ ਦੀ ਤਰਤੀਬ ਦੇਣ ਵੇਲੇ ਭਾਵੇਂ ਕੁਝ ਟਪਲਾ ਖਾਧਾ ਲੱਗਦਾ ਪ੍ਰਤੀਤ ਹੁੰਦਾ ਹੈ, ਪਰ ਉਹਨਾਂ ਦਾ ਇਹ ਯਤਨ ਵੰਡ ਨਾਲ ਸੰਬੰਧਤ ਯਾਦਾਂ ਦੇ ਸਮੁੱਚੇ ਸਾਹਿਤ ਵਿਚ ਜ਼ਿਕਰਯੋਗ ਸਥਾਨ ਪ੍ਰਾਪਤ ਕਰੇਗਾ। ਪੁਸਤਕ ਲੋਕ-ਗੀਤ ਪ੍ਰਕਾਸ਼ਨ ਨੇ ਛਾਪੀ ਹੈ। • **ਹਰਭਜਨ ਸਿੰਘ ਹੁੰਦਲ**



## ਜਦ ਜ਼ਖ਼ਮ ਦਵਾਤ ਬਣੇ / ਹਰਮਿੰਦਰ ਸਿੰਘ ਕੋਹਾਰਵਾਲਾ

ਹਰਮਿੰਦਰ ਸਿੰਘ ਕੋਹਾਰਵਾਲਾ ਆਪਣਾ ਨਵਾਂ ਗ਼ਜ਼ਲ ਸੰਗ੍ਰਹਿ 'ਜਦ ਜ਼ਖ਼ਮ ਦਵਾਤ ਬਣੇ' ਲੈ ਕੇ ਪਾਠਕਾਂ ਸਾਹਮਣੇ ਹਾਜ਼ਰ ਹੈ। ਇਸ ਤੋਂ ਪਹਿਲਾਂ ਉਹ ਪਿਛਲੇ ਸਾਲ (2006 ਵਿਚ) 'ਇੱਕ ਲੱਪ ਲਾਵਾ' ਕਾਵਿ ਸੰਗ੍ਰਹਿ ਪ੍ਰਕਾਸ਼ਿਤ ਕਰਵਾ ਚੁੱਕਾ ਹੈ। ਇੱਕ ਲੱਪ ਲਾਵਾ ਵਿਚ ਉਸਨੇ ਕਵਿਤਾਵਾਂ ਅਤੇ ਗ਼ਜ਼ਲਾਂ ਛਪਵਾਈਆਂ ਸਨ। ਇਸ ਗ਼ਜ਼ਲ ਸੰਗ੍ਰਹਿ ਵਿਚ 72 ਬਾਬਹਿਰ ਗ਼ਜ਼ਲਾਂ ਹਨ।

ਕੋਹਾਰਵਾਲਾ ਭਾਵੇਂ ਕਾਫੀ ਸਮੇਂ ਤੋਂ ਗ਼ਜ਼ਲਾਂ ਲਿਖਦਾ ਆ ਰਿਹਾ ਹੈ ਪ੍ਰੰਤੂ ਉਸਨੇ ਪੁਸਤਕ ਛਪਵਾਉਣ ਦੀ ਕਾਹਲ ਨਹੀਂ ਕੀਤੀ। ਉਹ ਫੱਕਰ ਕਿਸਮ ਦਾ ਅਲਬੇਲਾ ਸ਼ਾਇਰ ਹੈ। ਉਹ ਹਮੇਸ਼ਾ ਦਸਮੇਸ਼ੀ ਰਾਹ ਉੱਤੇ ਚੱਲਣ ਵਾਲਾ ਸੰਘਰਸ਼ਸ਼ੀਲ ਜੀਊੜਾ ਹੈ। ਕੋਹਾਰਵਾਲਾ ਸਾਹਮਣੇ ਕੇਵਲ ਮਸ਼ਹੂਰ ਹੋਣਾ ਨਹੀਂ ਸਗੋਂ ਉਹ ਸ਼ਾਇਰੀ ਨੂੰ ਮਾਧਿਅਮ ਬਣਾ ਕੇ ਲੋਕ-ਸਰੋਕਾਰਾਂ ਨੂੰ ਸ਼ਾਇਰੀ ਰਾਹੀਂ ਇੱਕ ਸਨਦ ਵਜੋਂ ਪੇਸ਼ ਕਰਨਾ ਚਾਹੁੰਦਾ ਸੀ। ਕੋਹਾਰਵਾਲਾ ਨੂੰ ਸੁਰਜੀਤ ਪਾਤਰ ਸਿਆਣਪ, ਸੰਖੇਪਤਾ ਤੇ ਸਾਦਗੀ ਦਾ ਸ਼ਾਇਰ ਕਹਿੰਦਾ ਹੈ। ਪਾਤਰ ਪੁਸਤਕ ਦੇ ਆਰੰਭ ਵਿਚ ਲਿਖਦਾ ਹੈ, 'ਹਰਮਿੰਦਰ ਸਿੰਘ ਕੋਹਾਰਵਾਲਾ ਦੀ ਵਡਿਆਈ ਸਿਰਫ਼ ਸੰਖੇਪਤਾ, ਸਿਆਣਪ ਅਤੇ ਅਨੁਭਵ ਵਿਚ ਹੀ ਨਹੀਂ ਹੈ, ਸਗੋਂ ਉਸਦੀ ਕਲਾ ਕੁਸ਼ਲਤਾ ਵਿਚ ਵੀ ਹੈ। ਉਸਦੇ ਸਾਰੇ ਸ਼ਿਅਰ ਕਲਾ ਕੌਸ਼ਲਤਾ ਨਾਲ ਹੀ ਤਰਾਸ਼ੇ ਅਤੇ ਬੀੜੇ ਗਏ ਹਨ। ਉਸਦੀ ਸੋਚ ਵਿਚ ਸਮਾਜਵਾਦ ਦੀ ਸਿਰਜਣਾ ਦਾ ਸੁਪਨਾ ਹੈ।

ਕੋਹਾਰਵਾਲਾ ਸਿਰਫ਼ ਇਸ ਲਈ ਸ਼ਾਇਰੀ ਨਹੀਂ ਕਰਦਾ ਕਿ ਉਹਨੂੰ ਚੰਗਾ ਸ਼ਿਅਰ ਕਹਿਣ ਦੀ ਦਾਦ ਮਿਲੇ ਅਤੇ ਉਹ ਸ਼ਾਇਰੀ ਦੇ ਜ਼ਰੀਏ ਪ੍ਰਸਿੱਧੀ ਪ੍ਰਾਪਤ ਕਰ ਜਾਵੇ। ਬਲਕਿ ਉਸਦੇ ਸਾਹਮਣੇ ਸ਼ਾਇਰੀ ਬਾਬੇ ਨਾਨਕ ਵਰਗਾ ਸ਼ਬਦ-ਹਥਿਆਰ ਹੈ ਜਿਸ ਨਾਲ ਉਹ ਸਮਾਜਿਕ-ਰਾਹਾਂ ਦੀ ਰਾਖੀ ਵੀ ਕਰਦਾ ਹੈ ਅਤੇ ਸ਼ਿਅਰਾਂ ਸ਼ਬਦਾਂ ਨੂੰ ਲੋਕ ਰਾਹਾਂ ਵਿਚ ਮਸਾਲ ਵਜੋਂ ਵੀ ਪੇਸ਼ ਕਰਦਾ ਹੈ। ਗੁਰੂ ਨਾਨਕ ਜੀ ਕਹਿੰਦੇ ਹਨ 'ਧੰਨ ਲਿਖਾਰੀ ਨਾਨਕਾ' ਪਰ ਉਹ ਸਾਰੇ ਲਿਖਾਰੀਆਂ ਨੂੰ ਧੰਨ ਨਹੀਂ ਕਹਿੰਦੇ ਸਗੋਂ ਏਸੇ ਹੀ ਤੁਕ ਦੇ ਅਗਲੇ ਹਿੱਸੇ ਵਿਚ ਸਪੱਸ਼ਟ ਕਰਦੇ ਹਨ ਕਿ 'ਜਿੰਨੀ ਲਿਖਾਇਆ ਸੱਚ' ਭਾਵ ਕਿ ਉਹੀ ਲਿਖਾਰੀ ਧੰਨ ਹੋਣ ਦਾ ਰੁਤਬਾ ਰੱਖਦੇ ਹਨ ਜੋ ਸੱਚ ਪ੍ਰਗਟਾਉਂਦੇ ਹਨ। ਸਰਕਾਰੀਏ-ਦਰਬਾਰੀਏ ਅਤੇ ਜਿਸਮਵਾਦੀ ਦੇਹਵਾਦੀ ਸ਼ਾਇਰ ਧੰਨ ਹੋਣ ਦੇ ਰੁਤਬੇ ਤੱਕ ਪਹੁੰਚ ਨਹੀਂ ਸਕਦੇ। ਉਹ ਗ਼ਜ਼ਲ ਵਿਚ ਸਹਿਜ ਅਤੇ ਸੁਹਜ ਨਾਲ ਸਥਾਪਿਤ ਹੋਇਆ ਹੈ।

ਪੰਜਾਬੀ ਗ਼ਜ਼ਲ ਨੂੰ ਹਰਮਿੰਦਰ ਕੋਹਾਰਵਾਲਾ ਜਿਹੇ ਸ਼ਾਇਰ ਸਪੂਤਾਂ ਉੱਤੇ ਗੌਰਵ ਹੈ, ਜਿਨ੍ਹਾਂ ਨੇ ਗ਼ਜ਼ਲ ਨੂੰ ਹਉਂ ਦੇ ਦਾਇਰੇ ਚੋਂ ਕੱਢ ਕੇ ਲੋਕ-ਜੂਹਾਂ ਤੇ ਖੇਤਾਂ ਤੱਕ ਪਹੁੰਚਾਇਆ ਹੈ। ਉਹ ਲੋਕ ਜੋ ਗ਼ਜ਼ਲ ਨੂੰ ਕੇਵਲ ਰੁਮਾਂਟਿਕਤਾ ਅਤੇ ਅਤਿਭਾਵੁਕਤਾ ਦੇ ਪ੍ਰਗਟਾਵੇ ਵਜੋਂ ਪੇਸ਼ ਕਰਦੇ ਆਉਂਦੇ ਸਨ। ਕੋਹਾਰਵਾਲਾ ਵਰਗੇ ਸ਼ਾਇਰਾਂ ਨੇ ਉਹਨਾਂ ਨੂੰ ਹੀ ਰੱਦ ਕਰ ਦਿੱਤਾ ਅਤੇ ਗ਼ਜ਼ਲ ਨੂੰ ਲੋਕਾਈ ਦੀਆਂ ਅਕਾਂਖਿਆਵਾਂ ਅਤੇ ਥੁੜਾਂ ਦਾ ਪ੍ਰਸੰਗਿਕ ਦਸਤਾਵੇਜ਼ ਬਣਾ ਦਿੱਤਾ। •

ਸੂਰਜ ਅੱਗੇ ਟੁਕੜਾ ਕਾਲੇ ਬੱਦਲ ਦਾ,
ਕਾਰਨ ਬਣਿਆ ਹੈ ਧਰਤੀ 'ਤੇ ਹਲਚਲ ਦਾ।

ਬਣਿਆ ਹੈ ਜੋ ਦਸਤਾ ਅੱਜ ਕੁਹਾੜੇ ਦਾ,
ਉਹ ਵੀ ਨਿਗਦਾ ਹੁੰਦਾ ਸੀ ਇਸ ਜੰਗਲ ਦਾ।

ਉਮਰ ਲੰਬੀ ਹੋਣ ਦਾ ਕੀ ਵਰ ਦਿਆਂ,
ਬੀਤ ਜਾਣੀ ਉਮਰ ਹੀ ਜੇ ਡਰਦਿਆਂ।

ਘਰ ਨੂੰ ਮੂਧਾ ਕਰਕੇ ਧੀਆਂ ਘਰ ਗਈਆਂ,
ਹੰਝੂਆਂ ਨਾਲ ਚੁਗਾਠਾਂ ਕਰਕੇ ਤਰ ਗਈਆਂ।

ਸ਼ਾਇਰ ਕੋਹਾਰਵਾਲਾ ਆਪਣੀਆਂ ਗ਼ਜ਼ਲਾਂ ਵਿਚ ਅਰੂਜ਼ ਦੇ ਬਹਿਰ ਅਤੇ ਪਿੰਗਲ ਦੇ ਛੰਦ ਬਾਖ਼ੂਬੀ ਵਰਤਦਾ ਹੈ। ਉਹ ਛੰਦ ਦੋਹਰਾ ਦਵੱਈਆ ਨੂੰ ਬੜੀ ਪ੍ਰਬੀਣਤਾ ਨਾਲ ਲੈਂਦਾ ਹੈ। ਰਮਲ ਬਹਿਰ ਦਾ ਉਹ ਉਸਤਾਦ ਹੈ। ਉਸਦੀਆਂ ਗ਼ਜ਼ਲਾਂ ਵਿਚਲੇ ਸ਼ਿਅਰ ਵੰਨ-ਸੁਵੰਨੇ ਤੇ ਵੱਖ-ਵੱਖ ਵਿਸ਼ਿਆਂ ਦੇ ਅਨੁਸਾਰੀ ਹਨ ਪਰ ਕੋਈ ਇੱਕ ਵੀ ਸ਼ਿਅਰ ਵਾਫਰ ਅਤੇ ਲੱਚਰ ਨਹੀਂ। ਉਸਦੇ ਸ਼ਿਅਰਾਂ ਵਿਚ ਭਰਤੀ ਨਹੀਂ ਹੈ। ਉਸਦੇ ਕਾਫੀਏ ਅਤੇ ਰਦੀਫ ਕੋਮਲ ਭਾਵੀਂ ਹੁੰਦੇ ਹੋਏ ਵੀ ਗੂਹੜ-ਅਰਥੀ ਹੁੰਦੇ ਹਨ। ਉਹ ਤਿੰਨ ਅੱਖਰੀ ਸ਼ਬਦਾਂ ਨੂੰ ਪੰਜਾਬੀ ਉਚਾਰਨ ਅਨੁਸਾਰ ਬੰਨ੍ਹਦਾ ਹੈ। ਭਾਵੇਂ ਕੋਹਾਰਵਾਲਾ ਪ੍ਰੋੜ ਉਮਰ ਵਿਚ ਗ਼ਜ਼ਲ ਸੰਗ੍ਰਹਿ ਲੈ ਕੇ ਹਾਜ਼ਰ ਹੋਇਆ ਹੈ ਪਰ ਉਹ ਇਸ ਨਾਲ ਵੀ ਨਿਸ਼ਚੇ ਹੀ ਉਹਨਾਂ ਗ਼ਜ਼ਲਗੋਆਂ ਦੀ ਢਾਣੀ ਵਿਚ ਸ਼ੁਮਾਰ ਹੋ ਗਿਆ ਹੈ ਜੋ ਗ਼ਜ਼ਲ ਨੂੰ ਪੰਜਾਬੀਅਤ ਅਤੇ ਲੋਕਧਾਰਾ ਦੀ ਮਹਿਕ ਪ੍ਰਦਾਨ ਕਰਨ ਦੇ ਆਹਰ ਵਿਚ ਹਨ। •

ਸੁਲੱਖਣ ਸਰਹੱਦੀ

## ਸੋਗੀ ਖ਼ਬਰਾਂ

ਪਿਛਲੀ ਤਿਮਾਹੀ ਵਿਚ ਗੁਜ਼ਰ ਗਏ ਪੰਜਾਬੀ ਕਵੀ ਲਾਲ ਸਿੰਘ ਦਿਲ, ਪੱਤਰਕਾਰ ਦਲਬੀਰ ਸਿੰਘ ਅਤੇ ਨਰਿੰਦਰ ਭੁੱਲਰ ਦੀ ਮੌਤ ਦੇ ਦੁੱਖ ਵਿਚ ਭਾਈਵਾਲ ਹੁੰਦੇ ਹੋਏ ਅਸੀਂ ਪੰਜਾਬੀ ਸਾਹਿਤ-ਜਗਤ ਦੇ ਸੋਗ ਵਿਚ ਸ਼ਾਮਲ ਹਾਂ ਅਤੇ ਪਰਿਵਾਰਾਂ ਨਾਲ ਆਪਣਾ ਦਰਦ ਸਾਝਾਂ ਕਰਦੇ ਹਾਂ।

ਸੰਪਾਦਕੀ ਮੰਡਲ ਚਿਰਾਗ਼





# ਦਰਦ ਤੇ ਕਵਿਤਾ

ਅਚਲਾ ਭਾਟੀਆ

**ਅਚਲਾ ਭਾਟੀਆ ਅੰਗਰੇਜ਼ੀ ਵਿਚ ਲਿਖਣ ਵਾਲੀ ਪੰਜਾਬੀ ਸਵਾਣੀ ਹੈ। ਉਹ ਗੌ. ਟਰੇਨਿੰਗ ਕਾਲਜ ਜਲੰਧਰ ਵਿਚ ਅੰਗਰੇਜ਼ੀ ਦੀ ਲੈਕਚਰਾਰ ਹੈ। ਉਸ ਦੀਆਂ ਕਵਿਤਾਵਾਂ ਭਾਰਤ ਦੀਆਂ ਅਖ਼ਬਾਰਾਂ ਅਤੇ ਪੱਤਰਕਾਵਾਂ ਵਿਚ ਛਪ ਚੁੱਕੀਆਂ ਹਨ The Last Smile ਉਸਦਾ ਦੂਸਰਾ ਕਾਵਿ ਸੰਗ੍ਰਹਿ ਹੈ।**

ਉਸਦੀ ਮੁਰਦਾ ਦੇਹ ਨੂੰ ਦੋ ਵੱਡੀਆਂ
ਬਰਫ ਦੀਆਂ ਸਿਲਾਂ ਉਪਰ ਪਈ ਵੇਖ
ਕਵਿਤਾ ਨੇ ਮੇਰੇ ਨਾਲ ਪਹਿਲੀ ਵਾਰ ਹੱਥ
ਮਿਲਾਏ।

ਮੰਗਤੇ ਬੱਚੇ ਦੀਆਂ ਉਦਾਸ
ਤੇ ਪੀਲੀਆਂ ਅੱਖਾਂ ਨੂੰ ਵੇਖ
ਮੇਰਾ ਹਿਰਦਾ ਧੁਰ ਅੰਦਰੋਂ ਡਰ ਗਿਆ
ਤੇ ਕਵਿਤਾ ਮੇਰੇ ਕੋਲ ਆ ਗਈ।

ਤਾਜ਼ੇ ਪੱਤਿਆਂ ਉੱਤੇ ਪਏ
ਤਰੇਲ ਤੁਪਕਿਆਂ ਨੂੰ ਵੇਖ
ਮਾਨਸੂਨ ਦੀ ਠੰਢੀ ਹਵਾ ਦਾ ਫਰਾਟਾ
ਤੇਰੇ ਪਹਿਲੇ ਪੱਤਰ ਦੀ ਯਾਦ
ਭੂਰਾ, ਨਿੰਬਲ ਆਕਾਸ਼
ਅਤੇ ਤੇਰੇ ਨਾਲ ਨਾ ਹੋਣ ਦੀ
ਤਿੱਖੀ ਪੀੜ ਨੇ
ਕਵਿਤਾ ਨੂੰ ਮੇਰੇ ਕੋਲ ਲੈ ਆਂਦਾ।

ਵਰ੍ਹਿਆਂ ਦੇ ਬੀਤਣ ਨਾਲ
ਆਲੇ ਦੁਆਲੇ ਦੇ ਲੋਕਾਂ ਦੀਆਂ
ਖੁਸ਼ੀਆਂ ਅਤੇ ਦੁੱਖ
ਦੋਸਤ ਤੇ ਦੁਸ਼ਮਣ
ਕਰਮਾਂ ਅਤੇ ਪ੍ਰਤੀਕਰਮਾਂ ਦੇ
ਆਪਸੀ ਪ੍ਰਭਾਵ ਕਾਰਨ
ਕਵਿਤਾ ਮੇਰੇ ਕੋਲ ਆ ਬੈਠੀ।

ਜਦੋਂ ਸੰਧਿਆ ਉਤਰਦੀ ਹੈ
ਜਿਵੇਂ ਕੋਈ ਹੌਲੀ ਜਹੀ
ਕੰਨ ਵਿਚ ਗੱਲ ਕਰਦਾ ਹੈ
ਜਿਵੇਂ ਧੁੰਦਲੀ ਜਿਹੀ ਬੱਤੀ ਬਲਦੀ ਹੈ
ਉਦਾਸੀ ਧੁੰਦ ਵਿਚ ਕਿਤੇ ਦੂਰ ਮੈਂ
ਕਵਿਤਾ ਤੇ ਇਨਸਾਨੀ ਦਰਦ ਨੂੰ
ਇੱਕ ਦੂਜੇ ਵਿਚ ਘੁਲਦੇ ਮਿਲਦੇ
ਤੇ ਅਟੁੱਟ ਤੌਰ 'ਤੇ
ਜੁੜਦੇ ਹੋਏ ਅਨੁਭਵ ਕਰਦੀ ਹਾਂ।

Chirag Quarterly Oct - Dec 2007
Registered with the Registrar of News-Papers of India No. PUN-PUN 0 2276/AL/TC94

ਪੰਜਾਬੀ ਸ਼ਾਇਰੀ ਵਿੱਚ ਇੱਕ ਨਵਾਂ ਪ੍ਰਯੋਗ

ਪੰਜਾਬੀ .ਗਜ਼ਲ ਦੇ ਉਸਤਾਦ ਸ਼ਾਇਰ

ਅਤੇ

.ਗਜ਼ਲ-ਸ਼ਾਸ਼ਤਰ ਦੇ ਉੱਘੇ ਵਿਦਵਾਨ

ਦਾ ਜ਼ਿਕਰ-ਯੋਗ ਨਵਾਂ

.ਗਜ਼ਲ ਸੰਗ੍ਰਹਿ

ਬੇੜੀਆਂ ਦਾ ਪੁਲ

ਜਿਸ ਵਿੱਚ ਇੱਕੋ ਬਹਿਰ ਵਿੱਚ

160 .ਗਜ਼ਲਾਂ

ਤੇ 1262 ਸ਼ਿਅਰ

ਸਫੇ 101 ਮੁੱਲ ਕੇਵਲ 45 ਰੁਪਏ

ਨੈਸ਼ਨਲ ਬੁੱਕ ਟਰੱਸਟ, ਇੰਡੀਆ

ਪੁਸਤਕ ਪ੍ਰਾਪਤੀ (ਮੋਬਾਇਲ-94174-84337)